


ਔਰਤ

ਦਸ਼ਾ ਅਤੇ ਦਿਸ਼ਾ

ਚਰਨਜੀਤ ਕੌਰ (ਡਾ.)

ਔਰਤ - ਦਸ਼ਾ ਅਤੇ ਦਿਸ਼ਾ

ਲੇਖਕ
ਚਰਨਜੀਤ ਕੌਰ (ਡਾ.)

PEOPLE'S FORUM
BARGARI PUNJAB
NGO Estd. 2000
ਪੀਪਲਜ਼ ਫ਼ੋਰਮ
ਬਰਗਾੜੀ, ਪੰਜਾਬ
www.peoplesforumpunjab.com

AURAT - DASHA ATE DISHA

Written By
Charanjeet Kaur (Dr.) ©
98883-82910
Associate Professor, Punjabi Deptt.
Punjabi University, Patiala

3051, Urban Estate
Phase-II, Patiala

ਪਹਿਲੀ ਵਾਰ : **ਸਤੰਬਰ, 1997**
ਦੂਜੀ ਵਾਰ : **ਫਰਵਰੀ, 2012**

ਮੁੱਲ: 50/- (ਪੰਜਾਹ ਰੁਪਏ)

ਟਾਈਟਲ : **ਦਰਸ਼ਨ ਟਿੱਬਾ** (94634-88142)

ਪ੍ਰਕਾਸ਼ਕ:
ਪੀਪਲਜ਼ ਫ਼ੋਰਮ (ਰਜਿ.)
ਬਰਗਾੜੀ, ਫਰੀਦਕੋਟ-151208
01635-244053 98729-89313
www.peoplesforumpunjab.com

ਸ਼ਬਦ ਜੜਤ:
ਵੈਕ ਕੰਪਿਊਟਰਜ਼, ਜਲੰਧਰ
ਫ਼ੋਨ : 98140-87063

ਪ੍ਰਿੰਟਰਜ਼:
ਵਾਈਟ ਕ੍ਰਾਸ ਪ੍ਰਿੰਟਰਜ਼, ਜਲੰਧਰ

ਭੂਮਿਕਾ

ਇਕ ਪ੍ਰਸ਼ਨ ਵਾਰ ਵਾਰ ਮੇਰੇ ਮਨ ਵਿਚ ਉਠਦਾ ਹੈ ਕਿ ਆਮ ਕਰਕੇ ਔਰਤਾਂ ਹੀ ਮਾਨਸਿਕ ਰੋਗੀ ਕਿਉਂ ਹੁੰਦੀਆਂ ਹਨ? ਹੌਲੀ ਹੌਲੀ ਇਸ ਵਿਸ਼ੇ ਦੇ ਗੰਭੀਰ ਅਧਿਐਨ ਅਤੇ ਤਜਰਬੇ ਨਾਲ ਪਤਾ ਲੱਗਿਆ ਕਿ ਮਾਨਸਿਕ ਰੋਗ ਮਨ ਦੀਆਂ ਕੁਦਰਤੀ ਇੱਛਾਵਾਂ, ਭਾਵਨਾਵਾਂ, ਖ਼ਾਹਿਸ਼ਾਂ ਨੂੰ ਦਬਾਉਣ ਨਾਲ ਪੈਦਾ ਹੁੰਦੇ ਹਨ ਅਤੇ ਮੌਜੂਦਾ ਆਰਥਿਕ ਸਭਿਆਚਾਰਕ ਢਾਂਚੇ 'ਤੇ ਉਸਰੇ ਸਮਾਜ ਅੰਦਰ ਔਰਤਾਂ ਸਭ ਤੋਂ ਵੱਧ ਦਬਾਈਆਂ ਹੁੰਦੀਆਂ ਹਨ। ਇਸੇ ਕਾਰਨ ਉਹ ਆਪਣੀਆਂ ਇੱਛਾਵਾਂ ਨੂੰ ਦਬਾਅ ਕੇ ਰੱਖਦੀਆਂ ਹਨ ਤੇ ਮਾਨਸਿਕ ਰੋਗੀ ਬਣ ਜਾਂਦੀਆਂ ਹਨ।

ਪਰ ਇਹ ਔਰਤਾਂ ਕਿਉਂ ਦਬਾਈਆਂ ਜਾਂਦੀਆਂ ਹਨ? ਸਮਾਜ ਵਿਚ ਔਰਤ ਦੀ ਸਥਿਤੀ ਦੁਜੈਲੀ ਕਿਉਂ ਹੈ? ਅਜਿਹੇ ਬਹੁਤ ਸਾਰੇ ਪ੍ਰਸ਼ਨਾਂ ਦਾ ਹੱਲ ਲੱਭਣ ਵਾਸਤੇ ਮੈਂ ਆਪਣੀ ਸਾਹਿਤਕ ਖੋਜ ਵਿਚ ਡਾਕਟਰੇਟ ਕਰਨ ਲਈ ਵਿਸ਼ਾ ਵੀ ਔਰਤਾਂ ਨਾਲ ਸਬੰਧਤ ਚੁਣਿਆ। ਇਸ ਅਧਿਐਨ ਦੌਰਾਨ ਮੇਰੇ ਮਨ ਵਿਚ ਕਈ ਮੌਜੂਦ ਸ਼ੰਕੇ ਨਵਿਰਤ ਹੋਏ ਅਤੇ ਕਈ ਨਵੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਮਿਲੀ। ਹਥਲੀ ਪੁਸਤਕ ਮੇਰੇ ਤਰਕਸ਼ੀਲ ਸੁਸਾਇਟੀ ਵਿਚ ਕੰਮ ਕਰਦਿਆਂ ਹੱਥ ਲਏ ਕੇਸਾਂ ਦੇ ਤਜ਼ਰਬੇ ਅਤੇ ਖੋਜ ਦੌਰਾਨ ਔਰਤ ਦੀ ਸਥਿਤੀ ਬਾਰੇ ਕੀਤੇ ਅਧਿਐਨ ਦਾ ਨਿਚੋੜ ਹੈ।

ਇਸ ਪੁਸਤਕ ਦੇ ਪਹਿਲੇ ਭਾਗ ਵਿਚ ਨਮੂਨੇ ਵਜੋਂ 9 ਹੱਲ ਕੀਤੇ ਕੇਸਾਂ ਦੀਆਂ ਕਹਾਣੀਨੁਮਾ ਰਿਪੋਰਟਾਂ ਹਨ। ਕੇਸ ਹੋਰ ਵੀ ਬਹੁਤ ਸਾਰੇ ਹੱਲ ਕੀਤੇ ਸਨ ਪਰ ਸਿਰਫ਼ ਉਹ ਕੇਸ ਹੀ ਲਏ ਗਏ ਹਨ, ਜਿਨ੍ਹਾਂ ਵਿਚ ਮੁੱਖ ਤੌਰ 'ਤੇ ਔਰਤ ਦੀ ਸਮੱਸਿਆ ਪ੍ਰਧਾਨ ਸੀ ਤੇ ਮੈਂ ਖ਼ੁਦ ਕੇਸ ਨੂੰ ਸਾਰਿਆਂ ਪੱਖਾਂ ਤੋਂ ਚੰਗੀ ਤਰ੍ਹਾਂ ਵਾਚਿਆ ਸੀ। ਇਨ੍ਹਾਂ ਰਿਪੋਰਟਾਂ ਵਿਚ ਔਰਤਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਪ੍ਰਗਟਾਅ ਨਹੀਂ ਹੁੰਦਾ ਪਰ ਇਨ੍ਹਾਂ ਸਾਰੀਆਂ ਕਹਾਣੀਆਂ ਤੋਂ ਔਰਤਾਂ ਦੀਆਂ ਗੁੰਝਲਦਾਰ ਸਮੱਸਿਆਵਾਂ ਦਾ ਇਕ ਮਾਨਸਿਕ ਰੋਗ-ਖਾਕਾ ਅਵੱਸ਼ ਬਣ ਜਾਂਦਾ ਹੈ। ਮੇਰਾ ਮੰਤਵ ਇਸ ਮਾਨਸਿਕ ਰੋਗ ਖਾਕੇ ਰਾਹੀਂ ਸਮੁੱਚੇ ਬਿਮਾਰ ਸਮਾਜ ਵੱਲ ਇਸ਼ਾਰਾ ਕਰਨਾ ਸੀ। ਸਮਾਜਿਕ ਉਲਝਣਾਂ ਦੇ ਡਰੋਂ ਕਹਾਣੀਆਂ ਦੇ ਪਾਤਰਾਂ ਦੇ ਅਸਲੀ ਨਾਂ, ਥਾਂ ਆਦਿ ਛੁਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਕਿਤੇ ਕਿਤੇ ਕਹਾਣੀਆਂ ਦੀਆਂ ਲੋੜਾਂ ਅਨੁਸਾਰ ਗੈਰ ਜ਼ਰੂਰੀ ਵੇਰਵਿਆਂ ਨੂੰ ਛੱਡਿਆ ਗਿਆ ਹੈ ਅਤੇ ਕਈ ਮਾਨਸਿਕ ਰੋਗੀਆਂ ਦੇ ਲੱਛਣਾਂ ਨੂੰ ਸਪੱਸ਼ਟ ਕਰਦੀਆਂ ਗੱਲਾਂ ਨੂੰ ਵੇਰਵੇ ਨਾਲ ਬਿਆਨਿਆ ਗਿਆ ਹੈ ਕਿਉਂਕਿ ਸਾਡਾ ਮੰਤਵ ਕਹਾਣੀ ਰਸ ਪੈਦਾ ਕਰਨ ਦੀ ਥਾਂ ਤੇ ਅਸਲੀ ਤੱਥ ਅਧਾਰਤ ਜਾਣਕਾਰੀ ਦੇਣਾ ਹੈ।

ਪੁਸਤਕ ਦੇ ਦੂਜੇ ਭਾਗ ਵਿਚ ਔਰਤ ਨੂੰ ਸਮਝਣ ਲਈ ਉਸਦੀ ਸਰੀਰਕ ਬਣਤਰ ਨੂੰ ਜੀਵ ਵਿਗਿਆਨਕ ਪੱਖ ਤੋਂ ਵਿਚਾਰਿਆ ਗਿਆ ਹੈ। ਸਾਡੇ ਪਿੰਡਾਂ ਵਿਚ

ਆਮ ਪ੍ਰਚੱਲਤ ਧਾਰਨਾ ਹੈ ਕਿ ਕੁੜੀ ਪੈਦਾ ਕਰਨ ਲਈ ਔਰਤ ਦੋਸ਼ੀ ਹੈ, ਦਾ ਵਿਗਿਆਨਕ ਪੱਧਰ 'ਤੇ ਨਿਤਾਰਾ ਕੀਤਾ ਗਿਆ ਹੈ ਅਤੇ ਇਹ ਸਿੱਧ ਕੀਤਾ ਗਿਆ ਹੈ ਕਿ ਔਰਤਾਂ 'ਤੇ ਲਗਾਇਆ ਜਾਂਦਾ ਇਹ ਦੋਸ਼ ਉੱਕਾ ਹੀ ਬੇਬੁਨਿਆਦ ਹੈ। ਮਨੁੱਖੀ ਇਤਿਹਾਸ ਵਿਚ ਔਰਤ ਦੀ ਸਥਿਤੀ ਨੂੰ ਇਤਿਹਾਸਕ ਪਦਾਰਥਵਾਦੀ ਦ੍ਰਿਸ਼ਟੀਕੋਣ ਤੋਂ ਵੀ ਵਾਚਿਆ ਗਿਆ ਹੈ। ਅਜਿਹਾ ਕਰਦਿਆਂ ਸੰਸਾਰ ਪੱਧਰ 'ਤੇ ਔਰਤ ਦੀ ਸਥਿਤੀ ਦਾ ਇਤਿਹਾਸ ਤੇ ਭਾਰਤੀ ਔਰਤ ਬਾਰੇ ਪ੍ਰਚੱਲਤ ਗਲਤ ਧਾਰਨਾਵਾਂ ਨੂੰ ਰੱਦ ਕਰਦਿਆਂ ਹਾਂ-ਮੁਖੀ ਪਹਿਲੂਆਂ ਨੂੰ ਉਭਾਰਿਆ ਗਿਆ ਹੈ। ਪੰਜਾਬੀ ਔਰਤ ਦੀ ਸਥਿਤੀ ਵਿਚੋਂ ਉਤਪੰਨ ਸਮੱਸਿਆਵਾਂ ਜਿਵੇਂ ਬਾਂਝਪਣ, ਨਿਪੁੰਸਕਤਾ, ਛੁੱਟੜ, ਉਧਾਲਾ, ਬਲਾਤਕਾਰ, ਦਾਜ, ਵਿਆਹ ਸਬੰਧੀ ਚੋਣ, ਪਤੀ ਦੇ ਵਿਆਹ ਬਾਹਰੇ ਸੰਬੰਧ, ਘਰੋਂ ਅਲੱਗ ਹੋਣ ਦੀ ਸਮੱਸਿਆ, ਨੌਕਰੀ ਪੇਸ਼ਾ ਔਰਤਾਂ ਦੀਆਂ ਨਵੀਆਂ ਪੈਦਾ ਹੋ ਰਹੀਆਂ ਸਮੱਸਿਆਵਾਂ ਨੂੰ ਪੰਜਾਬੀ ਸਭਿਆਚਾਰ ਦੇ ਪਰਿਪੇਖ ਵਿਚ ਅਤੇ ਸੋਸਾਇਟੀ ਵੱਲੋਂ ਹੱਲ ਕੀਤੇ ਕੇਸਾਂ ਦੇ ਆਧਾਰ 'ਤੇ ਉਦਾਹਰਣਾਂ ਸਹਿਤ ਪੇਸ਼ ਕਰਨ ਦਾ ਯਤਨ ਕੀਤਾ ਹੈ। ਲਿੰਗ-ਭੇਦ ਦੇ ਆਧਾਰ 'ਤੇ ਪੈਦਾ ਹੁੰਦੇ ਮਾਨਸਿਕ ਰੋਗਾਂ ਨੂੰ ਸਮਝ ਕੇ ਅੰਤ ਵਿਚ ਔਰਤਾਂ ਦੀਆਂ ਸਮੁੱਚੀਆਂ ਸਮੱਸਿਆਵਾਂ ਤੇ ਮਾਨਸਿਕ ਸਮੱਸਿਆਵਾਂ ਨੂੰ ਹੱਲ ਕਰਨ ਲਈ ਸੁਝਾਅ ਪੇਸ਼ ਕੀਤੇ ਗਏ ਹਨ।

ਮੇਰੀ ਇਹ ਪੁਸਤਕ ਮੇਰੇ ਪਿਛਲੇ ਕਾਫੀ ਸਾਲਾਂ ਦੇ ਅਧਿਐਨ ਅਤੇ ਤਜ਼ਰਬੇ ਤੇ ਆਧਾਰਤ ਹੈ। ਮੈਂ ਤਰਕਸ਼ੀਲ ਸੋਸਾਇਟੀ ਪੰਜਾਬ ਦੀ ਬਹੁਤ ਧੰਨਵਾਦੀ ਹਾਂ ਜਿਸ ਦੀ ਪ੍ਰੇਰਨਾ ਸਦਕਾ ਇਹ ਪੁਸਤਕ ਹੋਂਦ ਵਿਚ ਆਈ। ਆਪਣੀਆਂ ਬੱਚੀਆਂ ਵਿਵੇਕ ਜੋਤ ਅਤੇ ਅਸੀਮ ਜੋਤ ਦੀ ਵਿਸ਼ੇਸ਼ ਧੰਨਵਾਦੀ ਹਾਂ, ਜਿਨ੍ਹਾਂ ਦੇ ਹਿੱਸੇ ਦਾ ਸਮਾਂ ਮੈਂ ਕੇਸ ਹੱਲ ਕਰਦਿਆਂ ਤੇ ਪੁਸਤਕ ਲਿਖਦਿਆਂ ਲਗਾਇਆ। ਇਹ ਪੁਸਤਕ ਸ਼ਾਇਦ ਕਦੇ ਹੋਂਦ ਵਿਚ ਨਾ ਆਉਂਦੀ ਜੇਕਰ ਮੇਰੇ ਜੀਵਨ ਸਾਥੀ ਡਾ. ਰਜਿੰਦਰਪਾਲ ਦੀ ਪ੍ਰੇਰਨਾ ਅਤੇ ਉਤਸ਼ਾਹ ਮੇਰੇ ਨਾਲ ਨਾ ਹੁੰਦਾ। ਮੈਂ ਸਭ ਤੋਂ ਵੱਧ ਧੰਨਵਾਦੀ ਹਾਂ ਆਪਣੇ ਮਾਂ-ਪਿਓ ਦੀ ਜਿਨ੍ਹਾਂ ਨੇ ਮੈਨੂੰ ਯੋਗ ਸਿੱਖਿਆ ਦੇ ਕੇ ਇਹ ਸਭ ਗੱਲਾਂ ਸਮਝਣ ਦੇ ਸਮਰੱਥ ਬਣਾਇਆ। ਇਸ ਤੋਂ ਇਲਾਵਾ ਮੈਂ ਸ਼੍ਰੀ ਰਾਜਪਾਲ ਸਿੰਘ ਦੀ ਧੰਨਵਾਦੀ ਹਾਂ, ਜਿਨ੍ਹਾਂ ਨੇ ਪੁਸਤਕ ਦੀ ਸਿਰਜਣਾ ਸਮੇਂ ਆਪਣੇ ਬਹੁਮੁੱਲੇ ਸੁਝਾਅ ਦਿੱਤੇ।

ਸੋ ਅਖ਼ੀਰ ਵਿਚ ਮੇਰੀ ਔਰਤਾਂ ਅੱਗੇ ਖ਼ਾਸ ਬੇਨਤੀ ਹੈ ਕਿ ਉਹ ਸਮੱਸਿਆਵਾਂ ਨੂੰ ਸਿੱਧੇ ਮੱਥੇ ਟੱਕਰਨ, ਰਸਤਾ ਆਪਣੇ ਆਪ ਨਿਕਲ ਆਵੇਗਾ।

-ਚਰਨਜੀਤ ਕੌਰ (ਡਾ.)

ਇਹ ਪੁਸਤਕ ਕਿਉਂ

ਇਹ ਪੁਸਤਕ ਸ਼ੁਰੂ ਹੁੰਦੀ ਹੈ ਕੁਝ ਸੱਚੀਆਂ ਕਹਾਣੀਆਂ ਨਾਲ, ਕਹਾਣੀਆਂ ਜੋ ਸਾਡੇ ਸਮਾਜ ਵਿੱਚ ਔਰਤ ਨੂੰ ਝੱਲਣੇ ਪੈਂਦੇ ਸਮਾਜਿਕ ਦਬਾਵਾਂ ਅਤੇ ਮਾਨਸਿਕ ਤਣਾਵਾਂ ਦੀਆਂ ਹਨ, ਮਾਨਸਿਕ ਤਣਾਅ ਜੋ ਔਰਤ ਨੂੰ ਮਾਨਸਿਕ ਰੋਗੀ ਬਣਾ ਕੇ ਉਸਨੂੰ ਯਥਾਰਥ ਨਾਲੋਂ ਤੋੜ ਦਿੰਦੇ ਹਨ। ਫਿਰ ਚਾਹੇ ਫੌਰੀ ਮਸਲਾ ਤਾਂ ਉਨ੍ਹਾਂ ਨੂੰ ਠੀਕ ਕਰ ਕੇ ਮੁੜ ਸਾਧਾਰਣ ਜ਼ਿੰਦਗੀ ਦੀ ਪਟੜੀ 'ਤੇ ਚਾੜ੍ਹਨ ਦਾ ਹੁੰਦਾ ਹੈ ਪਰ ਅਸਲ ਮੁੱਦਾ ਉਨ੍ਹਾਂ ਸਾਰੀਆਂ ਪ੍ਰਸਥਿਤੀਆਂ ਨੂੰ ਜਾਣਨ, ਸਮਝਣ ਅਤੇ ਬਦਲਣ ਦਾ ਹੈ ਜਿਨ੍ਹਾਂ ਵਿਚੋਂ ਕਿਸੇ ਔਰਤ ਦੀ ਜ਼ਿੰਦਗੀ ਨੂੰ ਲੀਹੋਂ ਲਾਹੁਣ ਵਾਲੇ ਸਾਰੇ ਕਾਰਣ ਉਤਪੰਨ ਹੁੰਦੇ ਹਨ।

ਕੋਈ ਵਿਅਕਤੀ ਮਾਨਸਿਕ ਰੋਗੀ ਓਦੋਂ ਹੀ ਹੁੰਦਾ ਹੈ ਜਦੋਂ ਉਸਦੀ ਜ਼ਿੰਦਗੀ ਦੀਆਂ ਬਾਹਰਮੁਖੀ ਹਾਲਤਾਂ ਨੂੰ ਸਿੱਧੇ ਮੱਥੇ ਟੱਕਰਣ ਦੀ ਸਮਰੱਥਾ ਜਵਾਬ ਦੇ ਜਾਂਦੀ ਹੈ। ਜਦੋਂ ਉਸਦੇ ਯਥਾਰਥਕ ਜੀਵਨ ਦੀ ਕਰੂਰਤਾ ਉਸਦੇ ਸੁਪਨਿਆਂ ਨੂੰ ਕੁਚਲ ਦਿੰਦੀ ਹੈ, ਜਦੋਂ ਉਸਨੂੰ ਵਰਤਮਾਨ ਦੇ ਅੰਧਕਾਰ ਵਿਚੋਂ ਭਵਿੱਖ ਦੀ ਸੁਨਹਿਰੀ ਕੰਨੀ ਕਿਤੇ ਨਜ਼ਰ ਨਹੀਂ ਆਉਂਦੀ। ਸਾਡੇ ਸਮਾਜ ਵਿੱਚ ਔਰਤ ਬਹੁਤ ਕੁਝ ਤਾਂ ਸਹਿਜ ਸੁਭਾਅ ਹੀ ਬਰਦਾਸ਼ਤ ਕਰੀ ਜਾਂਦੀ ਹੈ ਕਿਉਂਕਿ ਆਪਣੇ ਸਮਾਜਿਕ ਪਰਿਵੇਸ਼ ਵਿਚੋਂ ਬਣੀ ਮਾਨਸਿਕਤਾ ਕਾਰਣ ਉਸਨੂੰ ਇਹ ਸਭ ਕੁਝ ਆਮ ਤੌਰ 'ਤੇ ਠੀਕ ਠਾਕ ਹੀ ਲਗਦਾ ਹੈ। ਸੋ ਕਿਸੇ ਔਰਤ ਦੇ ਮਾਨਸਿਕ ਰੋਗੀ ਹੋਣ ਦੀ ਕਹਾਣੀ ਉਸਦੀ ਸਥਿਤੀ ਦੀ ਵਿਸ਼ੇਸ਼ ਗੰਭੀਰਤਾ ਦਾ ਅਹਿਸਾਸ ਕਰਵਾਉਂਦੀ ਹੈ। ਇਸ ਤਰ੍ਹਾਂ ਇਹ ਕਹਾਣੀਆਂ ਔਰਤ ਦੀ ਵੱਡੀ ਸਹਿਣਸ਼ਕਤੀ ਦੀ ਹੱਦ ਤੋਂ ਪਾਰ ਦੀ ਦਸ਼ਾ ਨੂੰ ਦਰਸਾਉਂਦੀਆਂ ਹਨ।

ਤਰਕਸ਼ੀਲ ਸੋਸਾਇਟੀ ਦੀ ਕਾਰਜ-ਕਰਤਾ ਵਜੋਂ ਚਰਨਜੀਤ ਕੌਰ (ਡਾ.) ਨੇ ਇਨ੍ਹਾਂ ਔਰਤਾਂ ਨੂੰ ਮਾਨਸਿਕ ਰੋਗੀ ਬਨਾਉਣ ਵਾਲੇ ਕਾਰਣਾਂ ਦੀ ਥਾਹ ਪਾ ਕੇ ਇਨ੍ਹਾਂ ਨੂੰ ਠੀਕ ਵੀ ਕਰਨਾ ਸੀ, ਇਸ ਲਈ ਔਰਤ ਮਨ ਦੇ ਉਹ ਪਹਿਲੂ ਜੋ ਸਾਧਾਰਣ ਨਜ਼ਰ ਤੋਂ ਲੁਕੇ ਰਹਿ ਜਾਂਦੇ ਹਨ ਉਹ ਵੀ ਇਨ੍ਹਾਂ ਕੇਸਾਂ/ ਕਹਾਣੀਆਂ ਵਿੱਚ ਸਾਹਮਣੇ ਲਿਆਂਦੇ ਗਏ ਹਨ। ਲੇਖਿਕਾ ਖ਼ੁਦ ਸਾਹਿਤ ਪੜ੍ਹਨ, ਲਿਖਣ ਅਤੇ ਪੜ੍ਹਾਉਣ ਨਾਲ ਸਬੰਧਿਤ ਹੋਣ ਕਰਕੇ ਇਹ ਮਾਨਸਿਕ ਰੋਗ ਕੇਸਾਂ ਦਾ ਖ਼ੁਸ਼ਕ ਵਰਣਨ ਹੋਣ ਦੀ ਬਜਾਏ ਸਾਹਿਤਕ ਰਸ ਨਾਲ ਭਰਪੂਰ ਕਹਾਣੀਆਂ ਹਨ।

ਲੇਖਿਕਾ ਦੀ ਧਾਰਨਾ ਹੈ ਕਿ " ਔਰਤਾਂ ਦੇ ਮਾਨਸਿਕ ਰੋਗਾਂ ਪਿੱਛੇ ਇਕੱਲੀ ਇਕਹਿਰੀ ਔਰਤ ਜਾਂ ਪਰਿਵਾਰ ਜ਼ਿੰਮੇਵਾਰ ਹੋਣ ਦੀ ਥਾਂ ਸਾਰਾ ਸਮਾਜ ਜ਼ਿੰਮੇਵਾਰ ਹੈ।" ਇਸ ਲਈ ਇਹ ਕਹਾਣੀਆਂ ਪੇਸ਼ ਕਰਨ ਤੱਕ ਹੀ ਸੀਮਤ ਨਹੀਂ ਰਿਹਾ ਗਿਆ ਸਗੋਂ ਇਨ੍ਹਾਂ ਕਹਾਣੀਆਂ ਦੇ ਪ੍ਰਸੰਗ ਵਿੱਚ ਔਰਤ ਦੀ ਜ਼ਿੰਦਗੀ ਦਾ ਡੂੰਘਾ ਸਮਾਜ-

ਵਿਗਿਆਨਕ ਵਿਸ਼ਲੇਸ਼ਣ ਕੀਤਾ ਗਿਆ ਹੈ। ਇਹ ਵਿਸ਼ਲੇਸ਼ਣ ਕਰਦੇ ਹੋਏ ਇਸ ਮਾਮਲੇ ਦੇ ਸਾਰੇ ਪਹਿਲੂਆਂ - ਜਿਵੇਂ ਜੀਵ-ਵਿਗਿਆਨਕ ਆਧਾਰ, ਇਤਿਹਾਸਕ ਆਧਾਰ, ਮਨੋ-ਵਿਗਿਆਨਕ ਆਧਾਰ, ਆਰਥਿਕ ਅਤੇ ਸਮਾਜਿਕ ਆਧਾਰ ਨੂੰ ਬਾਖ਼ੂਬੀ ਵਿਚਾਰਿਆ ਗਿਆ ਹੈ।

ਇਸ ਵਿਸ਼ਲੇਸ਼ਣ ਦੌਰਾਨ ਔਰਤ ਮੁਕਤੀ ਦੇ ਪ੍ਰਸੰਗ ਵਿੱਚ ਇੱਕ ਮਹੱਤਵਪੂਰਨ ਤੱਥ ਤਕਨੀਕ ਦੇ ਰੋਲ ਬਾਰੇ ਉਭਾਰਿਆ ਗਿਆ ਹੈ। ਲੇਖਿਕਾ ਅਨੁਸਾਰ ਬੱਚੇ ਪੈਦਾ ਕਰਨ ਦੇ ਜੀਵ-ਵਿਗਿਆਨਕ ਪ੍ਰਕਾਰਜ ਕਾਰਨ ਔਰਤ ਦੀ ਸਰੀਰਕ ਸਮਰੱਥਾ ਘੱਟ ਸੀ, ਜਿਸ ਕਾਰਣ ਉਤਪਾਦਕ ਕਾਰਜਾਂ ਵਿੱਚ ਉਹ ਦੂਜੈਲੇ ਸਥਾਨ 'ਤੇ ਰਹੀ। ਪਰ ਅਧੁਨਿਕ ਸਮੇਂ ਵਿੱਚ ਤਕਨੀਕ ਦੀ ਵਧੇਰੇ ਉਨਤੀ ਨਾਲ ਅਜਿਹੀਆਂ ਮਸ਼ੀਨਾਂ ਹੋਂਦ ਵਿੱਚ ਆਈਆਂ ਜਿਨ੍ਹਾਂ ਨੂੰ ਚਲਾਉਣ ਵਿੱਚ ਲਗਦੀ ਸ਼ਕਤੀ ਔਰਤ ਦੀ ਘੱਟੋ ਘੱਟ ਸ਼ਕਤੀ ਤੋਂ ਵੀ ਘੱਟ ਸੀ, ਜਿਸ ਨਾਲ ਉਤਪਾਦਕ ਕਾਰਜਾਂ ਵਿੱਚ ਉਸਦਾ ਬਰਾਬਰ ਦਾ ਸਥਾਨ ਉਤਪੰਨ ਹੋ ਗਿਆ। ਇਸੇ ਤਰ੍ਹਾਂ ਗਰਭ-ਨਿਰੋਧਕ ਤਕਨੀਕਾਂ ਵਿੱਚ ਤਰੱਕੀ ਨੇ ਉਸਨੂੰ ਅਣਲੋੜੀਂਦੀ ਮਾਂ ਬਣਨ ਦੇ ਸਰੀਰਕ ਬੰਧੇਜ ਤੋਂ ਮੁਕਤ ਕੀਤਾ ਹੈ। ਤਕਨੀਕ ਦੇ ਇਸ ਰੋਲ ਬਾਰੇ ਵਿਦਵਾਨਾਂ ਨੂੰ ਹੋਰ ਵਧੇਰੇ ਵਿਚਾਰਨ ਦੀ ਲੋੜ ਹੈ ਕਿ ਤਕਨੀਕ ਦੀ ਇਸ ਤਰੱਕੀ ਨੂੰ ਚੇਤਨ ਕੋਸ਼ਿਸ਼ਾਂ ਰਾਹੀਂ ਔਰਤ ਦੀ ਸਮਾਜਿਕ ਸਥਿਤੀ ਬਿਹਤਰ ਬਨਾਉਣ ਲਈ ਕਿਵੇਂ ਵਰਤਿਆ ਜਾਵੇ।

ਚਾਹੇ ਇਹ ਕੇਸ-ਕਹਾਣੀਆਂ ਅਤੇ ਵਿਸ਼ਲੇਸ਼ਣ ਦੋ ਦਹਾਕੇ ਪਹਿਲਾਂ ਦਾ ਹੈ ਪਰ ਇਸ ਵਿੱਚ ਵਰਣਿਤ ਵਸਤੂ ਸਥਿਤੀ ਅੱਜ ਵੀ ਉਸੇ ਤਰ੍ਹਾਂ ਹੀ ਹੈ। ਸਗੋਂ ਇਸ ਸਮੇਂ ਦੌਰਾਨ ਮੰਡੀ ਅਤੇ ਮੀਡੀਆ ਦੇ ਵਧ ਗਏ ਰੋਲ ਨੇ ਉਸਦੇ ਮਾਨਸਿਕ ਤਣਾਵਾਂ ਵਿੱਚ ਹੋਰ ਵਾਧਾ ਕੀਤਾ ਹੈ। ਇੱਕ ਪਾਸੇ ਮੰਡੀ ਵਿਚਲੇ ਮਾਲ ਦੀ ਚਮਕ ਉਸਨੂੰ ਜ਼ਿੰਦਗੀ ਦੇ ਸਹੀ ਰਸਤੇ ਤੋਂ ਭਟਕਾਉਣ ਵੱਲ ਖਿੱਚਦੀ ਹੈ, ਦੂਜੇ ਪਾਸੇ ਮੀਡੀਆ ਖ਼ੁਦ ਔਰਤ ਨੂੰ ਇਨਸਾਨ ਦੀ ਬਜਾਏ ਮੰਡੀ ਦੀ ਵਸਤੂ ਬਣਾ ਕੇ ਪੇਸ਼ ਕਰਨ ਵਿੱਚ ਰੁਚਿਤ ਹੈ।

ਔਰਤ ਦੀ ਦਸ਼ਾ ਦੇ ਮਸਲੇ ਨੂੰ ਕੇਵਲ ਭਾਵੁਕ ਲੇਖਾਂ, ਕਵਿਤਾਵਾਂ, ਕਹਾਣੀਆਂ ਆਦਿ ਰਾਹੀਂ ਪੇਸ਼ ਕਰਨ (ਜਿਵੇਂ ਔਰਤ-ਭਰੂਣ ਹੱਤਿਆ ਦੇ ਪ੍ਰਸੰਗ ਵਿੱਚ ਕੀਤਾ ਜਾਂਦਾ ਹੈ) ਤੋਂ ਅੱਗੇ ਇਸਦੇ ਸਮਾਜ-ਵਿਗਿਆਨਕ ਨਜ਼ਰੀਏ ਤੋਂ ਵਿਸ਼ਲੇਸ਼ਣ ਦੀ ਵੀ ਬਹੁਤ ਲੋੜ ਹੈ। ਜਿਸ ਵਿਚੋਂ ਹੀ ਇਸ ਦਸ਼ਾ ਤੋਂ ਪਾਰ ਜਾਣ ਲਈ ਦਿਸ਼ਾ ਨਿਰਧਾਰਿਤ ਕੀਤੀ ਜਾ ਸਕਦੀ ਹੈ। ਇਸ ਪ੍ਰਸੰਗ ਵਿੱਚ ਇਸ ਪੁਸਤਕ ਦੇ ਮਹੱਤਵ ਨੂੰ ਮੁੱਖ ਰੱਖ ਕੇ ਅਦਾਰਾ ਪੀਪਲਜ਼ ਫ਼ੋਰਮ ਇਸ ਨੂੰ ਮੁੜ ਪ੍ਰਕਾਸ਼ਿਤ ਕਰ ਰਿਹਾ ਹੈ।

ਰਾਜਪਾਲ ਸਿੰਘ,
ਜਨਰਲ ਸਕੱਤਰ,
ਪੀਪਲਜ਼ ਫ਼ੋਰਮ (ਰਜਿ.) ਪੰਜਾਬ

ਤਸਲੀਮਾ ਨਸਰੀਨ

ਅਤੇ

ਅਰੁਣਾ ਆਸਿਫ਼ ਅਲੀ

ਦੇ ਨਾਂ

ਤਤਕਰਾ

ਵਿਗਿਆਨੀ-ਜਿਨ੍ਹਾਂ ਦੁਨੀਆਂ ਬਦਲ ਦਿੱਤੀ/ 8

ਉਡਣ-ਪਰੀ ਦੀ ਧਰਤ ਗਾਥਾ

ਇਹ ਗੱਲ ਅੱਜ ਤੋਂ ਤਕਰੀਬਨ 25 ਕੁ ਸਾਲ ਪੁਰਾਣੀ ਹੈ। ਮੇਰੇ ਵਿਆਹ ਹੋਣ ਤੋਂ ਦਸ ਕੁ ਦਿਨ ਪਹਿਲਾਂ ਮੈਂ ਤੇ ਮੇਰੀ ਸਹੇਲੀ ਗੀਤਾ ਸ਼ਾਪਿੰਗ ਲਈ ਬਾਜ਼ਾਰ ਜਾਣ ਸਬੰਧੀ ਕੰਟੀਨ ਵਿਚ ਬੈਠੀਆਂ ਸਲਾਹ-ਮਸ਼ਵਰਾ ਕਰ ਰਹੀਆਂ ਸਾਂ ਕਿ ਲਾਇਬ੍ਰੇਰੀ ਸਾਇੰਸ ਦਾ ਇਕ ਵਿਦਿਆਰਥੀ ਮੇਰੇ ਕੋਲ ਆਇਆ ਤੇ ਉਸ ਨੇ ਦੱਸਿਆ ਕਿ ਇਕ ਨਾਮਵਰ ਲੇਖਕ ਦੇ ਸਹੁਰੇ ਘਰ ਖੂਨ ਦੇ ਛਿੱਟੇ ਪੈਣ ਦੀਆਂ ਘਟਨਾਵਾਂ ਘਟ ਰਹੀਆਂ ਨੇ। ਦਰਅਸਲ ਇਹ ਵਿਦਿਆਰਥੀ ਤੇ ਉਹ ਲੇਖਕ ਇਕੋ ਪਿੰਡ ਦੇ ਸਨ ਤੇ ਉਸ ਨੇ ਮੈਨੂੰ ਤੁਰੰਤ ਲੇਖਕ ਨੂੰ ਮਿਲਣ ਲਈ ਮਜਬੂਰ ਕਰ ਲਿਆ। ਭਾਵੇਂ ਮੈਂ ਅਤੇ ਮੇਰੀ ਸਹੇਲੀ ਵਿਆਹ ਦੀ ਸ਼ਾਪਿੰਗ ਦਾ ਖੁੱਲ੍ਹੇ ਸਮੇਂ ਵਿਚ ਆਨੰਦ ਲੈਣਾ ਚਾਹੁੰਦੀਆਂ ਸਾਂ ਪਰ ਵਿਦਿਆਰਥੀ ਨੇ ਘਟਨਾਵਾਂ ਬਾਰੇ ਜਾਣਕਾਰੀ ਦਿੰਦਿਆਂ ਉਤਸੁਕਤਾ ਏਨੀ ਵਧਾ ਦਿੱਤੀ ਸੀ ਕਿ ਮੈਂ ਲੇਖਕ ਨੂੰ ਮਿਲੇ ਬਿਨਾਂ ਬਾਜ਼ਾਰ ਜਾਣਾ ਠੀਕ ਨਾ ਸਮਝਿਆ।

ਮੈਂ ਇਸ ਲੇਖਕ ਨੂੰ ਪਹਿਲਾਂ ਦੀ ਜਾਣਦੀ ਸਾਂ ਤੇ ਇਹ ਵੀ ਜਾਣਦੀ ਸਾਂ ਕਿ ਉਹ ਗੱਲ ਨੂੰ ਵਧਾ ਕੇ ਸਿਰਜਣਾਤਮਕ ਤਰੀਕੇ ਨਾਲ ਕਰਨ ਦਾ ਆਦੀ ਹੈ ਪਰ ਫੇਰ ਵੀ ਆਪਣਾ ਪ੍ਰੋਗਰਾਮ ਅੱਗੇ ਪਾ ਮੈਂ ਯੂਨੀਵਰਸਿਟੀ ਦੀ ਨਵੀਂ ਬਣ ਰਹੀ ਬਿਲਡਿੰਗ, ਜਿਥੇ ਉਹ ਲੇਖਕ ਕੰਮ ਕਰਦਾ ਸੀ , ਪਹੁੰਚ ਗਈ। ਮੈਂ ਉਸ ਤੋਂ ਵਾਪਰ ਰਹੀਆਂ ਅਲੌਕਿਕ ਘਟਨਾਵਾਂ ਬਾਰੇ ਪੁੱਛਿਆ ਤਾਂ ਆਪਣੀ ਸਿਰਜਣਾਤਮਕਤਾ ਦੇ ਸਹਾਰੇ ਉਸ ਨੇ ਮੇਰੀ ਉਤਸੁਕਤਾ ਹੋਰ ਵੀ ਵਧਾ ਦਿੱਤੀ, ਉਹ ਲੇਖਕ ਜੁ ਸੀ।

"ਖੂਨ। ਬਾਬਿਓ ਖੂਨ ਦੇ ਛਿੱਟੇ ਨਹੀਂ ਓਥੇ ਤਾਂ ਮੀਂਹ ਪਿਆ ਵਰ੍ਹਦਾ ਏ। ਮੈਂ ਤਾਂ ਬਾਬਿਓ ਕਦੇ ਵਹਿਮ-ਭਰਮ ਵਿਚ ਨਹੀਂ ਪਿਆ ਤੇ ਮੇਰੇ ਸਹੁਰੇ ਮੇਰੇ 'ਤੇ ਇਸੇ ਗੱਲੋਂ ਔਖੇ ਵੀ ਨੇ ਕਿ ਮੈਂ ਭੂਤਾਂ ਨੂੰ ਮੰਨਦਾ ਨਹੀਂ। ਪਰ ਮੈਂ ਤੇ ਇਹਨਾਂ ਅੱਖਾਂ ਨਾਲ ਵੇਖਿਆ ਜੇ ਮੇਰੀ ਤੀਵੀ ਦੇ ਕੱਪੜੇ ਭਿੱਜ ਗਏ, ਕੱਲ ਖੂਨ ਨਾਲ ਤੇ ਮੈਂ ਰਜਾਈ ਵਿਚ ਬੈਠਾ ਸਾਂ ਕਿ ਮੇਰੀ ਰਜਾਈ ਵੀ ਭਿੱਜ ਗਈ।" ਉਸ ਨੇ ਦੱਸਿਆ।

"ਕੀ ਤੁਹਾਡੇ ਸਹੁਰੇ ਇਸ ਸਮੱਸਿਆ ਦੇ ਹੱਲ ਲਈ ਮੇਰੇ ਤੇ ਵਿਸ਼ਵਾਸ ਕਰ ਲੈਣਗੇ? ਭਾਵ ਕਿ ਮੇਰੀ ਹਰ ਗੱਲ ਮੰਨਣ ਲਈ ਤਿਆਰ ਹੋ ਜਾਣਗੇ।" ਮੈਂ ਉਸ ਨੂੰ ਪੁੱਛਿਆ।

"ਤੁਸੀਂ ਸੱਚਮੁੱਚ ਇਹ ਸਭ ਬੰਦ ਕਰ ਸਕਦੇ ਹੋ?" ਉਸ ਨੇ ਉਤਸੁਕਤਾ ਨਾਲ ਪੁੱਛਿਆ ਤੇ ਉਸ ਦੇ ਇੰਜ ਉਤਸਕ ਹੋ ਕੇ ਪੁੱਛਣ ਦੇ ਅੰਦਾਜ਼ ਤੋਂ ਹੀ ਮੇਰਾ ਹਾਸਾ ਨਿਕਲ ਗਿਆ।

"ਹਾਂ ਮੈਂ ਇਹ ਸਭ ਕੁਝ ਬੰਦ ਕਰ ਦੇਵਾਂਗੀ ਪਰ ਤਾਂ, ਜੇਕਰ ਮੈਨੂੰ ਤੁਹਾਡੀ ਘਰਵਾਲੀ ਸਮੇਤ, ਤੁਹਾਡਾ ਸਹੁਰਾ-ਪਰਿਵਾਰ ਸਹਿਯੋਗ ਕਰੇ ਤਾਂ.......।" ਮੈਂ ਕਿਹਾ।

ਇਸ ਤੇ ਉਹ ਸੋਚੀਂ ਪੈ ਗਿਆ ਤੇ ਉਦਾਸ ਹੋ ਕੇ ਦੱਸਣ ਲੱਗਿਆ "ਦਰਅਸਲ ਗੱਲ ਇਹ ਜੇ ਕਿ ਸਹੁਰਾ ਪਰਿਵਾਰ ਬਿਲਕੁਲ ਅਨਪੜ੍ਹ ਹੈ ਤੇ ਕਿਸੇ 'ਓਪਰੇ ਪਛਾਵੇਂ' ਤੇ ਤੇ 'ਪਰੇਤ ਦੀ ਛਾਇਆ' ਵਰਗੇ ਫੋਕੇ ਵਹਿਮ ਜੇ........।" (ਅਸਲੀਅਤ ਇਹ ਸੀ ਕਿ ਘਰਵਾਲੀ ਤੋਂ ਜ਼ਿਆਦਾ ਵਹਿਮੀ ਉਹ ਖੁਦ ਹੈ, ਭਾਵੇਂ ਉਹ ਮੰਨਦਾ ਨਹੀਂ ਪਰ ਮੈਂ ਸਮਝਦੀ ਸਾਂ ਕਿਉਂਕਿ ਅੰਮ੍ਰਿਤਾ ਤੇ 'ਕੁੰਡਲੀ ਚੱਕਰ' ਅਧੀਨ ਉਸ ਨੇ ਆਪਣੇ ਨਾਂ ਵਿਚ ਤਿੰਨ 'ਕੱਕੇ' ਇੱਕਠੇ ਕਰਨ ਲਈ ਰੂਸੀ ਤਖੱਲਸ ਜੋੜਿਆ ਸੀ।)

ਸੋ ਮੈਂ ਇਹ ਹੱਲ ਸੁਝਾਅ ਦਿੱਤਾ ਕਿ ਮੈਂ ਉਸ ਪਰਿਵਾਰ ਵਿਚ ਇਕ ਤਰਕਸ਼ੀਲ ਵਜੋਂ ਨਹੀਂ ਜਾਵਾਂਗੀ ਸਗੋਂ ਇਕ 'ਪੁੱਛਾਂ ਦੇਣ ਵਾਲੀ ਸਿਆਣੀ' ਵਜੋਂ ਜਾਵਾਂਗੀ ਤਾਂ ਕਿ ਸਾਰਾ ਪਰਿਵਾਰ ਮੇਰੇ ਤੇ ਵਿਸ਼ਵਾਸ ਕਰ ਸਕੇ। ਪਰ ਇਥੇ ਸਮੱਸਿਆ ਉਮਰ ਦੀ ਖੜ੍ਹੀ ਹੋ ਗਈ ਕਿ ਇਕ ਅਣਵਿਆਹੁਤਾ, ਛੋਟੀ ਜਿਹੀ ਉਮਰ ਦੀ ਜਾਪਦੀ, ਦੋ ਗੁੱਤਾਂ ਵਾਲੀ, ਪਜਾਮੀ ਸੂਟ ਪਾ ਕੇ ਜਦੋਂ ਉਸ ਘਰੇ ਜਾਵੇਗੀ ਤਾਂ 'ਸਿਆਣੀ' ਔਰਤ ਦਾ ਪ੍ਰਭਾਵ ਨਹੀਂ ਪਾ ਸਕੇਗੀ। ਪਰ ਪਤਾ ਨਹੀਂ ਕਿਉਂ, ਮੈਨੂੰ ਆਪਣੀ ਅਭਿਨੈ ਕਲਾ ਤੇ ਮਾਣ ਸੀ ਜਾਂ ਤਰਕਸ਼ੀਲ ਸੋਚ ਤੇ ਵਿਸ਼ਵਾਸ ਕਿ ਮੈਂ ਉਸੇ ਤਰ੍ਹਾਂ ਹੀ ਉਸ ਨਾਲ ਆਪਣੀ ਸਹੇਲੀ ਗੀਤਾ, ਉਸ ਵਿਦਿਆਰਥੀ ਤੇ ਲੇਖਕ ਨੂੰ ਨਾਲ ਲੈ ਕੇ ਉਸ ਦੇ ਸਹੁਰੇ ਘਰ ਨੂੰ ਤੁਰ ਪਈ। ਰਸਤੇ ਵਿਚ ਫੈਸਲਾ ਹੋਇਆ ਕਿ ਮੈਂ ਮੋਹਾਲੀ ਤੋਂ ਲਿਆਂਦੀ ਗਈ ਆਧੁਨਿਕ ਜੋਤਿਸ਼ ਵਿਦਿਆ ਦੀ ਮਾਹਰ ਛੋਟੀ ਜਿਹੀ ਉਮਰ ਦੀ 'ਬਾਬਾ' ਹਾਂ ਜੋ ਉਨ੍ਹਾਂ ਦੇ ਘਰ ਚੌਂਕੀ ਲਗਾ ਕੇ ਸਮੱਸਿਆ ਦਾ ਹੱਲ ਦੱਸੇਗੀ ਤੇ ਗੀਤਾ ਮੇਰੀ ਸੇਵਾ ਵਿਚ ਚੇਲੀ ਦੀ ਭੂਮਿਕਾ ਨਿਭਾਏਗੀ। ਇਹ ਦੱਸਣਾ ਵੀ ਜ਼ਰੂਰੀ ਸੀ ਕਿ ਮੈਂ ਲੇਖਕ ਦੀ ਵਿਸ਼ੇਸ਼ ਬੇਨਤੀ ਉਤੇ ਮੋਹਾਲੀ ਤੋਂ ਆਈ ਹਾਂ ਤੇ ਉਂਝ ਤਾਂ ਮੇਰੀ ਚੌਂਕੀ ਦੀਆਂ ਧੁੰਮਾਂ ਏਨੀ ਦੂਰ ਤਕ ਹਨ ਕਿ ਲੋਕਾਂ ਦੀ ਭੀੜ ਕਾਰਨ ਮੈਂ ਆਪਣਾ ਡੇਰਾ ਸੁੰਨਾ ਨਹੀਂ ਛੱਡ ਸਕਦੀ।

ਇਹ ਸਾਰੀ ਸਕੀਮ ਨੂੰ ਲੇਖਕ ਦੀ ਪਤਨੀ ਤੋਂ ਵੀ ਛੁਪਾ ਕੇ ਰੱਖਣਾ ਜ਼ਰੂਰੀ ਸਮਝਿਆ ਗਿਆ ਤਾਂ ਕਿ ਉਹ ਪਰਿਵਾਰ ਨੂੰ ਸਚਾਈ ਤੋਂ ਵਾਕਿਫ ਨਾ ਕਰਵਾ ਦੇਵੇ।

ਮਿਥੀ ਸਕੀਮ ਅਨੁਸਾਰ ਅਸੀਂ ਉਨ੍ਹਾਂ ਦੇ ਸਹੁਰੇ ਘਰ ਅੱਗੇ ਮੋਟਰ ਸਾਈਕਲ ਅਤੇ ਸਕੂਟਰ ਤੇ ਜਾ ਪਹੁੰਚੇ। ਅੰਦਰ ਵੜਦਿਆਂ ਹੀ ਡਰਾਮਈ ਅੰਦਾਜ ਵਿਚ ਲੇਖਕ ਨੇ ਸਾਰੇ ਪਰਿਵਾਰ ਨੂੰ ਸਾਂਝੀ ਫਤਿਹ ਬੁਲਾ ਕੇ ਨਾਲ ਦੀ ਨਾਲ ਸਮਝਾ ਦਿੱਤਾ ਕਿ ਮੋਹਾਲੀ ਤੋਂ 'ਬਾਬੇ' ਲਿਆਂਦੇ ਨੇ ਬੜੀਆਂ ਮਿੰਨਤਾਂ ਨਾਲ, ਜਲਦੀ ਸੁੱਚੇ ਜਲ ਦਾ ਪ੍ਰਬੰਧ ਕਰੋ ਤੇ ਮੈਂ

ਸਤਿਕਾਰ ਨਾਲ ਡਾਹੀ ਮੰਜੀ ਤੇ ਸੰਤਾਂ ਵਾਂਗ ਚੌਕੜੀ ਮਾਰ ਕੇ ਬੈਠ ਗਈ ਅਤੇ ਆਪਣੀ ਚੇਲੀ ਨੂੰ ਪਾਣੀ ਲਿਆਉਣ ਦਾ ਹੁਕਮ ਦਿੱਤਾ। ਚੇਲੀ ਨੇ ਆਪਣੀ ਭੂਮਿਕਾ ਦੀ ਅਹਿਮੀਅਤ ਸਮਝਦਿਆਂ ਸੁੱਚੇ ਜਲ ਦਾ ਛਿੱਟਾ ਦੇ ਕੇ ਘਰ ਨੂੰ ਪਵਿੱਤਰ ਕਰ ਦਿੱਤਾ ਤੇ ਲੇਖਕ ਸਮੇਤ ਸਾਰਾ ਪਰਿਵਾਰ ਮੇਰੀ ਸੇਵਾ ਵਿਚ ਬੈਠ ਗਿਆ। ਇਸ ਤੋਂ ਪਹਿਲਾਂ ਅੰਦਰ ਵੜ ਕੇ ਬਿਜਲਈ ਫੁਰਤੀ ਨਾਲ ਲੇਖਕ ਨੇ ਸਾਰੇ ਪਰਿਵਾਰ ਨੂੰ ਇਹ ਵੀ ਸਮਝਾ ਦਿੱਤਾ ਸੀ ਕਿ 'ਬਾਬੇ ਬੜੇ ਗੁੱਸੇ ਖੋਰ ਨੇ ਤੇ ਕਰਨੀ ਵਾਲੇ ਨੇ, 'ਇਨ੍ਹਾਂ ਦੇ ਡੇਰਿਆਂ ਤੇ ਸੁੱਖਣਾ ਵਰ ਆਉਂਦੀਆਂ ਨੇ, 'ਸੋ ਸਾਰੀਆਂ ਨੇ ਹੁਕਮ ਮੰਨਣਾ ਹੈ, ਸੰਤਾਂ ਨੂੰ ਨਰਾਜ ਨਹੀਂ ਕਰਨਾ।'

ਮੇਰੇ ਸਾਹਮਣੇ ਲੇਖਕ ਦਾ ਸਹੁਰਾ ਇਕ ਬੀਬੀ ਦਾਹੜੀ ਵਾਲਾ ਬਜ਼ੁਰਗ ਆਦਮੀ, ਉਸ ਦੀ ਘਰ ਵਾਲੀ, ਦੋ ਪੁੱਤਰ, ਦੋ ਨੂੰਹਾਂ ਤੇ ਇਕ ਅਣ-ਵਿਆਹੁਤਾ ਲੜਕੀ ਜਿਸ ਦੀ ਵਿਆਹ ਦੀ ਉਮਰ ਟੱਪ ਚੁੱਕੀ ਸੀ ਜਾਂ ਟੱਪ ਰਹੀ ਸੀ, ਲੇਖਕ ਤੇ ਉਸ ਦੀ ਘਰ ਵਾਲੀ ਭਾਵ ਸਾਰਾ ਪਰਿਵਾਰ ਸਹਿਮਿਆ ਬੈਠਾ ਸੀ ਜਿਵੇਂ ਹੁਣੇ ਹੀ ਉਹ ਘਰ ਵਿਚਲੇ ਪਰੇਤ ਪਰਛਾਵੇਂ ਤੇ ਮੇਰਾ ਘੋਲ ਵੇਖਣ ਵਾਲੇ ਹਨ ਤੇ ਇਸ ਘੋਲ ਨੇ ਉਨ੍ਹਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਲੈਣਾ ਹੋਵੇ। ਮੈਂ ਸਾਰੇ ਪਰਿਵਾਰ ਵੱਲ ਆਪਣੇ ਬਾਬਿਆਂ ਵਾਲੇ ਰੁਤਬੇ ਨੂੰ ਕਾਇਮ ਰੱਖਦਿਆਂ ਇੰਜ ਨਜ਼ਰ ਘੁਮਾਈ ਜਿਵੇਂ ਹੁਣੇ ਹੀ ਮੈਨੂੰ ਆਕਾਸ਼ ਵੱਲੋਂ ਕੋਈ ਇਲਹਾਮ ਉਤਰ ਆਣਾ ਹੋਵੇ। ਪਰਿਵਾਰ ਹੋਰ ਸਹਿਮ ਗਿਆ ਤੇ ਮੇਰੀ ਨਜ਼ਰ ਘਰ ਦੇ ਮੁਖੀ ਤੇ ਦੁਖੀ ਬਜ਼ੁਰਗ ਤੇ ਪਈ ਜੋ ਮੈਨੂੰ ਆਪਣੇ ਦਾਦੇ ਵਰਗਾ ਲੱਗਿਆ। ਮੈਂ ਪਲ ਦੀ ਪਲ ਭਾਵੁਕ ਹੋ ਗਈ ਕਿ ਉਮਰ ਦੇ ਰੁਤਬੇ ਅਨੁਸਾਰ ਮੈਂ ਦਾਦੇ ਅੱਗੇ ਝੁਕ ਕੇ ਬੈਠਣਾ ਸੀ ਪਰ ਇਹ ਕੈਸਾ ਪੀਰਾਂ-ਫਕੀਰਾਂ ਦਾ ਮੇਰਾ ਪੰਜਾਬ ਜਿਥੇ ਅਨਪੜ੍ਹਤਾ ਤੇ ਚੇਤਨਤਾ ਦੀ ਘਾਟ ਕਾਰਨ ਪੋਤਰੀ ਅੱਗੇ ਦਾਦਾ ਕਿਸੇ ਅਣਦਿਸ ਡਰ ਕਾਰਨ ਸਹਿਮਿਆ ਬੈਠਾ ਹੈ।

ਮੈਂ ਆਪਣੀਆਂ ਭਾਵਨਾਵਾਂ ਤੇ ਕਾਬੂ ਪਾਇਆ ਤੇ ਆਪਣੇ ਫਰਜ਼ ਨੂੰ ਯਾਦ ਕੀਤਾ ਕਿ ਇਸ ਦਾਦੇ ਦੀ ਮੁਕਤੀ ਲਈ ਪੋਤਰੀ ਵੱਲੋਂ ਕੀਤਾ ਜਾਣ ਵਾਲਾ ਨਾਟਕ ਬਹੁਤ ਜ਼ਰੂਰੀ ਹੈ। ਮੈਂ ਰੋਹਬਦਾਰ ਆਵਾਜ਼ ਵਿਚ ਸਾਰੇ ਪਰਿਵਾਰ ਨੂੰ ਭੈਅ ਮੁਕਤ ਹੋਣ ਲਈ ਕਿਹਾ ਕਿਉਂਕਿ ਬਾਬਿਆਂ ਦੇ ਹੁੰਦੇ ਕੋਈ ਪ੍ਰੇਤ ਆਤਮਾ ਨਹੀਂ ਆ ਸਕਦੀ। ਮੈਂ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਆਖਿਆ ਕਿ ਘਟਨਾ ਦਾ ਤਰਤੀਬਵਾਰ ਵੇਰਵਾ ਸਮਝਾਉਣ। ਮੇਰੀ ਨਜ਼ਰ ਇਕ ਵੀਹ ਕੁ ਸਾਲ ਦੀ ਲੜਕੀ ਤੇ ਪਈ ਜੋ ਸੁੰਦਰ ਤੇ ਥੋੜ੍ਹੀ ਜਿਹੀ ਪੜ੍ਹੀ-ਲਿਖੀ ਤੇ ਸ਼ਹਿਰੀ ਜਾਪਦੀ ਸੀ ਅਤੇ ਉਸਨੇ ਮੱਥੇ ਉਪਰਲੇ ਵਾਲਾਂ ਦੀ ਕਿਸੇ ਫਿਲਮੀ ਐਕਟਰੈਸ ਵਾਂਗ ਕਟਿੰਗ ਕਰਵਾਈ ਹੋਈ ਸੀ ਤੇ ਮੈਨੂੰ ਯਾਦ ਨਹੀਂ ਆ ਰਿਹਾ ਸੀ ਕਿ ਕਿਸ ਐਕਟਰੈਸ ਦੇ ਵਾਲ ਇੰਝ ਕੱਟੇ ਹੋਏ ਨੇ।

ਮੈਂ ਦੋ ਮਿੰਟ ਲਈ ਆਪਣੀਆਂ ਨਜ਼ਰਾਂ ਉਸ ਦੇ ਚਿਹਰੇ ਤੇ ਗੱਡ ਲਈਆਂ। ਉਸ

ਨੇ ਇਕ ਦਮ ਨੀਵੀਂ ਪਾ ਲਈ ਤੇ ਮੈਂ ਤੱਕਦੀ ਰਹੀ। ਉਸ ਨੇ ਚੋਰ ਅੱਖ ਨਾਲ ਮੈਨੂੰ ਤੱਕਣ ਦੀ ਕੋਸ਼ਿਸ਼ ਕੀਤੀ ਪਰ ਮੈਂ ਉਸ ਵੱਲ ਤੱਕੀ ਜਾ ਰਹੀ ਸੀ ਤੇ ਉਸਨੇ ਮੈਥੋਂ ਇਕ ਦਮ ਫੇਰ ਨਜ਼ਰ ਚੁਰਾ ਲਈ। ਉਹ ਇਕ ਦਮ ਖੜ੍ਹੀ ਹੋ ਗਈ ਤੇ ਮੈਂ ਆਪਣੀਆਂ ਅੱਖਾਂ ਨਾਲ ਹੀ ਉਸ ਨੂੰ ਸਵਾਲ ਕੀਤਾ ਤਾਂ ਉਹ ਇਕ ਦਮ ਸਮਝ ਗਈ ਤੇ ਬੋਲੀ।

'ਜੀ ਚਾਹ........।' ਤੇ ਫੇਰ ਨੀਵੀਂ ਪਾ ਕੇ ਖੜੀ ਰਹੀ ਜਿਵੇਂ ਮੇਰਾ ਧਿਆਨ ਉਹ ਚਾਹ ਵੱਲ ਲਗਾਉਣਾ ਚਾਹੁੰਦੀ ਹੋਵੇ। ਫੇਰ ਇਕ ਦਮ ਜਿਵੇਂ ਸਾਰੇ ਪਰਿਵਾਰ ਨੂੰ ਚੇਤਾ ਆ ਜਾਂਦਾ ਹੋਵੇ। ਬਜ਼ੁਰਗ ਨੇ ਬਾਬਿਆਂ ਲਈ ਚਾਹ ਦੀ ਸੇਵਾ ਦਾ ਆਦੇਸ਼ ਦਿੱਤਾ ਤੇ ਮੈਂ ਆਪਣਾ ਸਿਰ ਹਿਲਾ ਕੇ ਚਾਹ ਪੀਣ ਦੀ ਪਰਵਾਨਗੀ ਦਿੱਤੀ ਤਾਂ ਲੜਕੀ ਰਸੋਈ ਵਿਚ ਚਲੀ ਗਈ। ਮੇਰੀ ਨਜ਼ਰ ਰਾਹੀਂ ਹੀ ਸਵਾਲ ਸਮਝਦਿਆਂ ਚੇਲੀ ਗੀਤਾ ਰਸੋਈ ਵਿਚ ਗਈ ਤਾਂ ਕਿ ਬਾਬਿਆਂ ਲਈ ਸੁੱਚੀ ਚਾਹ ਉਹ ਕੋਲ ਖੜ੍ਹ ਕੇ ਬਣਵਾ ਸਕੇ। 'ਸਿਆਣੀ' ਹੋਣ ਦਾ ਪ੍ਰਭਾਵ ਦੇਣ ਵਾਲੀ ਮੈਂ ਬਹੁਤ ਘੱਟ ਬੋਲੀ। ਕੇਵਲ ਹੱਥ, ਸਿਰ ਤੇ ਅੱਖਾਂ ਰਾਹੀਂ ਹੀ ਆਦੇਸ਼ ਹੁੰਦੇ ਰਹੇ ਤੇ ਚੇਲੀ ਅਤੇ ਮੇਰੇ ਸਮਰਥਕਾਂ ਦੇ ਮਾਧਿਅਮ ਰਾਹੀਂ ਪਰਿਵਾਰ ਤਕ ਸੰਚਾਰ ਹੁੰਦਾ ਰਿਹਾ।

ਜਿੰਨੀ ਦੇਰ ਚਾਹ ਬਣ ਰਹੀ ਸੀ, ਮੈਂ ਬਜ਼ੁਰਗ ਨੂੰ ਕੋਲ ਬੁਲਾ ਕੇ ਘਟਨਾ ਦਾ ਵੇਰਵਾ, ਸਥਾਨ ਤੇ ਸਮਾਂ ਦੱਸਣ ਲਈ ਆਖਿਆ ਤੇ ਪ੍ਰੇਤ ਦੀ ਕਰੋਪੀ ਦੇ ਸ਼ਿਕਾਰ ਦਾ ਨਾਂ ਦੱਸਣ ਲਈ ਵੀ ਆਖਿਆ। ਬਜ਼ੁਰਗ ਨੇ ਸਹਿਮੀ ਅਤੇ ਰੋਣਂਹਾਕੀ ਆਵਾਜ਼ ਵਿਚ ਦੱਸਿਆ "ਸੱਤ-ਅੱਠ ਦਿਨਾਂ ਤੋਂ ਖਾਂਦਿਆਂ ਨੂੰ ਖਾਣ ਨਹੀਂ, ਪੀਦਿਆਂ ਨੂੰ ਪੀਣ ਨਹੀਂ। ਸਾਡੇ ਤੇ ਕਿਰਪਾ ਕਰੋ। ਭਲਾ ਹੋਵੇ ਸਾਡੇ ਜਵਾਈ ਦਾ ਜੋ ਤੁਹਾਡੇ ਚਰਨ ਸਾਡੇ ਘਰ ਪਵਾਏ ਨੇ। ਪਹਿਲਾਂ ਤਾਂ ਇਹ ਨਹੀਂ ਸੀ ਮੰਨਦਾ ਪਰ ਜਦੋਂ ਅੱਖੀ ਵੇਖਿਆ ਤਾਂ ਮੰਨਣ ਲੱਗਾ।"

'ਕੀ ਵੇਖਿਆ ?' ਮੈਂ ਪੁੱਛਿਆ

"ਖੂਨ-ਹੋਰ ਕੀ ? ਸਾਰੇ ਘਰ ਵਿਚ ਖੂਨ ਦੇ ਛਿੱਟੇ ਪੈਂਦੇ ਸਨ।"

"ਚਾਹ ਦੀ ਪਤੀਲੀ ਵਿੱਚ ਸੁਆਹ ਪੈ ਜਾਂਦੀ ਸੀ। ਗੁੰਨੇ ਆਟੇ ਵਿਚ ਗੰਦ-ਮੰਦ ਖਿੱਲਰ ਜਾਂਦਾ ਤੇ........।" ਬਜ਼ੁਰਗ ਡੁਸਕ ਪਿਆ।

'ਹੋਰ ?' ਮੈਂ ਆਖਿਆ।

'ਜੋ ਵੀ ਕੋਈ ਕਿੰਤੂ-ਪਰੰਤੂ ਕਰਦਾ ਉਸੇ ਤੇ ਕਰੋਪੀ ਆ ਜਾਂਦੀ। ਅਸਲ ਵਿਚ ਚੀਜ਼ ਬਹੁਤ ਤਕੜੀ ਸੀ।"

"ਕਿਵੇਂ ?" ਮੈਂ ਫਿਰ ਜ਼ੋਰ ਦੇ ਕੇ ਪੁੱਛਿਆ

'ਜਿਵੇਂ ਰਾਤ ਮੇਰਾ ਜਵਾਈ ਆਖਣ ਲੱਗਿਆ ਕਿ ਪੜਤਾਲ ਤਾਂ ਕਰੀਏ ਇਹ ਸਭ ਕਿਵੇਂ ਹੁੰਦੈ? ਏਨਾ ਆਖਣ ਦੀ ਦੇਰ ਸੀ ਕਿ ਉਸ ਦੀ ਰਜਾਈ ਤੇ ਵੀ ਖੂਨ ਲੱਗ ਗਿਆ। ਮੇਰੀ ਵੱਡੀ ਲੜਕੀ (ਲੇਖਕ ਦੀ ਬੀਵੀ) ਰੋਟੀ ਪਕਾਉਣ ਲੱਗੀ, ਉਸ ਦੀ ਚੁੰਨੀ

ਖਰਾਬ ਹੋ ਗਈ। ਖ਼ੂਨ ਲੱਗ ਗਿਆ। ਸਰਾਹਣਿਆਂ, ਚਾਦਰਾਂ ਤੇ ਖ਼ੂਨ। ਬੱਸ ਜੀ-ਕੀ-ਕੀ- ਦੱਸਾਂ।"

"ਸਭ ਤੋਂ ਵੱਧ ਦੁੱਖ ਕਿਸ ਨੂੰ ਦਿੱਤਾ ਤੇ ਕੱਪੜੇ ਕਿਸ ਦੇ ਖਰਾਬ ਹੋਏ।" ਮੈਂ ਪੁੱਛਿਆ।

"ਜੀ ਆਹ ਆਪਣੀ ਛੋਟੀ ਬਹੂ (ਜੋ ਰਸੋਈ ਵਿਚੋਂ ਵੀ ਚੌਕੰਨੀ ਹੋ ਕੇ ਮੇਰੇ ਵੱਲ ਤੱਕ ਰਹੀ ਸੀ) ਇਸ ਨੂੰ ਤਾਂ ਦਿਖਾਈ ਵੀ ਦਿੱਤਾ। ਪਰ ਇਹ ਬੜੀ ਦਲੇਰ ਨਿਕਲੀ।" ਬਜ਼ੁਰਗ ਖ਼ੁਸ਼ ਹੋ ਕੇ ਦੱਸ ਰਿਹਾ ਸੀ।

"ਜੀ ਉਸਨੇ ਰੌਲਾ ਪਾਇਆ 'ਕਾਲਾ-ਕਾਲਾ, ਚਾਰ ਪੈਰਾਂ ਵਾਲਾ ਪਰਛਾਵਾਂ ਹੈ, ਮੇਰਾ ਗਲਾ ਘੁੱਟ ਰਿਹਾ ਹੈ, ਮਾਰੋ-ਮਾਰੋ।' ਅਸੀਂ ਉਸ ਨੂੰ ਫੜਨਾ ਚਾਹਿਆ, ਕੁਝ ਵੀ ਵਿਖਾਈ ਨਹੀਂ ਦੇ ਰਿਹਾ ਸੀ ਪਰ ਲੜਕੀ ਐਨੀ ਦਲੇਰ ਨਿਕਲੀ ਕਿ ਉਸ ਨੇ ਸੋਟੀ ਚੁੱਕੀ ਤੇ ਜੋ ਚੀਜ਼ ਉਸ ਨੂੰ ਵਿਖਾਈ ਦੇ ਰਹੀ ਸੀ, ਕੁੱਟਣਾ ਸ਼ੁਰੂ ਕਰ ਦਿੱਤਾ ਤੇ ਲਲਕਾਰਿਆ ਦੱਸ ਹੁਣ ਖ਼ੂਨ ਦੇ ਛਿੱਟੇ ਪਾਏਂਗੀ? ਤੇ ਜਦੋਂ ਕੁੱਟ-ਕੁੱਟ ਕੇ ਹੰਭ ਗਈ ਤਾਂ ਉਸਨੇ ਦੱਸਿਆ ਕਿ ਮੈਂ ਚੀਜ਼ ਨੂੰ ਮਾਰ ਦਿੱਤਾ ਹੈ। ਹੁਣ ਖ਼ੂਨ ਦੇ ਛਿੱਟੇ ਨਹੀਂ ਪੈਣਗੇ। ਕੋਈ ਹੋਰ ਹੁੰਦਾ ਤਾਂ ਚੀਜ਼ ਨੂੰ ਵੇਖ ਕੇ ਈ ਘਬਰਾ ਜਾਂਦਾ। ਪਹਿਲਾਂ ਤਾਂ ਉਹ ਵੀ ਘਬਰਾਉਂਦੀ ਸੀ ਪਰ ਪਰਸੋਂ ਤਾਂ ਉਸ ਦੀ ਦਲੇਰੀ ਨੇ ਸਾਨੂੰ ਹੈਰਾਨ ਕਰ ਦਿੱਤਾ। ਨਾਲੇ ਖ਼ੂਨ ਦਾ ਛਿੱਟਾ ਉਸ ਤੋਂ ਮਗਰੋਂ ਕੋਈ ਨਹੀਂ ਪਿਆ।" ਬਜ਼ੁਰਗ ਏਨਾ ਆਖਦਿਆਂ ਚੁੱਪ ਹੋ ਗਿਆ।

'ਖ਼ੂਨ ਦੇ ਛਿੱਟੇ ਕਿੰਨੇ ਦਿਨ ਤੋਂ ਪੈ ਰਹੇ ਹਨ? ਮੈਨੂੰ ਖ਼ੂਨ ਨਾਲ ਲਿਬੜੇ ਕੱਪੜੇ ਵਿਖਾਏ ਜਾਣ।' ਮੈਂ ਹੁਕਮ ਦਿੱਤਾ।

'ਜੀ ਸੱਤ ਕੁ ਦਿਨ ਪਹਿਲਾਂ ਸ਼ੁਰੂ ਹੋਏ ਸੀ ਤੇ ਪਰਸੋਂ ਰਾਤ ਨੂੰ ਬਹੂ ਨੇ ਜਦੋਂ ਚੀਕ ਮਾਰੀ ਹੈ, ਉਸ ਤੋਂ ਮਗਰੋਂ ਖ਼ੂਨ ਦੇ ਛਿੱਟੇ ਤਾਂ ਨਹੀਂ ਪਏ, ਚਾਹ ਤੇ ਖਾਣ ਵਾਲੀਆਂ ਚੀਜ਼ਾਂ ਵਿਚ ਗੰਦ-ਮੰਦ ਜਾਂ ਸੁਆਹ ਪੈਂਦੀ ਰਹੀ। ਕੁੱਲ ਮਿਲਾ ਕੇ ਖ਼ੂਨ ਦੇ ਛਿੱਟੇ ਤਾਂ ਪੰਜ ਕੁ ਦਿਨ ਪਏ ਹੋਣਗੇ।'

ਹੁਣ ਮਾਮਲਾ ਇਕ ਦਮ ਮੇਰੀ ਸਮਝ ਵਿਚ ਆ ਚੁੱਕਾ ਸੀ ਪਰ ਪਰਿਵਾਰ ਨੂੰ ਸਮਝਾਉਣਾ ਬਾਕੀ ਸੀ। ਮੈਨੂੰ ਜਾਪਿਆ 'ਸਿੱਧੀ' ਉਂਗਲੀ ਨਾਲ ਹੀ ਘਿਉ ਨਿਕਲ ਸਕਦਾ ਹੈ।

'ਚੇਲੀ' ਉਸ ਐਕਟਰੈਸ ਜਾਪਦੀ ਛੋਟੀ ਬਹੂ ਨਾਲ ਚਾਹ ਲੈ ਕੇ ਆ ਗਈ। ਮੈਂ ਹੱਥ ਧੋ ਕੇ ਸੁੱਚੇ ਕਰਨ ਦਾ ਪਾਖੰਡ ਕੀਤਾ। ਕੁਰਲੀ ਕੀਤੀ ਤੇ ਪੈਰ ਵੀ ਸੁੱਚੇ ਕੀਤੇ ਤੇ ਚਾਹ ਪੀਣ ਲੱਗੀ ਤੇ ਮੈਂ ਪੁੱਛਿਆ ਕਿ ਹੁਣ ਤਾਂ ਚਾਹ ਠੀਕ ਹੈ, ਹੁਣ ਸੁਆਹ ਕਿਉਂ ਨਹੀਂ ਪਈ?

'ਅੱਜ ਤਾਂ ਬਾਬਿਆਂ ਨੇ ਪਹਿਰਾ ਲਾ ਦਿੱਤਾ, ਹੁਣ ਕਿਵੇਂ ਪਤੀਲਾ ਵਿਹੜੇ 'ਚ ਵੱਜਦਾ।" ਚੇਲੀ ਨੇ ਸ਼ਰਾਰਤ ਨਾਲ ਆਖਿਆ। ਪਰ ਮੈਂ ਬਾਕੀਆਂ ਤੋਂ ਨਜ਼ਰ ਚੁਰਾ ਕੇ

ਉਸ ਵੱਲ ਘੂਰੀ ਵੱਟੀ ਤਾਂ ਕਿ ਕੀਤੀ ਕਰਾਈ ਤੇ ਪਾਣੀ ਨਾ ਫੇਰ ਦੇਵੇ।

ਮੈਂ ਚਾਹ ਪੀਦਿਆਂ ਹੀ ਖਰਾਬ ਹੋਏ ਕੱਪੜੇ ਵਿਖਾਉਣ ਲਈ ਹੁਕਮ ਦਿੱਤਾ ਤਾਂ ਐਕਟਰੈਸ ਜਾਪਦੀ ਲੜਕੀ ਨੇ ਹੁਸ਼ਿਆਰੀ ਨਾਲ ਉਤਰ ਦਿੱਤਾ 'ਕੱਪੜੇ ਤਾਂ ਧੋ ਦਿੱਤੇ ਨੇ।'

'ਪਰ ਧੋਣ ਮਗਰੋਂ ਵੀ ਖ਼ੂਨ ਦੇ ਦਾਗ ਪੂਰੇ ਨਹੀਂ ਉਤਰੇ। ਨਾਲੇ ਰਜਾਈ ਤਾਂ ਅਜੇ ਧੋਣ ਵਾਲੀ ਐ ਉੱਤੇ ਗਿਲਾਫ ਨਹੀਂ ਨਾ ਚੜ੍ਹਿਆ ਸੀ, ਰੂੰਅ ਕੱਢ ਕੇ ਹੀ ਧੋਣੀ ਪਊਗੀ।' ਵਿਆਹ ਲਈ ਉਪਰ ਲੰਘਾ ਚੁੱਕੀ ਲੜਕੀ ਬੋਲੀ।

'ਬਹਿਸ ਨਹੀਂ ਕੱਪੜੇ ਵਿਖਾਓ ਮੈਂ ਗਰਜ਼ ਕੇ ਆਖਿਆ ਤਾਂ ਇਕ ਦਮ ਪਰਿਵਾਰ ਵਿਚ ਚੁੱਪ ਤਣ ਗਈ ਤੇ ਚੇਲੀ ਨੇ ਮੌਕਾ ਤਾੜਦਿਆਂ ਲੜਕੀ ਨੂੰ ਕੱਪੜੇ ਲਿਆਉਣ ਲਈ ਸਮਝਾ ਦਿੱਤਾ ਪਰ ਉਹ ਐਕਟਰੈਸ ਜਾਪਦੀ ਲੜਕੀ ਕੱਪੜੇ ਵਿਖਾਉਣ ਵਿਚ ਲੋੜ ਤੋਂ ਵੱਧ ਸਮਾਂ ਲਗਾ ਰਹੀ ਸੀ। ਅਖੀਰ ਉਸ ਦੀ ਸੱਸ ਆਪ ਅੰਦਰ ਕੱਪੜੇ ਲੈਣ ਲਈ ਚਲੀ ਗਈ ਤਾਂ ਕਿ ਬਾਬੇ ਕਰੋਪ ਨਾ ਹੋ ਜਾਣ।

'ਜਦੋਂ ਚਾਹ ਦੇ ਪਤੀਲੇ ਵਿਚ ਸੁਆਹ ਪਈ ਤਾਂ ਤੂੰ ਓਥੇ ਸੀ?' ਮੈਂ ਵਿਆਹ ਦੀ ਉਮਰ ਲੰਘਾ ਚੁੱਕੀ ਲੜਕੀ ਵੱਲ ਮੂੰਹ ਘੁਮਾ ਕੇ ਪੁੱਛਿਆ।

'ਜੀ ਨਹੀਂ।' ਉਸ ਨੇ ਕਿਹਾ।

'ਪਹਿਲਾਂ ਕਿਸ ਨੇ ਵੇਖਿਆ?' ਮੈਂ ਪੁੱਛਿਆ

'ਜੀ ਛੋਟੀ ਭਰਜਾਈ ਨੇ।'

'ਜਦੋਂ ਪਤੀਲਾ ਵਿਹੜੇ ਵਿਚ ਡਿੱਗਾ ਤਾਂ ਰਸੋਈ ਵਿਚ ਕੌਣ ਸੀ?" ਮੈਂ ਜ਼ੋਰ ਦੇ ਕੇ ਪੁੱਛਿਆ

'ਲਗਦੈ ਕੋਈ ਨਹੀਂ ਸੀ' ਬਜ਼ੁਰਗ ਬੋਲ ਪਿਆ।

'ਨਹੀਂ-ਜੀ, ਭਰਜਾਈ ਸੀ।' ਲੜਕੀ ਇਕ ਦਮ ਬੋਲ ਪਈ।

'ਕਿਹੜੀ ਭਰਜਾਈ? ਮੈਂ ਪੁੱਛਿਆ

'ਜੀ ਛੋਟੀ' ਲੜਕੀ ਸਹਿਮ ਗਈ ਸੀ।

'ਹੋਰ ਕੀ ਹੋਇਆ?' ਮੈਂ ਪੁੱਛਿਆ

'ਜੀ ਇਕ ਦਿਨ ਵੱਡੀ ਭਰਜਾਈ ਦੀ ਪੇਟੀ ਵਿਚ ਆਟੇ ਦਾ ਦੀਵਾ ਵੀ ਜਗ ਰਿਹਾ ਸੀ।' ਲੜਕੀ ਨੇ ਹੋਰ ਜਾਣਕਾਰੀ ਦਿੱਤੀ।

'ਉਸ ਦੇ ਕੁਝ ਕੱਪੜੇ ਵੀ ਸੜ ਗਏ।'

'ਉਸ ਨੂੰ ਦੀਵਾ ਜਗਣ ਬਾਰੇ ਸੂਚਨਾ ਕਿਸ ਨੇ ਦਿੱਤੀ?' ਮੈਂ ਸਵਾਲ ਕੀਤਾ

'ਜੀ ਜਦੋਂ ਉਹ ਅੰਦਰ ਗਈ ਤਾਂ ਛੋਟੀ ਭਰਜਾਈ ਨੇ ਚਾਦਰ ਮੰਗੀ ਕਿਉਂਕਿ ਉਸਦੇ ਕੱਪੜੇ ਤਾਂ ਖਰਾਬ ਹੋ ਗਏ ਸੀ ਤੇ ਜਦੋਂ ਉਹ ਪੇਟੀ ਵਿਚੋਂ ਚਾਦਰ ਕੱਢਣ ਲੱਗੀ ਤਾਂ ਦੀਵਾ ਵੇਖ ਕੇ ਚੀਕਾਂ ਮਾਰਨ ਲੱਗ ਪਈ। ਫੇਰ ਉਹ ਦੀਵਾ ਅਸੀਂ ਸਾਰਿਆਂ ਨੇ

ਵੇਖਿਆ, ਆਟੇ ਦਾ ਬਣਿਆ ਸੀ।

'ਆਟਾ ਕਿੰਨਾ ਕੁ ਤਾਜ਼ਾ ਲੱਗਦਾ ਸੀ?'

'ਇਉਂ ਲਗਦਾ ਸੀ ਕਿ ਜਿਵੇਂ ਤਾਜਾ ਆਟਾ ਗੁੰਨਿਆ ਹੋਵੇ। ਅਸੀਂ ਰਸੋਈ ਵਿਚ ਗਏ ਤਾਂ ਆਟੇ ਵਿਚ ਸੁਆਹ ਪਈ ਸੀ।' ਉਸ ਨੇ ਦੱਸਿਆ

ਇਤਨੇ ਚਿਰ ਮਗਰੋਂ ਸੱਸ ਕੱਪੜੇ ਲੈ ਕੇ ਆ ਗਈ ਤੇ ਮੈਂ ਦੇਖਿਆ ਉਹ ਐਕਟਰੈਸ ਜਾਪਦੀ ਲੜਕੀ ਦਰਵਾਜੇ ਦੇ ਪਿੱਛੇ ਹੀ ਖੜੀ ਰਹੀ। ਮੈਂ ਸਿਰਾਹਣਿਆਂ ਦੇ ਗਲਾਫ ਵੇਖੇ। ਧੋਣ ਉਪਰੰਤ ਵੀ ਖ਼ੂਨ ਦੇ ਨਿਸ਼ਾਨ ਮੇਰੇ ਸ਼ੱਕ ਨੂੰ ਯਕੀਨ ਵਿਚ ਬਦਲ ਗਏ। ਬਿਨਾ ਧੋਤੀ ਰਜਾਈ ਤੇ ਖ਼ੂਨ ਮਿਲੇ ਜਾਲਿਆਂ ਦੇ ਨਿਸ਼ਾਨ ਸਨ। ਹੁਣ ਮੇਰੇ ਕੋਲ ਸਬੂਤ ਸਨ। ਮੈਂ ਉਹ ਕੱਪੜੇ ਸੱਸ ਨੂੰ ਉਸ ਦੀ ਆਪਣੀ ਪੇਟੀ ਵਿਚ ਸਾਂਭਣ ਦੇ ਆਦੇਸ਼ ਦਿੱਤੇ ਅਤੇ ਆਖਿਆ ਕਿ 'ਬਾਬੇ ਇਕੱਲੇ ਇਕੱਲੇ ਘਰ ਦੇ ਮੈਂਬਰ ਨੂੰ ਮਿਲਣਗੇ ਤਾਂਕਿ ਸਾਰੇ ਮੈਂਬਰਾਂ ਦੇ ਕਸ਼ਟ ਨਿਵਾਰੇ ਜਾ ਸਕਣ।'

ਮੈਂ ਲੇਖਕ ਦੀ ਬੀਵੀ ਵੱਲ ਮੂੰਹ ਕੀਤਾ ਤੇ ਪੁੱਛਿਆ "ਤੁਹਾਡੇ ਕੱਪੜੇ ਖਰਾਬ ਹੋਣ ਤੇ ਤੁਹਾਨੂੰ ਕਿਵੇਂ ਪਤਾ ਲੱਗਿਆ? ਆਪਣੇ ਆਪ ਜਾਂ ਕਿਸੇ ਨੇ ਜਾਣਕਾਰੀ ਦਿੱਤੀ?"

"ਜੀ ਮੈਂ ਰਸੋਈ ਵਿਚ ਸਾਂ-ਸਾਰਾ ਟੱਬਰ ਉਦਾਸ ਸੀ। ਮੈਂ ਸੋਚਿਆ ਪਤਾ ਲੈ ਆਵਾਂ। ਇਥੇ ਪਤਾ ਲੈਣ ਆਈ ਤਾਂ ਵੇਖਿਆ ਖਾਣ ਪੀਣ ਵਾਲੀਆਂ ਚੀਜ਼ਾਂ ਖਰਾਬ ਹੋ ਜਾਂਦੀਆਂ ਨੇ। ਮੈਂ ਸੋਚਿਆ ਚਲੋ ਮੈਂ ਰੋਟੀ ਬਣਾ ਕੇ ਖਵਾ ਜਾਵਾਂ। ਦੁਪਹਿਰ ਵੇਲੇ ਮੈਂ ਰੋਟੀ ਪਕਾ ਰਹੀ ਸੀ। ਮੇਰੇ ਸਿਰ ਤੇ ਚਿੱਟਾ ਬੂਟੀਆਂ ਵਾਲਾ ਕੱਪੜਾ ਸੀ। ਮੈਨੂੰ ਛੋਟੀ ਭਰਜਾਈ ਨੇ ਆਖਿਆ ਕਿ ਭੈਣ ਜੀ ਤੁਸੀ ਚੁੰਨੀ ਬਦਲ ਲਵੋ, ਇਹ ਵੀ ਖਰਾਬ ਹੋ ਗਈ। ਜਦੋਂ ਮੈਂ ਚੁੰਨੀ ਉਤਾਰੀ ਤਾਂ ਇਕ ਲੜ ਸਾਰਾ ਖਰਾਬ ਹੋ ਚੁੱਕਿਆ ਸੀ। ਮੈਂ ਤਾਂ ਆਪ ਬਹੁਤ ਡਰ ਗਈ ਜੀ। ਮੈਂ ਅੰਦਰ ਜਾ ਕੇ ਚੁੰਨੀ ਬਦਲਣ ਲੱਗੀ। ਵਾਪਿਸ ਆ ਕੇ ਵੇਖਿਆ ਤਾਂ ਪਰਾਂਤ ਵਿਚ ਸੁਆਹ ਈ ਸੁਆਹ" ਅਤੇ ਉਹ ਸਹਿਮ ਗਈ।

'ਅੱਛਾ! ਤੈਨੂੰ ਵੀ ਖਬਰ ਭਰਜਾਈ ਨੇ ਦਿੱਤੀ। ਪਰ ਜਦੋਂ ਛੋਟੀ ਭਰਜਾਈ ਦੇ ਕੱਪੜੇ ਖਰਾਬ ਹੁੰਦੇ ਤਾਂ ਉਸ ਨੂੰ ਖਬਰ ਕੌਣ ਦਿੰਦਾ ਸੀ?' ਮੈਂ ਵਿਆਹ ਦੀ ਉਮਰ ਲੰਘਾ ਰਹੀ ਲੜਕੀ ਨੂੰ ਪੁੱਛਿਆ?

'ਜੀ ਇਕ ਦੋ-ਚਾਦਰਾਂ ਤਾਂ ਉਸ ਨੇ ਆਪ ਹੀ ਸਾਨੂੰ ਸਾਰਿਆਂ ਨੂੰ ਵਿਖਾਈਆਂ ਸੀ। ਆਟਾ ਵੀ ਉਸ ਨੇ ਹੀ ਗੁੰਨਿਆ ਸੀ, ਜਿਸ ਵਿਚ ਸੁਆਹ ਪਈ ਸੀ।'

ਹੁਣ ਮੈਂ ਆਪਣਾ ਮੂੰਹ ਵੱਡੀ ਬਹੂ ਵੱਲ ਘੁਮਾਇਆ ਤੇ ਪੁੱਛਿਆ ਕਿ 'ਪੇਟੀ ਵਿੱਚ ਦੀਵਾ ਜਗਣ ਤੋਂ ਬਿਨਾ ਹੋਰ ਤੇਰਾ ਕੀ ਨੁਕਸਾਨ ਹੋਇਆ?'

'ਨੁਕਸਾਨ ਤਾਂ ਜੀ ਕੋਈ ਨਹੀਂ ਹੋਇਆ ਪਰ ਚਾਰ ਕੁ ਦਿਨ ਪਹਿਲਾਂ ਪੇਟੀ ਦੇ ਾਲ ਕੰਧ ਤੇ ਮੇਰਾ ਖ਼ੂਨ ਨਾਲ ਨਾਂ ਲਿਖਿਆ ਹੋਇਆ ਸੀ।' ਉਸ ਨੇ ਦੱਸਿਆ

'ਕੀ ਤੂੰ ਪੜ੍ਹੀ ਲਿਖੀ ਐਂ?' ਮੈਂ ਪੁੱਛਿਆ

'ਨਹੀਂ ਜੀ – ਮੈਂ ਤਾਂ ਅਨਪੜ੍ਹ ਹਾਂ, ਥੋੜੀ-ਥੋੜੀ ਗੁਰਮੁਖੀ ਉਠਾਲ ਲੈਨੀ ਆਂ ਪਰ ਨਾਂ ਅੰਗਰੇਜੀ ਵਿਚ ਲਿਖਿਆ ਸੀ।' ਉਸਨੇ ਦੱਸਿਆ।

"ਪਰ ਤੈਨੂੰ ਕਿਵੇਂ ਪਤਾ ਲੱਗਿਆ ਤੇਰਾ ਨਾਂ ਹੈ ਤੇ ਅੰਗਰੇਜੀ ਵਿਚ ਹੈ। ਤੇਰਾ ਘਰਵਾਲਾ ਪੜ੍ਹਿਆ-ਲਿਖਿਐ ?"

"ਨਹੀਂ ਜੀ। ਅਸੀਂ ਤਾਂ ਦੋਵੇਂ ਅਨਪੜ੍ਹ ਆਂ ਤੇ ਉਹ ਤਾਂ ਮਜ਼ਦੂਰੀ ਕਰਦੈ। ਥੋਨੂੰ ਪਤਾ ਜੀ, ਜਦੋਂ ਦੀ ਘਰ ਤੇ ਸਾੜ੍ਹਸਤੀ ਜਿਹੀ ਆਈ ਐ ਅਸੀਂ ਤਾਂ ਬੌਂਦਲੇ ਪਏ ਆਂ।

ਦਰਾਣੀ ਦੇ ਕੱਪੜੇ ਖਰਾਬ ਹੋ ਗਏ ਤੇ ਉਹ ਮੈਥੋਂ ਕੱਪੜੇ ਮੰਗਣ ਆਈ। ਮੈਂ ਪੇਟੀ ਤੇ ਪਏ ਟਰੰਕ 'ਚੋਂ ਕੱਪੜੇ ਕੱਢ ਰਹੀ ਸੀ ਤਾਂ ਉਹਦੀ ਨਜ਼ਰ ਪੇਟੀ ਤੇ ਨਾਲ ਕੰਧ ਤੇ ਪੈ ਗਈ ਤੇ ਉਸੇ ਨੇ ਈ ਦੱਸਿਆ ਕਿ ਅੰਗਰੇਜ਼ੀ ਵਿਚ ਮੇਰਾ ਨਾਂ ਐ। "ਲਿਖਿਆ ਤਾਂ ਜੀ ਖ਼ੂਨ ਨਾਲ ਈ ਐ। ਜਿਵੇਂ ਮੈਲਾ ਖ਼ੂਨ ਹੋਵੇ-ਭਾਵੇਂ ਤੁਸੀਂ ਦੇਖ ਲਓ, ਅਜੇ ਵੀ ਲਿਖਿਆ ਪਿਐ।"

ਉਸਨੇ ਇਹ ਆਖਣ ਤੇ ਮੈਂ ਕਮਰੇ ਅੰਦਰ ਖ਼ੂਨ ਨਾਲ ਲਿਖਿਆ ਨਾਂ ਵੇਖਣ ਚਲੀ ਗਈ ਤੇ ਅੰਦਰ ਜਾ ਕੇ ਵੇਖਿਆ ਕਿ 'ਉਸੇ ਖ਼ੂਨ', ਨਾਲ ਨਾਂ ਲਿਖਿਆ ਹੋਇਆ ਸੀ। ਬਾਹਰ ਆ ਕੇ ਮੈਂ ਪੁੱਛਿਆ ਕਿ ਘਰ ਵਿਚ ਪੜ੍ਹੇ ਹੋਏ ਮੈਂਬਰ ਕਿੰਨੇ ਨੇ? ਤਾਂ ਵੱਡਾ ਮੁੰਡਾ ਆਖਣ ਲੱਗਿਆ 'ਛੋਟਾ ਭਰਾ ਦਸ ਪੜ੍ਹਿਐ ਜੀ, ਬਿਜਲੀ ਬੋਰਡ ਵਿਚ ਨੌਕਰੀ ਕਰਦੈ ਪਟਿਆਲੇ ਤੇ ਔਹ ਉਸ ਦੀ ਬਹੂ (ਐਕਟਰੈਸ ਜਾਪਦੀ ਲੜਕੀ ਵੱਲ ਇਸ਼ਾਰਾ ਕਰਦੇ ਹੋਏ) ਅੱਠ ਕੁ ਪੜ੍ਹੀ ਹੋਈ ਐ। ਬਾਕੀ ਅਸੀਂ ਸਾਰੇ ਅਨਪੜ੍ਹ ਈ ਆਂ।'

ਸਾਰਾ ਮਾਮਲਾ ਸੁਣ ਕੇ ਮੈਂ ਸਾਰੇ ਪਰਿਵਾਰ ਨੂੰ ਆਪੋ ਆਪਣੇ ਕੰਮ-ਧੰਦੇ ਕਰਨ ਬਾਰੇ ਆਖ ਦਿੱਤਾ ਤੇ ਇਕ ਖਾਲੀ ਕਮਰੇ ਦੀ ਮੰਗ ਕੀਤੀ ਤੇ ਕਿਹਾ ਕਿ "ਬਾਬੇ ਓਥੇ ਆਸਣ ਲਾਉਣਗੇ ਤੇ ਪਰਿਵਾਰ ਦੇ ਸਾਰੇ ਜੀਅ ਉਥੋਂ ਹੀ ਆਸ਼ੀਰਵਾਦ ਲੈ ਕੇ ਵਾਪਿਸ ਆਉਣਗੇ।"

ਅਸਲ ਵਿੱਚ ਮੈਂ ਦੋਸ਼ੀ ਨੂੰ ਇਕੱਲਿਆਂ ਕਮਰੇ ਵਿਚ ਸਮਝਾਉਣਾ ਤੇ ਮਨਾਉਣਾ ਚਾਹੁੰਦੀ ਸੀ। ਮੈਂ ਕਮਰੇ ਵਿੱਚ ਵਿਛੇ ਸਾਫ ਸੁਥਰੇ ਪਲੰਘ ਤੇ ਆਸਣ ਲਾ ਗਿਆ। ਪਾਖੰਡ ਜਿਹਾ ਕਰਦਿਆਂ ਜੋਤ ਜਗਵਾ ਲਈ ਤੇ ਕੋਲ ਪਾਣੀ ਦੀ ਗੜਵੀ ਵੀ ਰਖਵਾ ਲਈ। ਮੈਂ ਅੱਖਾਂ ਮੀਟ ਲਈਆਂ, ਬਾਹਰ ਚੇਲੀ ਨੂੰ ਪਹਿਰੇਦਾਰ ਬਣਾ ਕੇ ਖੜਾ ਕਰ ਦਿੱਤਾ ਜੋ ਸਥਿਤੀ ਤੇ ਨਜ਼ਰ ਰੱਖ ਰਹੀ ਸੀ ਤੇ ਲੇਖਕ ਅਤੇ ਵਿਦਿਆਰਥੀ ਸਾਰੇ ਨਾਟਕ ਨੂੰ ਹੈਰਾਨੀ ਨਾਲ ਵੇਖ ਰਹੇ ਸਨ। ਉਹ ਵਿਹੜੇ ਵਿਚ ਬੈਠ ਗਏ ਕਿਉਂਕਿ ਦੋਸ਼ੀ ਦਾ ਸ਼ਾਇਦ ਉਨ੍ਹਾਂ ਨੂੰ ਵੀ ਪਤਾ ਲੱਗ ਚੁੱਕਾ ਸੀ ਪਰ ਖ਼ੂਨ ਦਾ ਸਾਧਨ ਉਨ੍ਹਾਂ ਦੀ ਸਮਝ ਵਿਚ ਨਹੀਂ ਆ ਰਿਹਾ ਸੀ। ਪਰਿਵਾਰ ਦੇ ਮੈਂਬਰ ਵਾਰੋ ਵਾਰੀ ਮੇਰੇ ਪਾਸ ਆ ਰਹੇ ਸਨ ਤੇ ਮੈਂ ਮੰਤਰ ਪੜ੍ਹਨ ਦਾ ਅਭਿਨੈ ਕਰਦੀ ਤੇ ਦੋ ਕੁ ਮਿੰਟਾਂ ਬਾਅਦ ਵਾਪਿਸ ਭੇਜ ਦਿੰਦੀ। ਸਾਰੇ ਮੈਂਬਰਾਂ ਨਾਲ ਇਹ ਅਭਿਨੈ ਹੋ ਚੁੱਕਾ ਸੀ ਤੇ ਅਖੀਰ ਛੋਟੀ ਬਹੂ ਜੋ ਕਿ ਐਕਟਰੈਸ ਜਾਪਦੀ ਸੀ,

ਦੀ ਵਾਰੀ ਆਈ। ਮੰਤਰ ਪੜ੍ਹਨ ਦਾ ਅਭਿਨੈ ਹੋਇਆ ਤੇ ਫੇਰ ਮੈਂ ਉਸ ਨੂੰ ਮੰਜੇ ਤੇ ਬੈਠਣ ਦਾ ਇਸ਼ਾਰਾ ਕੀਤਾ ਤਾਂ ਉਹ ਮੱਥੇ ਵਿੱਚ ਤਿਉੜੀ ਪਾ ਕੇ ਬੈਠ ਗਈ। ਮੈਨੂੰ ਲੱਗਿਆ ਕਿ ਉਹ ਕਾਫੀ ਚੇਤਨ ਤੇ ਹੁਸ਼ਿਆਰ ਹੈ। ਮੈਂ ਉਸ ਨੂੰ ਮੰਜੇ ਤੇ ਲੇਟਣ ਲਈ ਆਖਿਆ ਤਾਂ ਉਹ ਖਿਝ ਨੂੰ ਦਬਾਉਂਦਿਆਂ ਲੇਟ ਗਈ। ਮੈਂ ਸਿੱਕਾ ਵਿਖਾ ਕੇ ਉਸ ਨੂੰ ਹਿਪਨੋਟਾਈਜ਼ ਕਰਨ ਦਾ ਯਤਨ ਕੀਤਾ ਪਰ ਉਸਨੇ ਮਨ ਹੀ ਮਨ ਹਿਪਨੋਟਾਈਜ਼ ਨਾ ਹੋਣ ਦੀ ਕਸਮ ਖਾ ਲਈ ਸੀ ਤੇ ਅਖੀਰ ਜਦੋਂ ਉਸ ਨੂੰ ਲੱਗਿਆ ਕਿ ਹੁਣ ਨੀਂਦ ਤੇ ਉਸ ਦਾ ਕਾਬੂ ਨਹੀਂ ਰਹਿਣਾ ਤਾਂ ਉਸ ਨੇ ਪੈਰਾਂ ਦੀਆਂ ਉਂਗਲਾਂ ਅਕੜਾਉਣੀਆਂ ਸ਼ੁਰੂ ਕਰ ਦਿੱਤੀਆਂ। ਉਹ ਮੇਰੇ ਰੋਕਣ ਦੇ ਬਾਵਜੂਦ ਅੱਖਾਂ ਝਪਕਣ ਲੱਗ ਪਈ। ਅਖੀਰ ਉੱਠ ਕੇ ਬੈਠ ਗਈ। ਉਸ ਦੀ ਇਸ ਕਾਰਵਾਈ ਤੋਂ ਮੈਨੂੰ ਲੱਗਿਆ ਕਿ ਉਹ ਹਿਪਨੋਟਾਈਜ਼ ਬਾਰੇ ਕਿੱਧਰੋਂ ਪੜ੍ਹ ਚੁੱਕੀ ਹੈ। ਸੋ ਹੁਣ ਮੈਂ ਉਸ ਨੂੰ ਵਿਸ਼ਵਾਸ ਵਿਚ ਲੈਣਾ ਬੰਦ ਕਰ ਦਿੱਤਾ ਤੇ ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਲਗਾਤਾਰ ਵੇਖਣ ਲੱਗੀ ਤਾਂ ਉਸ ਨੇ ਖਿੱਝ ਕੇ ਨੀਵੀਂ ਪਾ ਲਈ ਤੇ ਝਟਕੇ ਨਾਲ ਉਠ ਕੇ ਦਰਵਾਜੇ ਵੱਲ ਵਧੀ ਤੇ ਬੁੜਬੁੜਾਈ –

'ਇਹ ਬਕਵਾਸ ਦਾ ਕੀ ਫਾਇਦਾ?'

ਮੈਂ ਹੌਂਸਲੇ ਨਾਲ ਉਠ ਕੇ ਉਸ ਨੂੰ ਬਾਹੋਂ ਫੜ ਲਿਆ ਕਿਉਂਕਿ ਸਰੀਰਕ ਪੱਖੋਂ ਉਹ ਮੈਥੋਂ ਕਮਜ਼ੋਰ ਤੇ ਕੱਦ ਵਿਚ ਛੋਟੀ ਸੀ ਤੇ ਅੱਗੇ ਵਧ ਕੇ ਕੁੰਡੀ ਲਗਾ ਲਈ ਤੇ ਉਸ ਲੜਕੀ ਵੱਲ ਵੇਖਦਿਆਂ ਆਖਿਆ

"ਮੈਨੂੰ ਇਸ ਗੱਲ ਨੇ ਬੇਹੱਦ ਖੁਸ਼ੀ ਦਿੱਤੀ ਹੈ ਕਿ ਸਾਰੇ ਪਰਿਵਾਰ ਵਿਚ ਤੂੰ ਹੀ ਇਕ ਐਸੀ ਲੜਕੀ ਏਂ ਜੋ ਵਹਿਮੀ ਨਹੀਂ। ਭੂਤਾਂ-ਪਰੇਤਾਂ ਤੋਂ ਨਹੀਂ ਡਰਦੀ ਤੇ ਸਿਆਣਿਆਂ ਤੋਂ ਨਹੀਂ ਡਰਦੀ ਤੇ ਵਿਅੰਗ ਨਾਲ ਉਸ ਵੱਲ ਵੇਖਿਆ।

'ਹਾਂ ਮੈਂ ਕਿਸੇ ਚੀਜ਼ ਨੂੰ ਨਹੀਂ ਮੰਨਦੀ। ਇਹ ਸਭ ਬਕਵਾਸ ਹੈ। ਮੈਨੂੰ ਬਾਹਰ ਜਾਣ ਦਿਓ।' ਉਸ ਨੇ ਖਿਝ ਕੇ ਆਖਿਆ ਤੇ ਮੁਕਾਬਲਾ ਕਰਨ ਲਈ ਤਿਆਰ ਹੋ ਗਈ।

"ਵੈਰੀ ਗੁੱਡ, ਤਾਂ ਫੇਰ ਤੂੰ ਤਰਕਸ਼ੀਲ ਦੀਆਂ ਕਿਤਾਬਾਂ ਵੀ ਪੜ੍ਹੀਆਂ ਹੋਈਆਂ ਨੇ ਤੇ ਉਨ੍ਹਾਂ ਦੇ ਹਿਪਨੋਟਿਜ਼ਮ ਬਾਰੇ ਲੇਖ ਵੀ ਪੜ੍ਹ ਚੁੱਕੀ ਹੈ। ਪਰੇਤ ਆਤਮਾ ਤੈਨੂੰ ਤੰਗ ਕਰੇਗੀ ਮੂਰਖ।" ਇਹ ਆਖਦਿਆਂ ਮੈਂ ਹੱਸਣ ਲੱਗ ਪਈ ਤੇ ਉਹ ਵੀ ਹੱਸਣ ਲੱਗ ਪਈ ਕਿਉਂਕਿ ਦੋਵਾਂ ਦਾ ਰਾਜ ਖੁੱਲ੍ਹ ਰਿਹਾ ਸੀ । ਉਸ ਦੇ ਤਰਕਸ਼ੀਲ ਹੋਣ ਬਾਰੇ ਤੇ ਮੇਰੇ 'ਸਿਆਣੀ' ਬਣਨ ਬਾਰੇ।

'ਪਰ ਤੁਹਾਨੂੰ ਕੀ ਪਤੈ?" ਉਸਨੇ ਹੈਰਾਨੀ ਨਾਲ ਪੁੱਛਿਆ ।

'ਕਿਉਂਕਿ ਮੈਂ ਤਰਕਸ਼ੀਲਾਂ ਦੀ ਸੂਬਾ ਕਮੇਟੀ ਮੈਂਬਰ ਹਾਂ।"

"ਹੈਂ?" ਲੜਕੀ ਘਬਰਾ ਗਈ।

"ਮੈਨੂੰ ਨਹੀਂ ਪਤਾ?" ਉਹ ਸਾਫ ਮੁੱਕਰ ਗਈ ।

"ਸੋਚ ਲੈ" ਮੈਂ ਫਿਰ ਪੁੱਛਿਆ ।

"ਮੈਨੂੰ ਨਹੀਂ ਪਤਾ" ਉਹ ਫੇਰ ਮੁੱਕਰ ਗਈ ।

ਮੈਂ ਉਸ ਨੂੰ ਗਰਦਨ ਤੋਂ ਪਕੜ ਲਿਆ।

'ਤੀਸਰਾ ਵਚਨ ਐ ? ਬੋਲ? ਦੱਸ ਤੇਰੀ ਮਾਹਵਾਰੀ ਦੀ ਤਾਰੀਖ ।' ਕੁੜੀ ਦੀ ਜ਼ੁਬਾਨ ਤਾਲੂ ਨਾਲ ਲਗਦੀ ਜਾ ਰਹੀ ਸੀ।

'ਦਸਦੀ ਐਂ ਕਿ ਬੁਲਾਵਾਂ ਤੇਰੇ ਘਰ ਵਾਲੇ ਨੂੰ? ਪੁੱਛਾਂ ਉਸ ਤੋਂ ? ਅੱਜ ਤੋਂ ਦੋ ਦਿਨ ਪਹਿਲਾਂ ਤੈਨੂੰ ਮਾਹਵਾਰੀ ਖਤਮ ਹੋਈ। ਠੀਕ? ਉਸ ਤੋਂ ਪੰਜ ਦਿਨ ਪਹਿਲਾਂ ਤੂੰ ਇਹ ਕਾਰਵਾਈ ਸ਼ੁਰੂ ਕੀਤੀ। ਹੈ ਨਾ?" ਕੁੜੀ ਨੇ ਦੋਸ਼ੀਆਂ ਵਾਂਗ ਨੀਵੀਂ ਪਾ ਲਈ ਤੇ ਉਹ ਡਰ ਨਾਲ ਕੰਬਣ ਲੱਗ ਪਈ।

"ਤੇ ਪੰਜ ਦਿਨ ਬਾਅਦ ਜਦੋਂ ਖ਼ੂਨ ਪੈਣਾ ਬੰਦ ਹੋਇਆ ਤਾਂ ਤੂੰ ਚੀਜ਼ ਨੂੰ ਮਾਰਨ ਦਾ ਡਰਾਮਾ ਰਚਿਆ। ਕਿਉਂ। ਕਿਉਂਕਿ ਹੁਣ ਖ਼ੂਨ ਲਿਆਉਣ ਦੀ ਸਮੱਸਿਆ ਤੇਰੇ ਸਾਹਮਣੇ ਸੀ। ਹੁਣ ਦੱਸ ਤੇਰੇ ਘਰ ਵਾਲੇ ਨੂੰ ਦੱਸਾਂ? ਕੀ ਉਹ ਤੈਨੂੰ ਇਸ ਹਾਲਤ ਵਿਚ ਘਰ ਰੱਖ ਲੈਣਗੇ?" ਕੁੜੀ ਭਵਿੱਖ ਬਾਰੇ ਭੈਭੀਤ ਹੋਈ ਰੋਣ ਲੱਗ ਪਈ।

"ਦੇਖ ਮੈਂ ਇਹ ਗੱਲ ਕਿਸੇ ਨੂੰ ਨਹੀਂ ਦੱਸਣੀ। ਪਰ ਜੇਕਰ ਤੂੰ ਮੁੜ ਇਹੋ ਜਿਹੀ ਕਾਰਵਾਈ ਕੀਤੀ ਤਾਂ ਮੈਂ ਸਾਰੇ ਪਰਿਵਾਰ ਅੱਗੇ ਸਭ ਕੁਝ ਦੱਸ ਦਿਆਂਗੀ। ਵਾਅਦਾ ਕਰ ਕਿ ਅੱਗੇ ਤੋਂ ਅਜਿਹਾ ਕੋਈ ਗਲਤ ਕੰਮ ਨਹੀਂ ਕਰਦੀ।" ਮੈਂ ਪੁੱਛਿਆ।

ਕੁੜੀ ਨੇ ਮੁਆਫੀ ਮੰਗਣ ਦੇ ਅੰਦਾਜ਼ ਵਿਚ ਹੱਥ ਜੋੜੇ।

'ਅੱਛਾ, ਇਹ ਦੱਸ ਕਿ ਤਰਕਸ਼ੀਲਾਂ ਦੀਆਂ ਕਿਤਾਬਾਂ ਕਿੱਥੋਂ ਪੜ੍ਹੀਆਂ।'

'ਭਾਅ ਜੀ (ਲੇਖਕ) ਦੇ ਘਰੋਂ ।' ਕੁੜੀ ਬੋਲੀ

'ਤੇ ਕਮਲੀਏ, ਇਹ ਕਿਤਾਬਾਂ ਜ਼ਿੰਦਗੀ ਦੀ ਸੇਧ ਪ੍ਰਾਪਤ ਕਰਨ ਲਈ ਨੇ। ਗਿਆਨ ਪ੍ਰਾਪਤ ਕਰਨ ਲਈ ਨੇ। ਪੜ੍ਹ ਕੇ ਪਰਿਵਾਰ ਨੂੰ ਦੁਖੀ ਕਰਨ ਲਈ ਨਹੀਂ ਤੇ ਪਰਿਵਾਰ ਨੂੰ ਵਹਿਮੀ ਬਣਾਉਣ ਲਈ ਵੀ ਨਹੀਂ।" ਮੈਂ ਆਖ ਹੀ ਰਹੀ ਸਾਂ ਕਿ ਕੁੜੀ ਟੋਕ ਕੇ ਬੋਲੀ

"ਗਿਆਨ ਤਾਂ ਰੁਲ ਗਿਆ ਏਸ ਘਰ ਵਿਚ।"

ਤੇ ਫੇਰ ਉਹ ਚੁੱਪ ਕਰ ਗਈ। ਮੈਨੂੰ ਲੱਗਿਆ ਉਹ ਪਰਿਵਾਰ ਵਿਚ ਡਾਹਢੀ ਦੁਖੀ ਹੈ।

"ਕਿੰਨੀ ਪੜ੍ਹੀ ਐਂ ਤੂੰ। ਨਾਲੇ ਕੀ ਤਕਲੀਫ ਐ ਤੈਨੂੰ ਏਥੇ? ਤੂੰ ਮੈਨੂੰ ਦੱਸ?" ਮੈਂ ਉਸ ਨਾਲ ਹਮਦਰਦੀ ਜਤਾਈ।

"ਅੱਠ ਪੜ੍ਹੀ ਹੋਈ ਆਂ ਤੇ ਏਸ ਪਰਿਵਾਰ ਵਿਚ ਭਾਂਡੇ ਮਾਂਜਦੀ ਆਂ।' ਫੇਰ ਉਹ ਚੁੱਪ ਹੋ ਗਈ।

"ਤੇ ਏਸੇ ਲਈ ਖਿਝ ਕੇ ਸੁਆਹ ਆਟੇ ਵਿਚ ਪਾ ਦਿੱਤੀ ਐ? ਅੱਠ ਪੜ੍ਹ ਕੇ ਹੋਰ ਕੀ ਕਰ ਸਕਦੀ ਐਂ ਤੂੰ? ਨਾਲੇ ਤੂੰ ਕੀ ਬਣਨਾ ਚਾਹੁੰਦੀ ਸੀ?"

"ਐਕਟਰ - ਮੈਨੂੰ ਫਿਲਮਾਂ ਦਾ ਬਹੁਤ ਸ਼ੌਂਕ ਸੀ।"

"ਤੇ ਏਸੇ ਲਈ ਵਾਲਾਂ ਦੀ ਕਟਿੰਗ ਕਰਵਾਈ?"

"ਹਾਂ"

'ਤਾਂ ਫੇਰ ਤੂੰ ਹੀ ਦੱਸ ਇਸ ਦਾ ਹੱਲ ਕੀ ਐ?' ਮੈਂ ਕਿਹਾ

'ਹੱਲ ਕਿਉਂ ਨਹੀਂ ? ਅਸੀਂ ਸ਼ਹਿਰ ਰਹਿ ਸਕਦੇ ਆਂ। ਮੇਰਾ ਘਰਵਾਲਾ ਨੌਕਰੀ ਕਰਦਾ ਹੈ ਪਟਿਆਲੇ।'

'ਤੇ ਫੇਰ ਰਹਿੰਦੇ ਕਿਉਂ ਨਹੀਂ?' ਮੈਂ ਹੈਰਾਨੀ ਜ਼ਾਹਰ ਕੀਤੀ।

'ਇਹੀ ਤਾਂ ਸਿਆਪੇ-ਆਹ ਕੁੜੀ ਦੱਦ ਲੱਗੀ ਐ। ਬੁੱਢੀ ਹੋ ਚੱਲੀ, ਨਾ ਇਹਦਾ ਵਿਆਹ ਹੋਵੇ ਤੇ ਨਾ ਇਸ ਜ਼ਿੰਮੇਵਾਰੀ ਤੋਂ ਮੁਕਤ ਹੋਏ ਬਿਨਾਂ ਅਸੀਂ ਕਿਧਰੇ ਹੋਰ ਮਰੀਏ।'

ਉਹ ਬੁਰੀ ਤਰ੍ਹਾਂ ਅੱਕੀ ਪਈ ਸੀ।

'ਤੇ ਜਿਠਾਣੀ ਨੇ ਕੀ ਵਿਗਾੜਿਐ?'

'ਉਹੀ ਤਾਂ ਮਚਦੀ ਐ ਜੇ ਸ਼ਹਿਰ ਰਹੀਏ.. ਅਖੇ ਥੋਡੀ ਕਿਹੜਾ ਜ਼ਿੰਮੇਵਾਰੀ ਨ੍ਹੀ ਕੁੜੀ ਦੇ ਵਿਆਹ ਦੀ। ਦੀਦੀ, ਸਾਰਾ ਘਰ ਦਾ ਖਰਚ ਸਾਡੀ ਤਨਖਾਹ ਤੇ ਚਲਦੈ। ਘਰਵਾਲਾ ਸ਼ਹਿਰ ਰਹਿਣ ਲਈ ਮੰਨਦਾ ਨਹੀਂ। ਮੈਂ ਤਾਂ ਏਥੇ ਈ ਮਰ ਜਾਣੈ, ਇਸ ਸੜੀ ਸਿਆਪੇ ਵਿਚ।' ਤੇ ਕੁੜੀ ਜਿਵੇਂ ਖੇਡ ਹਾਰ ਚੁੱਕੀ ਸੀ।

'ਦੇਖ ਕੁੜੀਏ....ਮੈਨੂੰ ਤੇਰੇ ਨਾਲ ਹਮਦਰਦੀ ਐ ਕਿ ਤੂੰ ਐਕਟਰ ਨਹੀਂ ਬਣ ਸਕੀ ਪਰ ਇਸ ਲਈ ਤੂੰ ਖੁਦ ਜ਼ਿੰਮੇਵਾਰ ਐਂ ਕਿਉਂਕਿ ਤੂੰ ਸਮੇਂ ਸਿਰ ਠੀਕ ਪੜ੍ਹਾਈ ਨਹੀਂ ਕੀਤੀ। ਜਿੱਥੋਂ ਤਕ ਸ਼ਹਿਰ ਰਹਿ ਕੇ ਮੌਜ ਕਰਨ ਦਾ ਸਵਾਲ ਐ ਜਿੰਨੀ ਦੇਰ ਤੇਰੇ ਪਤੀ ਉਤੇ ਪਰਿਵਾਰਕ ਜ਼ਿੰਮੇਵਾਰੀਆਂ ਨੇ, ਉਹ ਪਰਿਵਾਰ ਨੂੰ ਛੱਡ ਕੇ ਅਲੱਗ ਨਹੀਂ ਹੋ ਸਕਦਾ। ਹਾਂ, ਤੈਨੂੰ ਸ਼ਹਿਰ ਲੈ ਕੇ ਜਾਣ ਤੇ ਫਿਲਮਾਂ ਵਿਖਾਉਣ ਦੀ ਮੰਗ ਮੈਂ ਪੂਰੀ ਕਰਵਾ ਸਕਦੀ ਹਾਂ ਪਰ ਜਿੱਥੋਂ ਤਕ ਵਿਰੋਧ ਵਿਚੋਂ ਗਲਤ ਰਾਹ ਪੈਣ ਦਾ ਸਵਾਲ ਐ, ਇਹ ਮੈਂ ਹਰਗਿਜ਼ ਨਹੀਂ ਹੋਣ ਦੇਵਾਂਗੀ। ਹੁਣ ਤੂੰ ਮੈਨੂੰ ਜਲਦੀ ਦੱਸ ਫ਼ੈਸਲਾ ਤੇਰੇ ਹੱਥ ਐ।' ਮੈਂ ਪੁੱਛਿਆ ।

'ਠੀਕ ਐ ਮੈਂ ਤੁਹਾਡੀਆਂ ਗੱਲਾਂ ਮੰਨਾਂਗੀ ਪਰ ਤੁਸੀਂ ਉਸ ਨੂੰ ਇਉਂ ਜ਼ਰੂਰ ਕਹਿ ਜਾਣਾ। ਮੇਰਾ ਵੀਰ ਜੀ (ਲੇਖਕ) ਦੇ ਘਰ ਬਹੁਤ ਮਨ ਲਗਦੈ। ਓਥੇ ਮੈਨੂੰ ਚੰਗੇ-ਚੰਗੇ ਨਾਵਲ ਕਹਾਣੀਆਂ ਪੜ੍ਹਨ ਲਈ ਮਿਲਦੀਆਂ ਨੇ, ਖੁੱਲ੍ਹਾ ਟਾਈਮ ਵੀ।' ਉਸ ਨੇ ਕਿਹਾ।

'ਤੇ ਨਾਲੇ ਤਰਕਸ਼ੀਲ ਸੁਸਾਇਟੀ ਦਾ ਲਿਟਰੇਚਰ ਪਰਿਵਾਰ ਨੂੰ ਤੰਗ ਕਰਨ ਲਈ ਟ੍ਰੇਨਿੰਗ ਦਿੰਦਾ ਹੈ ਨਾ?' ਮੈਂ ਮਜਾਕ ਕੀਤਾ।

'ਦੀਦੀ, ਛੱਡੋ ਵੀ ਨਾ ਮੈਨੂੰ ਸ਼ਰਮ ਆ ਰਹੀ ਐ।' ਉਸ ਨੇ ਸੰਗਦਿਆਂ ਨੀਵੀਂ ਪਾ ਲਈ ਤੇ ਹੱਸਣ ਲੱਗ ਪਈ।

'ਸੱਚੀਂ।' ਮੈਂ ਜੇਤੂ ਅੰਦਾਜ਼ ਵਿਚ ਪੁੱਛਿਆ।

'ਹਾਂ।' ਉਸ ਨੇ ਸਿਰ ਹਿਲਾਇਆ ।

'ਚੰਗਾ ਹੁਣ ਤੂੰ ਬਾਹਰ ਜਾਹ ਤੇ ਅੱਜ ਤੋਂ ਬਾਅਦ ਬੀਬੀ ਰਾਣੀ ਨੂੰਹ ਬਣਨੈ। ਨਾਲੇ ਮੈਂ ਤੇਰੇ ਲੇਖਕ ਵੀਰ ਜੀ ਦੀ ਡਿਊਟੀ ਲਗਾ ਦਿਆਂਗੀ ਤੈਨੂੰ ਕਿਤਾਬਾਂ ਪੜ੍ਹਾਉਣ ਦੀ। ਇਸ ਲਈ ਪਰਿਵਾਰ ਤੋਂ ਸਮਾਂ ਵੀ ਲੈ ਦਿਆਂਗੀ।' ਕੁੜੀ ਖੁਸ਼ ਹੋ ਕੇ ਬਾਹਰ ਚਲੀ ਗਈ।

ਪਰਿਵਾਰ ਨੂੰ 'ਸਾੜ੍ਹਸਤੀ' ਤੋਂ ਮੁਕਤ ਕਰਕੇ ਮੈਂ ਅਤੇ ਮੇਰੀ ਕਥਿਤ ਚੇਲੀ ਗੀਤਾ ਲੇਖਕ ਦੇ ਨਾਲ ਮੋਟਰ ਸਾਈਕਲ ਤੇ ਉਸ ਦੇ ਪਿੰਡ ਆ ਗਈਆਂ। ਉਸ ਦੀ ਬੀਵੀ ਨੂੰ ਉਸ ਦਾ ਭਰਾ ਛੱਡ ਗਿਆ ਸੀ। ਰਸਤੇ ਵਿਚ ਮੈਂ ਲੇਖਕ ਨੂੰ ਚੋਰ ਬਾਰੇ ਦੱਸ ਦਿੱਤਾ।

ਉਸ ਨੇ ਹਸਦਿਆਂ ਆਖਿਆ

'ਬਾਬਿਓ ਕਮਾਲ ਕਰ ਵਿਖਾਈ ਜੇ, ਮੈਂ ਤੇ ਦੰਗ ਰਹਿ ਗਿਆ। ਇਹ ਮਾਹਵਾਰੀ ਦੇ ਚੱਕਰ ਬਾਰੇ ਤਾਂ ਅਸੀਂ ਸਾਰੇ ਟੱਬਰ 'ਚੋਂ ਕਿਸੇ ਨੇ ਸੋਚਿਆ ਤੱਕ ਨਹੀਂ? ਪਰ ਬਾਬਿਓ, ਤੁਹਾਨੂੰ ਸ਼ੱਕ ਕਿਵੇਂ ਪਿਆ?'

'ਕਿਉਂਕਿ ਮੈਂ ਇਕ ਲੜਕੀ ਹਾਂ ਤੇ ਔਰਤ ਦੇ ਮਨ ਤੇ ਸਰੀਰ ਦੀ ਜਲਦੀ ਥਾਹ ਪਾ ਲੈਂਦੀ ਆਂ। ਪੰਜ ਦਿਨ ਖੂਨ ਦੇ ਛਿੱਟੇ ਤੇ ਖੂਨ ਦਾ ਰੰਗ, ਬੱਸ ਇਹੀ ਤੱਥ ਕਾਫੀ ਸਨ, ਸਮਝਣ ਲਈ।' ਮੈਂ ਗੱਲ ਮੁਕਾਉਣੀ ਚਾਹੀ।

"ਪਰ ਮੈਂ ਤੇ ਅਜੇ ਵੀ ਹੈਰਾਨ ਜੇ" ਲੇਖਕ ਨੇ ਗੱਲ ਜਾਰੀ ਰਖਦਿਆਂ ਕਿਹਾ, "ਆਹੋ, ਹੈਰਾਨ ਤੇ ਆਪੇ ਹੋਣਾ ਘਰ ਵਿਚ ਟ੍ਰੇਨਿੰਗ ਸੈਂਟਰ ਜੋ ਉਸ ਨੂੰ ਖੋਲ ਦਿੱਤਾ।' ਮੈਂ ਟਕੋਰ ਲਾਈ।

"ਹੈਂ? ਇਹ ਕੀ ਗੱਲ ਹੋਈ? ਮੈਂ ! ਇਹ ਟ੍ਰੇਨਿੰਗ ਸੈਂਟਰ। ਤੁਸੀਂ ਮੈਨੂੰ ਦੋਸ਼ੀ ਬਣਾ ਰਹੇ ਹੋ?" ਉਹ ਹੈਰਾਨ ਸੀ।

'ਹਾਂ ਤੁਹਾਡੇ ਘਰ ਵਿਚੋਂ ਤਰਕਸ਼ੀਲਾਂ ਦਾ ਸਾਹਿਤ-ਸੁਸਾਇਟੀ ਵੱਲੋਂ ਹੱਲ ਕੀਤੇ ਕੇਸਾਂ ਬਾਰੇ ਪੜ੍ਹ ਕੇ ਉਸ ਨੇ ਸਭ ਦਾਅ-ਪੇਚ ਸਿੱਖ ਲਏ -ਤੇ ਆਪ ਤਾਂ ਉਸ ਨੂੰ ਪਤਾ ਸੀ ਕਿ ਓਪਰੀ ਕਸਰ ਕੁਝ ਨਹੀਂ ਹੁੰਦੀ ਪਰ ਸਾਰੇ ਪਰਿਵਾਰ ਨੂੰ ਭੈਭੀਤ ਕਰਨ ਲਈ ਘਟਨਾਵਾਂ ਕਰ ਦਿੰਦੀ ਸੀ।' ਮੈਂ ਦੱਸਿਆ।

'ਹੈਂ? ਹਾਂ-ਇਹ ਤਾਂ ਬਿਲਕੁਲ ਠੀਕ ਐ-ਕਿਤਾਬਾਂ ਤਾਂ ਉਹ ਪੜ੍ਹ ਛੱਡ, ਚਰ ਗਈ ਜੇ। ਤਰਕਸ਼ੀਲਾਂ ਦੀਆਂ ਸਾਰੀਆਂ ਕਿਤਾਬਾਂ ਪੜ੍ਹ ਛੱਡੀਆਂ ਨੇ।' ਉਹ ਹੈਰਾਨੀ ਨਾਲ ਦੱਸ ਰਿਹਾ ਸੀ । "ਇਕ ਦਿਨ ਮੈਂ ਉਸ ਨੂੰ ਕਿਤਾਬ ਪੜ੍ਹਦਿਆਂ ਵੇਖ ਲਿਆ। ਮੈਂ ਆਖਿਆ ਬਈ ਕੁੜੀਏ ਤੂੰ ਅੱਗੇ ਪੜ੍ਹਨਾ ਸੀ - ਤੇਰੇ ਵਿਚ ਬੜਾ ਟੇਲੈਂਟ ਐ - ਤਾਂ ਕਹਿੰਦੀ ਮੇਰਾ ਟੇਲੈਂਟ ਤਾਂ ਪਿੰਡ ਵਿਚ, ਭਾਂਡਿਆਂ ਦੀ ਸੁਆਹ 'ਚ ਰੁਲ ਗਿਆ। ਪਰ ਬਾਬਿਓ ਮੈਂ ਹੈਰਾਨ ਰਹਿ ਗਿਆ - ਅੱਠ ਪੜ੍ਹੀ ਕੁੜੀ ਦੇ ਮੂੰਹੋਂ ਐਨੇ ਸਿਆਣੇ ਲਫ਼ਜ਼ ਸੁਣ ਕੇ।" ਉਸ ਨੇ ਆਖਿਆ।

"ਫੇਰ ਤੁਸੀਂ ਹੀ ਦੱਸੋ -ਸਾਡੇ ਦੋਸ਼ੀ ਤੁਸੀਂ ਹੋ ਜਾਂ ਨਹੀਂ? ਤੁਸੀਂ ਉਸ ਦੇ ਮਨ ਵਿਚ ਦੱਬੀਆਂ ਭਾਵਨਾਵਾਂ ਨੂੰ ਹਵਾ ਦਿੱਤੀ ਤੇ ਉਸ ਦੇ ਸਾਹਮਣੇ ਸੁਪਨਿਆਂ ਦਾ ਮਹਿਲ ਉਸਾਰ ਦਿੱਤਾ ਪਰ ਉਹ ਕਮਲੀ ਕੁੜੀ ਇਹ ਨਾ ਸਮਝ ਸਕੀ ਕਿ ਇਹ ਗੱਲਾਂ ਜ਼ਿੰਦਗੀ ਦੇ ਯਥਾਰਥ ਵਿਚ ਨਹੀਂ ਮਿਲ ਸਕਦੀਆਂ ਨੇ....।" ਮੈਂ ਉਦਾਸ ਹੋ ਕੇ ਆਖਿਆ, ਪਰ ਫੇਰ ਵੀ ਅਸੀਂ ਸਾਰੇ ਹੱਸ ਪਏ - ਪਤਾ ਨਹੀਂ ਕਿਉਂ ।

'ਪਰ ਕੁਝ ਵੀ ਹੋਵੇ, ਲੜਕੀ ਸੀ ਬੜੀ ਹੁਸ਼ਿਆਰ।' ਮੈਂ ਉਸ ਦੀ ਤਾਰੀਫ ਕੀਤੀ।

'ਤਰਕਸ਼ੀਲ ਆਖੋ ਜੀ।' ਲੇਖਕ ਨੇ ਮੋੜਵੀਂ ਟਕੋਰ ਮਾਰੀ ।

'ਐਵੇਂ ਆਖੋ-?" ਗੀਤਾ ਨੇ ਗੁੱਸੇ ਨਾਲ ਕਿਹਾ।

ਲੇਖਕ ਦਾ ਘਰ ਨੇੜੇ ਆ ਰਿਹਾ ਸੀ ਤੇ ਉਸ ਦੇ ਗੱਲ ਦਾ ਰੁੱਖ ਮੋੜਦਿਆਂ ਆਖਿਆ - 'ਬਾਬਿਓ ਦੇਖਿਓ ਜੇ, ਮੇਰੇ ਘਰ ਨਾ ਭਾਂਡਾ ਭੰਨ ਦਿਉ? ਮੇਰੀ ਘਰ ਵਾਲੀ ਦਾ ਤਮਾਸ਼ਾ ਅਜੇ ਤੁਸੀਂ ਦੇਖਣਾ ਜੇ।' ਉਸ ਨੇ ਕਿਹਾ।

"ਉਹ ਨਹੀਂ ਡਰਾਮਾ ਹੁੰਦਾ", ਮੈਂ ਕਿਹਾ।

"ਚਲੋ ਬਾਬਿਓ-ਜੇ ਸੇਵਾ ਕਰਾਉਣੀ ਐ ਤਾਂ ਡਰਾਮਾ ਕਰ ਲਓ ਨਹੀਂ ਤਾਂ ਸੁੱਕੀਆਂ ਰੋਟੀਆਂ ਚੱਬਿਓ।"

ਉਸਦੀ ਇਹ ਗੱਲ ਸੁਣਦਿਆਂ ਮੈਂ ਸੋਚਣ ਲੱਗ ਪਈ ਕਿਉਂਕਿ ਤਿੰਨ ਕੁ ਘੰਟੇ ਦਾ ਡਰਾਮਾ ਕਰਨ ਨਾਲ ਮੈਂ ਬੁਰੀ ਤਰ੍ਹਾਂ ਥੱਕ ਚੁੱਕੀ ਸੀ ਤੇ ਸੱਚੀਓਂ ਸੇਵਾ ਕਰਾਉਣ ਦੇ ਮੂਡ ਵਿਚ ਸੀ।

'ਚਲ ਗੀਤਾ, ਸ਼ੁਗਲ ਈ ਸਹੀ।' ਮੈਂ ਉਸਦੀ ਰਜ਼ਾਮੰਦੀ ਮੰਗੀ।

'ਫੇਰ ਹੋ ਜਾਓ ਸ਼ੁਰੂ।' ਗੀਤਾ ਨੇ ਹੱਸਦਿਆਂ ਪ੍ਰਵਾਨਗੀ ਦਿੱਤੀ।

ਸੋ ਇਕ ਵਾਰ ਫੇਰ 'ਬਾਬਈ ਅੰਦਾਜ਼' ਵਿਚ ਬਾਬੇ, ਲੇਖਕ ਦੇ ਡਰਾਇੰਗ ਰੂਮ ਵਿਚ ਬਿਰਾਜਮਾਨ ਹੋ ਗਏ। ਕਲਾਕਾਰੀ ਢੰਗ ਨਾਲ ਸਜਾਇਆ ਡਰਾਇੰਗ ਰੂਮ-ਕਮ-ਲਾਇਬ੍ਰੇਰੀ ਨੂੰ ਵੇਖ ਕੇ ਬਲਿਹਾਰੇ ਜਾਣ ਨੂੰ ਜੀਅ ਕੀਤਾ ਤੇ ਖ਼ੁਸ਼ੀ ਸਾਂਝੀ ਕਰਨ ਨੂੰ ਵੀ, ਪਰ ਅਫ਼ਸੋਸ ਕਿ ਮੈਂ ਬਾਬਾ ਸੀ ਤੇ ਅੱਜ ਦੀ ਰਾਤ ਮੈਂ ਇਨ੍ਹਾਂ ਭੌਤਿਕ ਵਸਤਾਂ ਤੋਂ ਉਪਰ ਉੱਠੀ ਹੋਈ ਸੀ। ਚਾਹ ਪੀਣ ਬਾਅਦ ਬਾਬੇ ਬੈਡਰੂਮ ਵਿਚ ਦਾਖ਼ਲ ਹੋਏ। ਕਮਰੇ ਦੇ ਇਕ ਖੂੰਜੇ ਵਿਚ ਡਨਲਪ ਦਾ ਗੱਡਾ ਕਰੀਨੇ ਨਾਲ ਵਿਛਾਇਆ ਸੀ ਤੇ ਆਲੇ ਦੁਆਲੇ ਕਿਤਾਬਾਂ ਤੇ ਹੋਰ ਨਿੱਕੇ-ਨਿੱਕੇ ਸ਼ੋਅ-ਪੀਸ। ਸ਼੍ਰੀਮਤੀ ਲੇਖਕ ਉਥੇ ਨਹੀਂ ਸੀ ਕਿਉਂਕਿ ਉਹ ਬਾਬਿਆਂ ਲਈ ਰੋਟੀ ਦੇ ਓਹੜ-ਪੋਹੜ ਵਿਚ ਰੁੱਝ ਗਈ ਸੀ। ਧੰਨਭਾਗ, ਮੋਹਾਲੀ ਵਾਲੇ ਬਾਬਿਆਂ ਦੇ ਉਸ ਦੇ ਘਰ ਚਰਨ ਪਾਏ ਸਨ।

'ਬਾਬਿਓ ਮਿਹਰ ਕਰਿਓ' ਹੁਣ ਮੇਰਾ ਛੋਟਾ ਲੜਕਾ ਆਵੇਗਾ। ਵੈਸੇ ਮੇਰੇ ਚਾਰ ਲੜਕੇ ਤੇ ਤਿੰਨ ਧੀਆਂ ਨੇ। ਇਹ ਲੜਕਾ ਸਿਲਾਈ ਦਾ ਕੰਮ ਕਰਦਾ ਐ ਤੇ ਥੋੜ੍ਹਾ ਜਿਹਾ ਸਿੱਧੈ ਤੇ ਮਾਂ ਦੇ ਗੁੱਸੇ ਦਾ ਸ਼ਿਕਾਰ ਜਲਦੀ ਹੋ ਜਾਂਦੈ। ਤੁਹਾਡੇ ਵੱਸ ਐ-ਮਿਹਰ ਕਰ

ਦਿਓ ਵਿਚਾਰੇ 'ਤੇ.....।

ਲੇਖਕ ਹੱਸਣ ਹੀ ਲੱਗਾ ਸੀ ਕਿ ਲੜਕਾ ਤੇ ਉਸਦੀ ਮਾਂ ਕਮਰੇ ਅੰਦਰ ਦਾਖ਼ਲ ਹੋਏ।

'ਬਾਬਿਆਂ ਦੇ ਪੈਰੀਂ ਹੱਥ ਲਾ।' ਮਾਂ ਨੇ ਲੜਕੇ ਨੂੰ ਹੁਕਮ ਦਿੱਤਾ।

ਪੈਰੀਂ ਹੱਥ ਲਗਾ ਕੇ ਲੜਕਾ ਸਾਹਮਣੇ ਬੈਠ ਗਿਆ ਤੇ ਮੈਂ ਬਾਬਿਆਂ ਵਾਂਗ ਅਸ਼ੀਰਵਾਦ ਦਿੱਤਾ ਤੇ ਆਖਿਆ, "ਬੜਾ ਭਾਗਸ਼ਾਲੀ ਬੱਚਾ ਹੈ, ਸਾਰੀ ਕਮਾਈ ਇਸੇ ਦੀ ਕਿਸਮਤ ਨਾਲ ਆਉਂਦੀ ਹੈ। ਇਸ ਬੱਚੇ ਤੇ ਬਾਬੇ ਮਿਹਰਬਾਨ ਹੋ ਗਏ।" ਮਾਂ ਅਤਿਅੰਤ ਖ਼ੁਸ਼ ਹੋ ਗਈ ਤੇ ਦਬਾਦਬ ਰਸੋਈ ਵੱਲ ਚਲੀ ਗਈ ਤੇ ਉਸਦੇ ਪਿੱਛੇ ਲੜਕਾ ਵੀ।

"ਵੈਸੇ ਬਾਬਿਓ, ਐਕਟਿੰਗ ਕਮਾਲ ਦੀ ਕਰਦੇ ਜੇ" ਕਹਿੰਦਿਆਂ ਉਸਦਾ ਹਾਸਾ ਨਿਕਲ ਗਿਆ।

ਲੇਖਕ ਦੀ ਵੱਡੀ ਲੜਕੀ ਜੋ ਵਿਆਹੀ ਹੋਈ ਸੀ ਤੇ ਉਸਦੇ ਗੋਦੀ ਡੇਢ ਕੁ ਮਹੀਨੇ ਦੀ ਬੱਚੀ ਸੀ, ਇਸੇ ਕਾਰਨ ਉਹ ਪੇਕੇ ਆਈ ਹੋਈ ਸੀ। ਉਹ ਕਮਰੇ ਵਿਚ ਦਾਖ਼ਲ ਹੋਈ ਤੇ ਮੇਰੇ ਅੱਗੇ ਮੱਥਾ ਟੇਕਣ ਦੇ ਅੰਦਾਜ਼ ਵਿਚ ਝੁਕ ਗਈ।

'ਤੂੰ ਵੀ ਪੁੱਛ ਲੈ ਕੁਝ ਬਾਬਿਆਂ ਕੋਲੋਂ। ਪਰ ਤੂੰ ਕੀ ਪੁੱਛਣੈ, ਮੌਜਾਂ ਪਈ ਕਰਦੀ ਐ, ਬੱਚੀ ਨਾਲ।" ਲੇਖਕ ਨੇ ਹੁਸ਼ਿਆਰੀ ਨਾਲ ਉਸ ਬਾਰੇ ਮੈਨੂੰ ਜਾਣਕਾਰੀ ਦਿੱਤੀ।

'ਇਸ ਲੜਕੀ ਦੇ ਭੰਡਾਰੇ ਭਰਪੂਰ ਨੇ। ਮੌਜਾਂ ਕਰਦੀ ਐ ਤੇ ਉਮਰ ਭਰ ਮੌਜਾਂ ਮਾਣੇਗੀ। ਕਦੇ ਸੰਤ ਜ਼ਰੂਰ ਇਸ ਨੂੰ ਸੇਵਾ ਦਾ ਮੌਕਾ ਬਖਸ਼ਣਗੇ।" ਮੈਂ ਅਸ਼ੀਰਵਾਦ ਦਿੰਦਿਆਂ ਆਖਿਆ।

'ਅਸੀਂ ਤੁਹਾਡੇ ਬਾਰੇ ਬਹੁਤ ਸੁਣਿਆ ਹੋਇਆ ਸੀ, ਬਈ ਛੋਟੀ ਜਿਹੀ ਉਮਰ ਦੀ ਲੜਕੀ ਐ, ਮੋਹਾਲੀ ਵਿਖੇ ਤੇ ਉਸ ਨੇ ਵਿਆਹ ਨਹੀਂ ਕਰਵਾਇਆ, ਉਹ ਬਾਬਾ ਬਣ ਗਈ ਏ। ਅਸੀਂ ਤੁਹਾਡੀ ਬੜੀ ਮਹਿਮਾ ਸੁਣੀ ਸੀ । ਮੈਂ ਤੇ ਮੇਰਾ ਘਰ ਵਾਲਾ ਤੁਹਾਡੇ ਡੇਰੇ ਤੇ ਆਵਾਂਗੇ ਤੇ ਉਥੇ ਆ ਕੇ ਹੀ ਪੁੱਛਾਂਗੇ।" ਉਸ ਨੇ ਮੇਰੀ ਵਡਿਆਈ ਕਰਦਿਆਂ ਆਖਿਆ।

ਮੇਰਾ ਜ਼ੋਰ ਦੀ ਹੱਸਣ ਨੂੰ ਜੀਅ ਕੀਤਾ ਕਿ ਪਲ ਦੀ ਪਲ ਲਈ ਸਾਡੇ ਵੱਲੋਂ ਮਨਘੜਤ ਉਸਾਰਿਆ ਡੇਰਾ ਕਿਵੇਂ ਇਹਨਾਂ ਭੋਲੇ ਲੋਕਾਂ ਨੂੰ ਸੱਚ ਜਾਪਦਾ ਹੈ ਤੇ ਇਨ੍ਹਾਂ ਨੇ ਮਹਿਮਾ ਵੀ ਸੁਣ ਲਈ। ਉਸ ਵੱਲੋਂ ਆਖੀ ਗੱਲ, "ਮੇਰੇ ਵਿਆਹ ਨਾ ਕਰਾਉਣ ਬਾਰੇ" ਯਾਦ ਕਰਕੇ ਹੋਰ ਵੀ ਹਾਸਾ ਨਿਕਲਦਾ ਮਸਾਂ ਬਚਿਆ ਕਿਉਂਕਿ ਦਸ ਦਿਨ ਬਾਅਦ ਮੇਰਾ ਵਿਆਹ ਸੀ।

'ਵਿਆਹ ਤਾਂ ਬਾਬੇ ਹੁਣ ਸ਼ਾਇਦ ਹੀ ਕਰਾਉਣ।' ਗੀਤਾ ਨੇ ਮੇਰੇ ਵੱਲ ਵੇਖਦਿਆਂ ਟਕੋਰ ਲਾਈ ਤੇ ਹਾਸਾ ਰੋਕ ਲਿਆ। ਮੇਰਾ ਵੀ ਹਾਸਾ ਬੇਕਾਬੂ ਹੁੰਦਾ ਜਾ ਰਿਹਾ ਸੀ ਪਰ

ਖੁਸ਼ਕਿਸਮਤੀ ਨਾਲ ਖਾਣਾ ਤਿਆਰ ਹੋ ਚੁੱਕਾ ਸੀ।

ਸਵੇਰੇ ਉੱਠ ਕੇ ਲੇਖਕ ਨੇ ਸਾਰੇ ਪਰਿਵਾਰ ਵਿਚ ਬਾਬਿਆਂ ਦਾ ਭਾਂਡਾ ਭੰਨ ਦਿੱਤਾ ਸੀ। ਉਸ ਦੀ ਪਤਨੀ ਖੁਸ਼ ਵੀ ਸੀ ਤੇ ਹੈਰਾਨ ਵੀ। 'ਭਲਾ ਤੁਸੀਂ ਝੂਠੀ ਮੂਠੀ ਦੇ ਸਿਆਣੇ ਕਿਉਂ ਬਣੇ।" ਉਸ ਨੇ ਪੁੱਛਿਆ

'ਤੁਹਾਡੇ ਵਿਸ਼ਵਾਸ ਜਿੱਤਣ ਲਈ।' ਮੈਂ ਆਖਿਆ

'ਤੇ ਉਹ ਖੂਨ ਕਿੱਥੋਂ ਲਿਆਉਂਦੀ ਸੀ?'

'ਮਾਹਵਾਰੀ ਦਾ ਖੂਨ ਸੀ।' ਦੱਸਿਆ ਤਾਂ ਉਸ ਦਾ ਮੂੰਹ ਅਵਾਕ ਹੀ ਖੁੱਲ੍ਹਾ ਰਹਿ ਗਿਆ।

'ਭਲਾ ਤੁਸੀਂ ਇਉਂ ਦੱਸੋ, ਬਈ ਉਸ ਨੇ ਮੇਰੀ ਚੁੰਨੀ ਤੇ ਖੂਨ ਕਿਵੇਂ ਲਾਇਆ? ਮੈਨੂੰ ਪਤਾ ਈ ਨਹੀਂ ਲੱਗਣ ਦਿੱਤਾ।'

'ਤੁਸੀਂ ਰੋਟੀ ਪਕਾ ਰਹੇ ਸੀ ਖੂਨ ਤੁਹਾਡੀ ਚੁੰਨੀ ਦੇ ਲੜ ਤੇ ਈ ਲੱਗਿਆ ਸੀ ਨਾ।' ਮੈਂ ਪੁੱਛਿਆ

'ਹਾਂ' ਉਸ ਨੇ ਸਿਰ ਹਿਲਾਇਆ।

'ਉਹ ਦੱਬੇ ਪੈਰੀਂ ਰਸੋਈ ਵਿਚ ਆਈ, ਤੁਹਾਡੀ ਉਸ ਵੱਲ ਪਿੱਠ ਸੀ। ਐਨ ਤੁਹਾਡੇ ਪਿੱਛੇ ਖੜ ਗਈ। ਲੜ ਚੁੱਕ ਕੇ ਇਕ ਵਾਰ ਨੇਫੇ ਵਿਚ ਪਾਕੇ ਹੀ ਤਾਂ ਕੱਢਣਾ ਸੀ ਨਾ ?' ਮੈਂ ਕਿਹਾ

"ਹਾਂ.....ਮੈਂ ਤਾਂ ਕਦੇ ਇਸ ਤਰ੍ਹਾਂ ਸੋਚਿਆ ਈ ਨਹੀਂ। ਉਹ ਬਹੁਤ ਹੈਰਾਨ ਸੀ।'

'ਉਸ ਨੇ ਤੁਹਾਡੇ ਸਿਰ ਤੇ ਖੂਨ ਨਹੀਂ ਲਗਾਇਆ ਕਿਉਂਕਿ ਤੁਹਾਨੂੰ ਪਤਾ ਲੱਗ ਜਾਣਾ ਸੀ। ਲੜ ਦੂਰ ਸੀ ਤੇ ਤੁਹਾਨੂੰ ਪਤਾ ਲੱਗੇ ਬਿਨਾਂ ਉਹ ਕਾਰਵਾਈ ਕਰਨ ਵਿਚ ਕਾਮਯਾਬ ਹੋ ਗਈ। ਇਹੀ ਨਹੀਂ ਬਲਕਿ ਲੇਖਕ ਸਾਹਿਬ ਦੀ ਰਜਾਈ ਤੇ ਲੱਗੇ ਖੂਨ ਬਾਰੇ ਵੀ ਸੂਚਨਾ ਉਸੇ ਨੇ ਦਿੱਤੀ ਸੀ।' ਮੈਂ ਚੁੱਪ ਕਰ ਗਈ

'ਤੁਸੀਂ ਤਾਂ ਜੀ ਸੱਚਮੁੱਚ ਦੇ ਬਾਬੇ ਹੋ।' ਉਸ ਨੇ ਖੁਸ਼ ਹੋ ਕੇ ਆਖਿਆ।

ਅਸੀਂ ਠੀਕ ਠਾਕ ਯੂਨੀਵਰਸਿਟੀ ਵਾਪਿਸ ਆਈਆ ਤੇ ਮੁੜ ਅਗਲੀ ਸ਼ਾਮ ਵਿਆਹ ਦੀ ਸ਼ਾਪਿੰਗ ਵਿਚ ਰੁੱਝ ਗਈਆਂ।

ਪਤਾ ਲੱਗਾ ਕਿ ਅਗਲੀ ਸਵੇਰ ਹੀ ਸ਼੍ਰੀਮਤੀ ਲੇਖਕ ਆਪਣੇ ਪੇਕੇ ਪਰਿਵਾਰ ਵਿਚ ਸਾਡੇ ਤਰਕਸ਼ੀਲ ਹੋਣ ਬਾਰੇ ਦੱਸ ਆਈ ਸੀ ਕਿਉਂਕਿ ਉਸ ਨੂੰ ਗੱਲ ਹਜ਼ਮ ਕਰਨੀ ਮੁਸ਼ਕਿਲ ਸੀ। ਸਾਰਾ ਪਰਿਵਾਰ ਸਾਡੇ ਤੇ ਅਤਿਅੰਤ ਖੁਸ਼ ਸੀ ਤੇ ਉਨ੍ਹਾਂ ਨੇ ਲੇਖਕ ਦੇ ਹੱਥ ਉਸ ਘਰ ਦੁਬਾਰਾ ਜਾਣ ਦਾ ਸੁਨੇਹਾ ਭੇਜਿਆ। ਬਾਬੇ ਬਣ ਕੇ ਨਹੀਂ ਸਗੋਂ ਤਰਕਸ਼ੀਲ ਵਜੋਂ। ਪਰ ਮੈਂ ਮੁੜ ਉਸ ਪਰਿਵਾਰ ਵਿਚ ਨਹੀਂ ਗਈ ਕਿਉਂਕਿ ਹੁਣ ਸੁੱਖ ਨਾਲ ਉਸ ਪਰਿਵਾਰ ਵਿਚ ਖੈਰ-ਸੁੱਖ ਹੈ।

***

ਨਾਨੀ ਬਣਨ ਦੀ ਕਥਾ

ਜਿਹੜੀ ਕਹਾਣੀ ਮੈਂ ਤੁਹਾਡੇ ਨਾਲ ਸਾਂਝੀ ਕਰਨ ਜਾ ਰਹੀ ਹਾਂ ਉਹ ਇਕ ਅਜਿਹੀ ਕਹਾਣੀ ਹੈ ਜਿਸ ਦੀਆਂ ਤੰਦਾਂ ਇਕ ਦੂਜੇ ਵਿਚ ਇਸ ਕਦਰ ਉਲਝੀਆਂ ਹੋਈਆਂ ਹਨ ਕਿ ਮੈਨੂੰ ਸਮਝ ਨਹੀਂ ਆ ਰਹੀ ਕਿ ਗੱਲ ਕਿਥੋਂ ਸ਼ੁਰੂ ਕਰਾਂ ਪਰ ਆਖਿਰ ਗੱਲ ਤਾਂ ਸ਼ੁਰੂ ਕਰਨੀ ਹੀ ਹੈ ਇਸ ਲਈ ਗੱਲ ਉਥੋਂ ਸ਼ੁਰੂ ਕਰਦੀ ਹਾਂ ਜਿੱਥੋਂ ਵੱਡੀ ਘਟਨਾ ਦਾ ਆਰੰਭ ਹੁੰਦਾ ਹੈ।

'ਪਾਣੀ ਪਾਣੀ' ਛੋਟੀ ਕੁੜੀ ਦੇ ਚੀਕ-ਚਿਹਾੜੇ ਨੇ ਵੱਡੀ ਕੁੜੀ ਅਤੇ ਮਾਂ ਨੂੰ ਜਗਾ ਦਿੱਤਾ ਸੀ। ਮਾਂ ਨੇ ਮਿੱਟੀ ਦੇ ਤੇਲ ਦੀ ਤੇਜ਼ ਬੋਅ ਮਹਿਸੂਸ ਕੀਤੀ ਤਾਂ ਉਹ ਹੱਕੀ ਬੱਕੀ ਰਹਿ ਗਈ ਕਿ ਪਾਣੀ ਨਹੀਂ ਮਾਵਾਂ-ਧੀਆਂ ਉੱਤੇ ਮਿੱਟੀ ਦਾ ਤੇਲ ਛਿੜਕਿਆ ਪਿਆ ਸੀ। ਉਸਨੇ ਲਾਈਟ ਜਗਾਈ ਤਾਂ ਸਾਹਮਣੇ ਉਸਦਾ ਘਰਵਾਲਾ ਤੀਲਾਂ ਵਾਲੀ ਡੱਬੀ ਲਈ ਖੜ੍ਹਾ ਸੀ। ਉਸ ਤੋਂ ਬਾਅਦ ਉਹੀ ਕੁਝ ਹੋਇਆ ਜੋ ਕੁਝ ਰੋਜ਼ ਹੁੰਦਾ ਸੀ, ਮਾਰ ਕੁਟਾਈ, ਖਿੱਚ ਧੂਅ, ਗਾਲੀ-ਗਲੋਚ, ਬੱਚਿਆਂ ਦੀ ਚੀਕਾਂ-ਰੌਲੀ ਤੇ ਫਿਰ ਕੁਝ ਦਿਨਾਂ ਲਈ ਸ਼ਾਂਤੀ।

ਇਹ ਇਕ ਕੁਜੋੜ ਵਿਆਹ ਸੀ ਇਕ ਪਾਸੇ ਬੀ.ਏ. ਪਾਸ ਸਰਕਾਰੀ ਨੌਕਰੀ ਕਰਦੀ ਔਰਤ ਤੇ ਦੂਜੇ ਪਾਸੇ ਅਨਪੜ੍ਹ ਤੇ ਹਰ ਕਾਰੋਬਾਰ ਵਿਚ ਫੇਲ੍ਹ, ਵਿਹਲੜ ਸ਼ਰਾਬੀ ਘਰ ਵਾਲਾ। ਅਸਲ ਵਿਚ ਗੱਲ ਇਸ ਤੋਂ ਵੀ ਪਿਛੋਂ ਤੁਰਦੀ ਹੈ—ਜਿਸ ਜਾਤ ਦਾ ਇਹ ਪਰਿਵਾਰ ਸੀ, ਉਸ ਵਿਚ ਲੜਕਿਆਂ ਨੂੰ ਪੜ੍ਹਾਉਣ ਦਾ ਰਿਵਾਜ਼ ਨਹੀਂ ਤੇ ਲੜਕੀਆਂ ਪੜ੍ਹ ਲਿਖ ਕੇ ਅਨਪੜ੍ਹ ਕਾਰੀਗਰਾਂ ਨਾਲ ਵਿਆਹ ਦਿੱਤੀਆਂ ਜਾਂਦੀਆਂ। ਇਕ ਪਾਸੇ ਤਾਂ ਔਰਤ ਮਾਨਸਿਕ ਤੌਰ ਤੇ ਮਨ ਦਾ ਹਾਣੀ ਨਾ ਮਿਲਣ ਕਾਰਨ ਸੰਤਾਪ ਹੰਢਾਉਂਦੀ ਤੇ ਦੂਜੇ ਪਾਸੇ ਮਰਦ ਪੜ੍ਹੀ ਲਿਖੀ ਔਰਤ ਦੀ ਤਨਖਾਹ ਨਾਲ ਗੁਜਾਰਾ ਕਰਦਾ ਤੇ ਇਸਦੇ ਨਾਲ ਹੀ ਹਰ ਵੇਲੇ ਸ਼ੱਕ ਦੇ ਸਾੜੇ ਵਿਚ ਸੜਦਾ ਤੇ ਆਪਣੀ ਹਉਮੈ ਬਰਕਰਾਰ ਰੱਖਣ ਲਈ ਸ਼ਰਾਬ ਦਾ ਆਸਰਾ ਲੈ ਕੇ ਬੀਵੀ ਬੱਚਿਆਂ ਦੀ ਮਾਰ ਕੁਟਾਈ ਕਰਦਾ। ਕਦੇ ਮਿੰਨਤਾਂ ਤੇ ਉਤਰ ਆਉਂਦਾ ਤੇ ਕਦੇ ਧਮਕੀਆਂ ਉੱਤੇ ਉਤਰ ਆਉਂਦਾ ਤੇ ਇਉਂ ਹੀ ਇਹ ਗ੍ਰਿਹਿਸਤ ਦੀ ਗੱਡੀ ਤੁਰਦਿਆਂ ਤੁਰਦਿਆਂ ਦੋ ਧੀਆਂ ਤੇ ਇੱਕ ਪੁੱਤਰ ਜੁਆਨ ਹੋਣੇ ਸ਼ੁਰੂ ਹੋ ਗਏ।

ਫਿਰ ਇਕ ਦਿਨ ਉਹੀ ਕੁਝ ਹੋਣ ਲੱਗਿਆ ਜੋ ਪਹਿਲਾਂ ਰੋਜ਼ ਵਾਂਗ ਹੁੰਦਾ ਸੀ। ਸ਼ਾਮ ਨੂੰ ਸ਼ਰਾਬੀ ਹਾਲਤ ਵਿਚ ਪਤੀ ਘਰ ਆਇਆ। ਪਤਨੀ ਵੱਲੋਂ ਕਿੰਤੂ ਪ੍ਰੰਤੂ ਵੀ ਹੋਇਆ ਤੇ ਮਰਦ ਹਓਮੈ ਨੂੰ ਬਚਾਉਣ ਲਈ ਖੁਦਕੁਸ਼ੀ ਕਰਨ ਦੀ ਧਮਕੀ ਦੇਣ ਦਾ ਪੁਰਾਣਾ ਸਿਲਸਿਲਾ ਸ਼ੁਰੂ ਹੋਇਆ। ਇਹ ਡਰਾਮਾ ਅਕਸਰ ਹੀ ਹੁੰਦਾ ਸੀ, ਇਸ ਕਾਰਨ ਬੀਵੀ ਬੱਚਿਆਂ ਨੇ ਧਿਆਨ ਹੀ ਨਾ ਦਿੱਤਾ। ਪਰ ਅੱਜ ਡਰਾਮਾ ਆਖਰੀ ਸੀਨ ਤੇ ਪੁੱਜ ਚੁੱਕਾ ਸੀ, ਉਸ ਨੇ ਧਮਕੀ ਧਮਕੀ ਵਿਚ ਹੀ ਮੱਛਰ ਮਾਰ ਦਵਾਈ ਪੀ ਲਈ।

ਇਕ ਵਾਰ ਹਰ ਪਾਸੇ ਤਰਥੱਲੀ ਮੱਚ ਗਈ। ਤਿੰਨ ਬੱਚਿਆਂ ਦਾ ਬਾਪ ਅਚਾਨਕ ਸਾਰੇ ਪਰਿਵਾਰ ਨੂੰ ਯਤੀਮ ਕਰ ਗਿਆ। ਔਰਤ ਉਤੇ ਪਤੀ ਨੂੰ ਮਾਰਨ ਦੀਆਂ ਤੋਹਮਤਾਂ ਲੱਗੀਆਂ। ਉਸ ਨੂੰ ਕੁਝ ਨਾ ਸੁੱਝੇ ਕਿ ਇਹ ਕੀ ਬਣ ਗਿਆ। ਸਾਰੇ ਘਬਰਾਏ ਹੋਏ ਤੁਰੇ ਫਿਰਨ ਕਿ ਕੀ ਅਜੇ ਵੀ ਪਹਿਲਾਂ ਵਾਲਾ ਡਰਾਮਾ ਹੀ ਚੱਲ ਰਿਹਾ ਹੈ ਜਾਂ ਕੁਝ ਹੋਰ ਵਾਪਰ ਗਿਆ ਹੈ? ਕਦੇ ਉਸਨੂੰ ਸੱਚ ਸਮਝਦੇ ਹੱਦੋਂ ਵੱਧ ਗੰਭੀਰ ਹੁੰਦੇ ਤੇ ਕਦੇ ਪਹਿਲਾਂ ਘਟਦੀਆਂ ਘਟਨਾਵਾਂ ਵਰਗੀ ਇਕ ਘਟਨਾ ਸਮਝ ਲੈਂਦੇ।

ਔਰਤ ਕੋਲ ਘਰਵਾਲੇ ਦੇ ਰਿਸ਼ਤੇਦਾਰ ਤੇ ਮਿੱਤਰ ਆਉਂਦੇ, ਦੁੱਖ ਪੁੱਛਦੇ, ਹਮਦਰਦੀ ਵੰਡਦੇ ਪਰ ਉਹਨਾਂ ਦਾ ਅਸਲ ਮਕਸਦ ਹੋਰ ਹੁੰਦਾ। ਉਹ ਕਦੇ ਕਿਸੇ ਤੇ ਵਿਸ਼ਵਾਸ ਕਰਦੀ ਕਦੇ ਕਿਸੇ ਤੇ। ਇਕ ਪਾਸੇ ਕੁਵੇਲੇ ਘਰਵਾਲੇ ਦੀ ਮੌਤ ਤੇ ਦੂਜੇ ਪਾਸੇ ਨਿੱਤ ਜਵਾਨ ਹੋ ਰਹੀਆਂ ਧੀਆਂ ਦੀ ਫਿਕਰ। ਇਸੇ ਵੇਲੇ ਇਕ ਨਵੀਂ ਸਮੱਸਿਆ ਨੇ ਜਨਮ ਲਿਆ। ਵੱਡੀ ਲੜਕੀ ਨੂੰ ਦੌਰੇ ਪੈ ਰਹੇ ਸਨ ਤੇ ਸਭ ਤੋਂ ਪਹਿਲਾ ਦੌਰਾ ਪਿਤਾ ਦੀ ਚਿਖਾ ਜਲਾਉਣ ਤੋਂ ਸ਼ੁਰੂ ਹੋਇਆ ਸੀ। ਲੜਕੀ ਦੀ ਹਾਲਤ ਪਾਗਲਾਂ ਵਾਲੀ ਬਣ ਚੁੱਕੀ ਸੀ। ਘਰ ਵਿਚ ਜਦੋਂ ਕਿਸੇ ਤਰਲ ਦੇ ਡੁੱਲਣ ਦੀ ਅਵਾਜ਼ ਆਉਂਦੀ ਉਹ ਘਬਰਾ ਕੇ ਚੀਕਾਂ ਮਾਰਦੀ। ਕਦੇ-ਕਦੇ ਉਹ ਵਾਲ ਖਿਲਾਰ ਕੇ ਖੂੰਜੇ ਵਿਚ ਬੈਠ ਜਾਂਦੀ ਅਤੇ ਛੇੜਨ ਤੇ ਅਜੀਬ ਤਰ੍ਹਾਂ ਵਿਹਾਰ ਕਰਦੀ। ਕਦੇ ਉਹ ਭੂਤਨੀ ਬਣ ਜਾਂਦੀ ਤੇ ਕਦੇ ਛੋਟੀ ਬੱਚੀ। ਘੰਟਿਆਂ ਬੱਧੀ ਇਕ ਟੱਕ ਬਾਪ ਦੀ ਫੋਟੋ ਵਲ ਵੇਖਦੀ ਰਹਿੰਦੀ। ਜਦੋਂ ਵੀ ਕਿਸੇ ਗੱਲ ਤੋਂ ਉਸਨੂੰ ਰੋਕਿਆ ਜਾਂਦਾ ਅਕਸਰ ਉਸਦਾ ਦੌਰਾ ਵੱਧ ਜਾਂਦਾ। ਜਦੋਂ ਘਰੋਂ ਬਾਹਰ ਨਿਕਲਣ ਤੋਂ ਰੋਕਿਆ ਜਾਂਦਾ ਤਾਂ ਰੋਜ਼ ਦੌਰਾ ਪੈ ਜਾਂਦਾ। ਕਦੇ ਕਦੇ ਉਹ ਦੌਰੇ ਵਿਚ ਕੁਝ ਖਾਣ-ਪੀਣ ਨੂੰ ਮੰਗਦੀ ਅਤੇ ਡਰਦੇ ਹੋਏ ਘਰ ਦੇ ਲਿਆ ਕੇ ਦਿੰਦੇ ਤਾਂ ਹਰ ਚੀਜ਼ ਦੀ ਅੱਤ ਕਰਕੇ ਛੱਡਦੀ। ਦਸ ਦਸ ਠੰਡੇ ਇਕੋ ਵਾਰ ਪੀ ਜਾਂਦੀ। ਆਮ ਆਦਮੀ ਲਈ ਉਸਦਾ ਅਜਿਹਾ ਕਰਨਾ ਭੂਤ ਦੇ ਅਸਰ ਦੇ ਸ਼ੱਕ ਨੂੰ ਹੋਰ ਵਧਾ ਦਿੰਦਾ। ਫਿਰ ਇਕ ਵਾਰ ਉਸਨੂੰ ਬਾਬਾ ਵਡਭਾਗ ਸਿੰਘ ਦੇ ਲੈ ਗਏ ਤੇ ਉਸ ਤੋਂ ਬਾਅਦ ਤਾਂ ਸਮੱਸਿਆ ਘਟਣ ਦੀ ਥਾਂ ਵੱਧ ਗਈ। ਹੁਣ ਉਹ ਕਦੇ ਕਦੇ ਵਾਲ ਖਿਲਾਰ ਕੇ ਘੁਮਾ ਵੀ ਲੈਂਦੀ। ਆਪਣੇ ਵਾਲ ਪੁੱਟਦੀ ਤੇ ਊਲ ਜਲੂਲ ਬੋਲਦੀ।

ਇਸੇ ਸਮੇਂ ਉਹ ਜ਼ਿਆਦਾ ਢਿੱਲੀ ਰਹਿਣ ਲੱਗੀ ਅਤੇ ਵਾਰ ਵਾਰ ਡਾਕਟਰ ਤੋਂ

ਟੀਕਾ ਲਗਾਉਣ ਜਾਣਾ ਪੈਂਦਾ। ਸਮਝ ਨਹੀਂ ਲੱਗਦੀ ਸੀ ਕਿ ਅਸ਼ਾਂਤ ਹੋਈ ਨੂੰ ਟੀਕਾ ਸ਼ਾਂਤ ਕਰਦਾ ਸੀ ਜਾਂ ਟੀਕਾ ਲਗਾਉਣ ਖਾਤਰ ਅਸ਼ਾਂਤ ਹੁੰਦੀ ਸੀ। ਉਸਦੀ ਹਾਲਤ ਏਨੀ ਜ਼ਿਆਦਾ ਖਰਾਬ ਸੀ ਕਿ ਡਾਕਟਰਾਂ ਨੇ ਆਖਰੀ ਇਲਾਜ ਬਿਜਲੀਆਂ ਲਗਾਉਣਾ ਦੱਸਿਆ। ਅਜਿਹੇ ਸਮੇਂ ਇਹ ਕੇਸ ਮੇਰੇ ਸੰਪਰਕ ਵਿਚ ਆਇਆ। ਸਭ ਤੋਂ ਪਹਿਲਾਂ ਮੈਂ ਉਹਨਾਂ ਦੀ ਹੋਈ ਬੀਤੀ ਕਹਾਣੀ ਸੁਣੀ ਤੇ ਉਸ ਨੂੰ ਪੁਰਾਣਾ ਮੁਹੱਲਾ ਛੱਡ ਕੇ ਨਵੀਂ ਥਾਂ ਮਕਾਨ ਬਦਲਣ ਲਈ ਕਿਹਾ। ਹੁਣ ਉਸਦਾ ਮਕਾਨ ਮੇਰੇ ਘਰ ਦੇ ਨੇੜੇ ਸੀ। ਮੈਂ ਉਸਨੂੰ ਸਾਰੇ ਸਾਧਾ ਸੰਤਾਂ ਤੇ ਡਾਕਟਰਾਂ ਕੋਲ ਜਾਣ ਤੋਂ ਸਖਤੀ ਨਾਲ ਵਰਜ ਦਿੱਤਾ ਤੇ ਦੌਰੇ ਸਮੇਂ ਤੁਰੰਤ ਸੂਚਿਤ ਕਰਨ ਬਾਰੇ ਆਖਿਆ।

ਇਕ ਦਿਨ ਲੜਕੀ ਦਾ ਭਰਾ ਦੌੜਿਆ ਆਇਆ ਤੇ ਮੈਨੂੰ ਤੁਰੰਤ ਪੁੱਜਣ ਲਈ ਕਿਹਾ। ਮੈਂ ਜਾ ਕੇ ਦੇਖਿਆ ਕਿ ਲੜਕੀ ਨੇ ਵਾਲ ਖਿਲਾਰੇ ਹੋਏ ਸਨ ਤੇ ਘਰ ਦੇ ਮੈਂਬਰ ਹੱਕੇ ਬੱਕੇ ਕਦੇ ਉਸਦੇ ਪਿੱਛੇ ਦੌੜਦੇ ਤੇ ਕਦੇ ਪੁਚਕਾਰਦੇ ਤੇ ਲੜਕੀ ਅੱਗੇ ਦੌੜਦੀ ਜਿਵੇਂ ਕਿ ਚੰਗੇ ਡਰਾਮੇ ਵਿਚ ਪਾਗਲ ਦਾ ਰੋਲ ਕਰ ਰਹੀ ਔਰਤ ਦੌੜ ਰਹੀ ਹੋਵੇ।

ਮੈਂ ਸਾਰੇ ਪਰਿਵਾਰ ਨੂੰ ਉਸ ਕਮਰੇ ਵਿਚੋਂ ਜਾਣ ਲਈ ਕਿਹਾ। ਮੈਂ ਲੜਕੀ ਨੂੰ ਪੁਚਕਾਰ ਕੇ ਵੇਖਿਆ ਉਹ ਪਾਗਲਾਂ ਵਾਂਗ ਹੱਸਣ ਲੱਗ ਪਈ। ਮੈਂ ਦੇਖਿਆ ਕਿ ਉਸਨੂੰ ਬੇਲੋੜੀ ਪੁਚਕਾਰ ਨੇ ਹੀ ਵਿਗਾੜਿਆ ਹੈ, ਮੈਂ ਉਸਨੂੰ ਝਿੜਕ ਕੇ ਪਾਸ ਬੁਲਾਇਆ ਤਾਂ ਉਹ ਸਹਿਮ ਕੇ ਖਲੋ ਗਈ। ਮੈਂ ਹੁਣ ਉਸਦੇ ਨੇੜੇ ਚਲੀ ਗਈ ਤੇ ਉਸਨੂੰ ਬੈੱਡ ਤੇ ਬਿਠਾਇਆ ਤੇ ਉਸਨੂੰ ਝਿੜਕ ਕੇ ਵਾਲ ਬੰਨਣ ਲਈ ਕਿਹਾ। ਉਸਨੇ ਡਰਦੇ ਮਾਰੇ ਵਾਲਾਂ ਦਾ ਜੂੜਾ ਬਣਾ ਲਿਆ। ਮੈਂ ਗੁੱਸੇ ਨਾਲ ਉਸ ਵੱਲ ਵੇਖਿਆ ਤਾਂ ਉਹ ਬਿਲਕੁਲ ਆਮ ਹਾਲਤ ਵਿਚ ਆ ਗਈ ਤੇ ਨੀਵੀਂ ਪਾ ਕੇ ਬੈਠ ਗਈ। ਮੈਂ ਉਸਦੇ ਆਮ ਹਾਲਤ ਵਿਚ ਆ ਜਾਣ ਤੇ ਉਸਨੂੰ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਉਸਨੂੰ ਆਖਿਰ ਸਮੱਸਿਆ ਕੀ ਹੈ? ਤਾਂ ਉਸਨੇ ਦੱਸਿਆ ਕਿ ਮੈਨੂੰ ਸਿਰਫ ਪਾਪਾ ਯਾਦ ਆਉਂਦੇ ਹਨ। ਮੈਂ ਉਸ ਨਾਲ ਦੁੱਖ ਸਾਂਝਾ ਕੀਤਾ ਤੇ ਉਸਨੂੰ ਸਮਝਾਇਆ ਕਿ ਪਾਪਾ ਨੂੰ ਯਾਦ ਕਰਨ ਦਾ ਇਹ ਤਰੀਕਾ ਗਲਤ ਹੈ ਤੇ ਉਸ ਨਾਲ ਪਾਪਾ ਦੀਆਂ ਗੱਲਾਂ ਕਰਕੇ ਹਮਦਰਦੀ ਜਤਾਈ, ਉਸਨੂੰ ਪੜ੍ਹਨ ਲਿਖਣ ਲਈ ਪ੍ਰੇਰਿਆ।

ਮੈਂ ਜਦੋਂ ਆਪਣੇ ਘਰ ਵਾਪਸ ਜਾਣ ਲੱਗੀ ਤਾਂ ਦੇਖਿਆ ਕਿ ਪਰਿਵਾਰ ਦੇ ਮੈਂਬਰ ਹੈਰਾਨ ਸਨ ਕਿ ਮੇਰੀ ਹਾਜ਼ਰੀ ਵਿਚ ਦੌਰੇ ਦਾ ਅੰਤ ਇਤਨੀ ਜਲਦੀ ਕਿਵੇਂ ਹੋ ਗਿਆ। ਮੈਂ ਲੜਕੀ ਦੀ ਮਾਂ ਨੂੰ ਆਪਣੇ ਘਰ ਬੁਲਾ ਕੇ ਸਮਝਾਇਆ ਕਿ ਲੜਕੀ ਵੱਲ ਬਹੁਤਾ ਧਿਆਨ ਨਾ ਦਿੱਤਾ ਜਾਏ। ਇੰਝ ਕੁੱਝ ਸਮਾਂ ਲੰਘ ਗਿਆ ਤੇ ਲੜਕੀ ਨੂੰ ਫਿਰ ਦੌਰਾ ਪਿਆ। ਇਸ ਵਾਰ ਮੇਰੇ ਜਾਣ ਤੋਂ ਪਹਿਲਾਂ ਹੀ ਲੜਕੀ ਆਮ ਹਾਲਤ ਵਿਚ ਆ ਚੁੱਕੀ ਸੀ ਕਿਉਂਕਿ ਉਸਨੂੰ ਪਤਾ ਲੱਗ ਚੁੱਕਾ ਸੀ ਕਿ ਮੈਨੂੰ ਬੁਲਾਇਆ ਜਾ ਰਿਹਾ ਹੈ। ਸੋ ਲੜਕੀ ਮੇਰੇ ਨਾਲ ਆਮ ਹਾਲਤਾਂ ਵਾਂਗ ਗੱਲਾਂ ਕਰਨ ਲੱਗੀ ਤਾਂ ਕਿ ਪਰਿਵਾਰ ਦੇ

ਮੈਂਬਰਾਂ ਨੂੰ ਝੂਠੇ ਕਰ ਸਕੇ ਤੇ ਪਰਿਵਾਰ ਹੈਰਾਨ ਸੀ ਕਿ ਮੇਰਾ ਨਾਂ ਸੁਣਦਿਆਂ ਹੀ ਦੌਰਾ ਖਤਮ ਕਿਵੇਂ ਹੋ ਗਿਆ।

ਇਸ ਵਾਰ ਮੈਂ ਉਸਨੂੰ ਹਿਪਨੋਟਾਈਜ਼ ਕਰਕੇ ਅਚੇਤ ਮਨ ਵਿਚ ਪਈਆਂ ਗੁੰਝਲਾਂ ਨੂੰ ਖੋਲਣ ਤੇ ਲੱਭਣ ਦਾ ਯਤਨ ਕੀਤਾ ਤਾਂ ਉਸਨੇ ਦੱਸਿਆ ਕਿ ਉਸਨੂੰ ਤਰਲ ਜਿਵੇਂ ਪਾਣੀ ਦੁੱਧ ਆਦਿ ਦੇ ਡੁੱਲਣ ਤੋਂ ਡਰ ਲੱਗਦਾ ਹੈ। ਇਸਦਾ ਕਾਰਨ ਸ਼ਾਇਦ ਇਹ ਸੀ ਕਿ ਝਗੜੇ ਦੀ ਹਾਲਤ ਵਿਚ ਬਾਪ ਨੇ ਮਾਵਾਂ ਧੀਆਂ ਉਤੇ ਤੇਲ ਛਿੜਕ ਦਿੱਤਾ ਸੀ ਤੇ ਇਕ ਵਾਰੀ ਲੜਾਈ ਦੌਰਾਨ ਹੀ ਉਸ ਉੱਪਰ ਗਰਮ ਦੁੱਧ ਪਾਉਣ ਦਾ ਯਤਨ ਕੀਤਾ ਸੀ ਜਿਸਦੇ ਸਿੱਟੇ ਵਜੋਂ ਬਾਲ ਮਨ ਤੇ ਡੂੰਘਾ ਅਸਰ ਪਿਆ ਤੇ ਇਹ ਡਰ ਸਦੀਵੀ ਫੋਬੀਆਂ ਬਣ ਗਿਆ। ਮੈਂ ਉਸਨੂੰ ਸਮਝਾ ਕੇ ਇਹ ਡਰ ਖਤਮ ਕੀਤਾ।

ਹੁਣ ਦੌਰੇ ਦੀ ਸਮੱਸਿਆ ਕਾਫੀ ਹੱਦ ਤੱਕ ਸੁਲਝ ਚੁੱਕੀ ਸੀ ਤੇ ਲੜਕੀ ਮੇਰੇ ਉਪਰ ਵਿਸ਼ਵਾਸ ਵੀ ਕਰਨ ਲੱਗ ਪਈ ਸੀ ਪਰ ਹੁਣ ਕੁਝ ਨਵੀਆਂ ਸਮੱਸਿਆਵਾਂ ਪੈਦਾ ਹੋਣੀਆਂ ਸ਼ੁਰੂ ਹੋਈਆਂ। ਪੁਰਾਣੇ ਮੁਹੱਲੇ ਦੇ ਡਾਕਟਰ ਪਾਸ ਬੈਠਣ ਵਾਲੇ ਲੜਕੇ ਨੇ ਇਥੇ ਚੱਕਰ ਮਾਰਨੇ ਸ਼ੁਰੂ ਕਰ ਦਿੱਤੇ। ਕੁੜੀ ਨੇ ਹੌਲੀ ਹੌਲੀ ਮੇਰੇ ਨਾਲ ਖੁਲ੍ਹ ਕੇ ਆਪਣੀ ਮਾਂ ਦੇ ਚਰਿੱਤਰ ਬਾਰੇ ਵੀ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਅਸਲ ਵਿਚ ਮੈਨੂੰ ਇਸ ਦਾ ਕਾਰਨ ਇਹ ਜਾਪਿਆ ਕਿ ਉਹ ਇਸ ਦੇ ਇਵਜ਼ਾਨੇ ਵਿਚ ਖੁਦ ਖੁੱਲ੍ਹ ਲੈਣਾ ਚਾਹੁੰਦੀ ਹੈ। ਮੈਂ ਲੜਕੀ ਨੂੰ ਇਕ ਪਾਸੇ ਉਸਦੀ ਮਾਂ ਦੀਆਂ ਮਜ਼ਬੂਰੀਆਂ ਸਮਝਾਈਆਂ, ਦੂਜੇ ਪਾਸੇ ਉਸਨੂੰ ਲੜਕੇ ਬਾਰੇ ਸੱਚ ਮੁੱਚ ਪਰਖਣ ਲਈ, ਵਿਆਹ ਦੀ ਆਫਰ ਰਖਵਾ ਦਿੱਤੀ ਤਾਂ ਲੜਕਾ ਭੱਜ ਨਿਕਲਿਆ। ਇਸ ਘਟਨਾ ਨਾਲ ਲੜਕੀ ਨੂੰ ਸਮਝ ਆ ਗਈ ਕਿ ਫਿਲਮੀ ਰੁਮਾਂਸ ਤੇ ਅਸਲੀ ਜ਼ਿੰਦਗੀ ਵਿਚ ਕੀ ਫਰਕ ਹੈ? ਮੈਂ ਉਸਦੀ ਮਾਂ ਨੂੰ ਸਮਝਾਇਆ ਕਿ ਹੁਣ ਬੱਚੇ ਵੱਡੇ ਹੋ ਗਏ ਹਨ ਸੋ ਆਪਣੀ ਜ਼ਿੰਦਗੀ ਦੇ ਸੱਚੇ-ਝੂਠੇ ਕਿੱਸੇ ਖਤਮ ਕਰੇ ਤੇ ਉਸਨੇ ਇੰਜ ਹੀ ਕੀਤਾ।

ਸੋ ਹੁਣ ਮੈਂ ਲੜਕੀ ਨੂੰ ਪੜ੍ਹਾਈ ਦੇ ਰਾਹ ਤੋਰ ਰਹੀ ਸਾਂ। ਉਸਦੇ ਚੰਗੇ ਗੁਣਾਂ ਦੀ ਪ੍ਰਸ਼ੰਸ਼ਾ ਕਰਦੀ ਤੇ ਲੜਕੀ ਉਤਸ਼ਾਹਿਤ ਹੋ ਕੇ ਕੰਮ ਕਰਦੀ। ਉਹ ਮੇਰੇ ਅਤੇ ਰਾਜਿੰਦਰ ਤੇ ਪੱਕਾ ਵਿਸ਼ਵਾਸ ਕਰਨ ਲੱਗ ਪਈ ਤੇ ਜ਼ਿਆਦਾ ਸਮਾਂ ਸਾਡੇ ਘਰ ਹੀ ਗੁਜ਼ਾਰਦੀ। ਲੜਕੀ ਪੜ੍ਹਨ ਵਿਚ ਕਾਫੀ ਹੁਸ਼ਿਆਰ ਸੀ। ਦਸਵੀਂ ਚੰਗੇ ਨੰਬਰਾਂ ਨਾਲ ਪਾਸ ਕੀਤੀ। ਹੁਣ ਉਹ ਸਾਰੇ ਦਿਨ ਸਾਡੇ ਘਰ ਹੀ ਰਹਿੰਦੀ। ਅਸੀਂ ਦੋਵੇਂ ਕੋਸ਼ਿਸ਼ ਕਰਕੇ ਉਸਨੂੰ ਉਸਦੇ ਘਰ ਭੇਜਦੇ। ਕਈ ਵਾਰ ਝਿੜਕਾਂ ਦੇ ਕੇ ਭੇਜਦੇ ਪਰ ਲੜਕੀ ਸਾਡੀਆਂ ਝਿੜਕਾਂ ਸਮੇਤ, ਸਾਡੇ ਘਰ ਦਾ ਸਾਰਾ ਕੰਮ ਕਾਜ ਕਰਦੀ। ਇਸ ਪ੍ਰਕਾਰ ਉਹ ਸਾਡੇ ਪਰਿਵਾਰ ਵਿਚ ਧੀ ਵਜੋਂ ਸਮਝੀ ਜਾਣ ਲੱਗੀ। ਇਸੇ ਤਰ੍ਹਾਂ ਉਹ+2 ਦੀ ਪ੍ਰੀਖਿਆ ਵੀ ਚੰਗੇ ਨੰਬਰਾਂ ਵਿਚ ਪਾਸ ਕਰ ਗਈ ਹੁਣ ਉਹਦੀ ਮਾਂ ਵੱਲੋਂ ਉਸਦੇ ਲਈ ਲੜਕੇ ਦੀ ਤਲਾਸ਼ ਸ਼ੁਰੂ ਹੋਈ ਤਾਂ ਉਸਨੇ ਇਸ ਸ਼ਰਤ ਕੇ ਵਿਆਹ ਕਰਾਉਣਾ ਮੰਨ ਲਿਆ ਕਿ ਅਸੀਂ ਦੋਵੇਂ ਲੜਕੇ ਬਾਰੇ

ਤਸੱਲੀ ਪਹਿਲਾਂ ਕਰਾਂਗੇ। ਇੰਜ ਸਾਡੇ ਵੱਲੋਂ ਗਰੰਟੀ ਦੇਣ ਤੇ ਉਸਦਾ ਇਕ ਯੋਗ, ਪੜ੍ਹੇ ਲਿਖੇ ਤੇ ਨੌਕਰੀ ਕਰਦੇ ਲੜਕੇ ਨਾਲ ਵਿਆਹ ਹੋ ਗਿਆ। ਹੁਣ ਉਸ ਦੇ ਘਰ ਇਕ ਬੇਟੀ ਹੈ ਜਿਸ ਦੀ ਉਮਰ ਮੇਰੀ ਬੇਟੀ ਨਾਲੋਂ ਦੋ ਸਾਲ ਛੋਟੀ ਹੈ। ਇੰਜ ਮੇਰੀਆਂ ਆਪਣੀਆਂ ਬੇਟੀਆਂ ਦੀ ਉਮਰ ਭਾਵੇਂ ਛੋਟੀ ਹੈ ਪਰ ਉਹ ਲੜਕੀ ਕਿਉਂਕਿ ਸਾਡੀ ਧੀ ਵਜੋਂ ਜਾਣੀ ਜਾਂਦੀ ਹੈ। ਸੋ ਹੁਣ ਸਾਡੇ ਘਰ ਇਕ ਦੋਹਤੀ ਵੀ ਹੈ ਤੇ ਅਸੀਂ ਉਮਰੋਂ ਪਹਿਲਾਂ ਨਾਨਾ-ਨਾਨੀ ਬਣ ਗਏ ਹਾਂ।

ਹੁਣ ਜਦੋਂ ਅਸੀਂ ਉਸਨੂੰ ਸਹੁਰੇ ਘਰ ਹੱਸਦੀ ਗੁਟਕਦੀ ਨੂੰ ਵੇਖਦੇ ਹਾਂ ਤਾਂ ਮਨ ਨੂੰ ਅਜੀਬ ਜਿਹਾ ਸਕੂਨ ਹੁੰਦਾ ਹੈ ਕਿ ਇਨ੍ਹਾਂ ਦੀ ਤੰਦਰੁਸਤ ਹੱਸਦੀ ਜ਼ਿੰਦਗੀ ਵਿਚ ਸਾਡਾ ਵੀ ਕੋਈ ਹਿੱਸਾ ਹੈ।

***

ਭੂਤ ਨੇ ਬੰਦੂਕ ਤੋੜ ਦਿੱਤੀ

ਮੈਂ ਦਫਤਰੋਂ ਛੁੱਟੀ ਹੋਣ ਤੇ ਘਰ ਪਹੁੰਚੀ ਸਾਂ ਕਿ ਰਾਜਿੰਦਰ ਨੇ ਮੈਨੂੰ ਜਲਦੀ ਤਿਆਰ ਹੋਣ ਲਈ ਕਿਹਾ ਕਿਉਂਕਿ ਇਨ੍ਹਾਂ ਦੇ ਦੋਸਤ ਪ੍ਰੋ. ਖਿਆਲਾ ਸਾਨੂੰ ਲੈਣ ਲਈ ਆਏ ਹੋਏ ਸਨ। ਮੈਂ ਜਲਦੀ ਦਾ ਕਾਰਨ ਪੁੱਛਿਆ ਤਾਂ ਪਤਾ ਲੱਗਾ ਕਿ ਉਹ ਕਿਸੇ ਕੇਸ ਤੇ ਲਿਜਾਣਾ ਚਾਹੁੰਦੇ ਸਨ। ਉਨ੍ਹਾਂ ਦੇ ਕਿਸੇ ਵਾਕਫ ਪਰਿਵਾਰ ਵਿਚ ਗੈਬੀ ਘਟਨਾਵਾਂ ਘਟ ਰਹੀਆਂ ਸਨ। ਪੇਟੀਆਂ ਵਿਚ ਪਏ ਕੱਪੜੇ ਕੱਟੇ ਜਾਂਦੇ ਸਨ, ਘਿਉ ਦੇ ਪੀਪੇ ਡੁੱਲ ਜਾਂਦੇ ਸਨ, ਨਵੇਂ ਸੋਫੇ ਦੀਆਂ ਗੱਦੀਆਂ ਲੀਰਾਂ ਹੋ ਗਈਆਂ ਸਨ, ਟੀ.ਵੀ. ਦੀ ਸਕਰੀਨ ਟੁੱਟ ਗਈ ਸੀ । ਬਿਨਾਂ ਚਾਬੀਆਂ ਤੋਂ ਜਿੰਦਰੇ ਖੁੱਲ੍ਹ ਜਾਂਦੇ ਸਨ ਤੇ ਬੰਦੂਕ ਦੀ ਹੱਥੀ ਟੁੱਟ ਗਈ ਸੀ। ਅਜਿਹੀਆਂ ਘਟਨਾਵਾਂ ਦੀ ਲੰਮੀ ਲੜੀ ਸੀ ਜਿਨ੍ਹਾਂ ਦਾ ਬਿਆਨ ਅਸੰਭਵ ਹੈ ਤੇ ਪੀੜ੍ਹਤ ਪਰਿਵਾਰ ਸਿਆਣਿਆਂ ਹੱਥੋਂ 5-7 ਹਜ਼ਾਰ ਦੀ ਲੁਟਾਈ ਵੀ ਕਰਵਾ ਚੁੱਕਾ ਸੀ ਪਰ ਸਮੱਸਿਆ ਦਾ ਕੋਈ ਥਾਹ ਨਹੀਂ ਪੈ ਰਿਹਾ ਸੀ। ਘਰ ਵਿਚ ਜਿਹੜਾ ਵੀ ਕਿਸੇ ਘਟਨਾ ਬਾਰੇ ਸ਼ੱਕ ਕਰਦਾ ਜਾਂ ਗਹੁ ਕਰਦਾ ਅਗਲੇ ਦਿਨ ਉਸੇ ਦਾ ਹੀ ਨੁਕਸਾਨ ਹੋ ਜਾਂਦਾ ਸੀ। ਸੋ ਅਸੀਂ ਸਾਢੇ ਕੁ ਪੰਜ ਵਜੋਂ ਪ੍ਰੋ. ਖਿਆਲਾ ਨਾਲ ਉਨ੍ਹਾਂ ਦੇ ਮੋਟਰ ਸਾਈਕਲ ਤੇ ਉਨ੍ਹਾਂ ਦੀ ਰਿਹਾਇਸ਼ ਤੇ ਚਲੇ ਗਏ ਅਤੇ ਅਗਲੀ ਸਵੇਰ ਉਹ ਆਪਣੇ ਮੋਟਰ ਸਾਈਕਲ 'ਤੇ ਹੀ ਘਟਨਾਵਾਂ ਗ੍ਰਸਤ ਪੀੜ੍ਹਤ ਪਰਿਵਾਰ ਪਾਸ ਲੈ ਗਏ।

ਚੰਗਾ ਖੁੱਲ੍ਹਾ ਡੁਲ੍ਹਾ ਵੱਡੀਆਂ ਸਬਾਤਾਂ ਵਾਲਾ ਘਰ ਸੀ। ਉਪਰ ਦੋ ਵੱਡੇ ਚੁਬਾਰੇ ਤੇ ਵੱਡਾ ਵਿਹੜਾ ਭਾਵ ਘਰ ਦੀ ਆਰਥਿਕ ਹਾਲਤ ਚੰਗੀ ਜਾਪਦੀ ਸੀ। ਸਿੱਖ ਪਰਿਵਾਰ ਸੀ ਤੇ ਬਜ਼ੁਰਗਾਂ ਤੋਂ ਲੈ ਕੇ ਔਰਤਾਂ ਅਤੇ ਲੜਕੇ ਲੜਕੀਆਂ ਸਭ ਦੇ ਗਾਤਰੇ ਪਾਏ ਹੋਏ ਸਨ। ਘਰ ਦਾ ਮੁਖੀ ਬਜ਼ੁਰਗ ਤੇ ਉਸਦੀ ਪਤਨੀ ਸਨ ਅਤੇ ਉਨ੍ਹਾਂ ਦੇ ਦੋ ਲੜਕੇ ਤੇ ਦੋ ਲੜਕੀਆਂ ਸਨ। ਵੱਡਾ ਲੜਕਾ ਖੇਤੀ ਕਰਦਾ ਸੀ ਤੇ ਘਰਵਾਲੀ ਘਰੇਲੂ ਕੰਮ, ਉਸ ਤੋਂ ਛੋਟਾ ਫੌਜੀ ਸੀ ਤੇ ਉਸਦੀ ਘਰਵਾਲੀ ਉਸਦੇ ਨਾਲ ਹੀ ਗਈ ਹੋਈ ਸੀ। ਘਰ ਦੇ ਵਿਚ ਜੋ ਚੰਗਾ ਫਰਨੀਚਰ ਸੀ ਉਹੀ ਦਾਜ ਵਿਚ ਲਿਆਈ ਸੀ। ਸੋਫਾ ਫਟ ਗਿਆ ਸੀ ਤੇ ਟੀ.ਵੀ. ਜਿਸ ਦੀ ਸਕਰੀਨ ਤੋੜੀ ਗਈ ਸੀ, ਉਸੇ ਦੇ ਸਨ। ਵੱਡੇ ਲੜਕੇ ਦੇ 3 ਬੱਚੇ ਸਨ, ਦੋ ਕੁੜੀਆਂ ਤੇ ਇਕ ਮੁੰਡਾ ਜੋ ਵਿਹੜੇ ਵਿਚ ਖੇਡ ਰਹੇ ਸਨ। ਇਕ ਲੜਕੀ ਜਿਸ ਨੂੰ ਵਿਆਹਿਆਂ ਕਈ ਵਰ੍ਹੇ ਹੋ ਗਏ ਸਨ ਤੇ ਪ੍ਰਾਹੁਣਾ ਵੀ ਫੌਜੀ ਸੀ ਤੇ

ਉਸਦੀ ਗੈਰ ਹਾਜ਼ਰੀ ਕਾਰਨ ਲੜਕੀ ਇਸੇ ਪੇਕੇ ਘਰ ਵਿਚ ਦੋ ਬੱਚਿਆਂ ਸਮੇਤ ਰਹਿ ਰਹੀ ਸੀ। ਸਭ ਤੋਂ ਛੋਟੀ ਲੜਕੀ ਅਮਰੋ, ਜੋ ਇਕ ਅੱਖੋਂ ਭੈਂਗੀ ਸੀ ਤੇ ਉਮਰ 14-15 ਕੁ ਸਾਲ ਦੀ ਸੀ, ਵਿਹੜੇ ਵਿਚ ਭਾਣਜੇ ਭਾਣਜੀਆਂ ਤੇ ਭਤੀਜੇ-ਭਤੀਜੀਆਂ ਨੂੰ ਖਿਡਾਉਣ ਲਈ ਇਧਰ ਉਧਰ ਘੁੰਮ ਰਹੀ ਸੀ।

ਪਤਾ ਨਹੀਂ ਕਿਉਂ ਇਹ ਕੁੜੀ ਨਿਆਣਿਆਂ ਦੇ ਇਕੱਠ ਨੂੰ ਇਧਰ ਉਧਰ ਘੁਮਾਉਂਦੀ ਕੁਝ ਓਪਰੀ ਲੱਗ ਰਹੀ ਸੀ। ਅਸੀਂ ਘਰ ਦੀ ਬਜ਼ੁਰਗ ਜੋੜੀ ਤੋਂ ਪੁੱਛ ਗਿੱਛ ਕਰ ਰਹੇ ਸਾਂ ਮੈਨੂੰ ਜਾਪ ਰਿਹਾ ਸੀ ਕਿ ਲੜਕੀ ਸਾਡੀਆਂ ਗੱਲਾਂ ਦੀ ਕਨਸੋਅ ਲੈ ਰਹੀ ਹੈ ਤੇ ਮੈਂ ਚੇਤਨ ਰੂਪ ਵਿਚ ਗੱਲਾਂ ਦੇ ਨਾਲ ਉਸ ਦੀਆਂ ਹਰਕਤਾਂ ਤੇ ਨਜ਼ਰ ਰੱਖ ਰਹੀ ਸਾਂ।

"ਪਤਾ ਨਹੀਂ ਕੀ ਹੋਇਐ। ਅਸੀਂ ਤਾਂ ਬਾਬੇ ਦੀ ਬਾਣੀ ਪੜ੍ਹਨ ਵਾਲੇ ਬੰਦੇ ਸੀ ਕਦੇ ਵਹਿਮਾਂ ਭਰਮਾਂ 'ਚ ਨਹੀਂ ਪਏ ਸੀ ਪਰ ਹੁਣ ਸਾਹਮਣੇ ਵਾਪਰਦੀਆਂ ਗੱਲਾਂ ਨੂੰ ਕਿਵੇਂ ਨਾ ਮੰਨੀਏ, ਵੱਡੀ ਬਹੂ ਦੇ ਪੇਟੀ 'ਚ ਪਏ ਕੱਪੜੇ ਕੱਟੇ ਗਏ, ਛੋਟੀ ਦਾ ਸੋਫਾ ਲੀਰਾਂ ਹੋ ਗਿਆ, ਟੀ.ਵੀ. ਭੰਨਤਾ, ਪਰਸੋਂ ਦੇਸੀ ਘਿਓ ਦਾ ਪੀਪਾ ਮੂਧਾ ਵੱਜ ਗਿਆ, ਕੁਝ ਦਿਨ ਪਹਿਲਾਂ ਤਾਂ ਮਲਾਈ ਹੀ ਲਹਿੰਦੀ ਸੀ ਪਰ ਕੱਲ ਤੋੜੀ ਹੀ ਵਿਹੜੇ 'ਚ ਭੰਨੀ ਪਈ ਸੀ ਦੁੱਧ ਦੀਆਂ ਬਾਲਟੀਆਂ ਡੋਲਤੀਆਂ। ਵਿਆਹੀ ਹੋਈ ਕੁੜੀ ਦੀ ਚੱਪਲ ਵੱਢੀ ਪਈ ਸੀ। ਹੋਰ ਤਾਂ ਹੋਰ ਆਹ ਪਰਸੋਂ ਦਰੀ ਦਾ ਤਾਣਾ ਹੀ ਵੱਢਿਆ ਪਿਆ ਸੀ।

ਬਜ਼ੁਰਗ ਨੇ ਸਹਿਮ ਤੇ ਉਦਾਸੀ ਦੇ ਭਾਵਾਂ ਨਾਲ ਕਹਾਣੀ ਸੁਣਾਉਂਦਿਆਂ ਬਰਾਂਡੇ ਵਿਚ ਵੱਢੀ ਦਰੀ ਵੱਲ ਇਸ਼ਾਰਾ ਕੀਤਾ। ਵਿਹੜੇ ਵਿਚ ਖੇਡ ਰਹੇ ਬੱਚਿਆਂ ਵਿਚੋਂ ਵੱਡੇ ਮੁੰਡੇ ਦੀ ਲੜਕੀ ਜੋ 8-10 ਸਾਲ ਦੀ ਸੀ, ਉਸਨੇ ਦਰੀ ਤੋਂ ਦੋੜਾ ਚੁੱਕ ਦਿੱਤਾ ਤੇ ਸਿਆਣਿਆਂ ਵਾਂਗ ਸਾਨੂੰ ਦਿਖਾਉਣ ਲੱਗ ਪਈ। ਮੇਰਾ ਸ਼ੱਕ ਯਕੀਨ ਵਿਚ ਬਦਲ ਗਿਆ ਕਿ ਇਹ ਲੜਕੀ ਉਸ 14-15 ਸਾਲ ਦੀ ਲੜਕੀ ਅਮਰੋ ਦੇ ਆਖਣ ਤੇ ਅਜਿਹਾ ਕਰ ਰਹੀ ਹੈ ਤੇ ਇਹ ਵੀ ਆਨੀ ਬਹਾਨੀਂ ਸਾਡੀਆਂ ਗੱਲਾਂ ਸੁਣ ਰਹੀ ਹੈ।

ਪਤਾ ਲੱਗਾ ਕਿ ਹਫਤਾ ਪਹਿਲਾਂ ਆਏ ਸਿਆਣੇ ਦੀ ਜੁੱਤੀ ਵੀ ਗੁਆਚ ਗਈ ਸੀ। ਸੋ ਮੈਂ ਹੋਰ ਵੀ ਚੇਤਨ ਹੋ ਗਈ ਤੇ ਆਪਣਾ ਪਰਸ ਤੇ ਬੈਗ ਚੰਗੀ ਤਰ੍ਹਾਂ ਸੰਭਾਲ ਲਏ ਤੇ ਪ੍ਰੋ. ਖਿਆਲਾ ਨੂੰ ਤਾਕੀਦ ਕੀਤੀ ਕਿ ਮੋਟਰ ਸਾਈਕਲ ਆਪਣੀਆਂ ਨਜ਼ਰਾਂ ਸਾਹਮਣੇ ਰੱਖਣ। ਮੈਂ ਇਕ ਦਮ ਠਠੰਬਰ ਗਈ ਕਿਉਂਕਿ ਬੱਚਿਆਂ ਦਾ ਜਮ-ਘਟ ਪੌੜੀਆਂ ਚੜ੍ਹ ਰਿਹਾ ਸੀ ਤੇ ਮੇਰੀ ਸੱਤ ਕੁ ਸਾਲ ਦੀ ਬੱਚੀ ਉਨ੍ਹਾਂ ਬੱਚਿਆਂ ਨਾਲ ਸੀ ਤੇ ਉਹ ਅਮਰੋ ਉਨ੍ਹਾਂ ਦੇ ਨਾਲ ਪੌੜੀਆਂ ਚੜ੍ਹ ਰਹੀ ਸੀ। ਮੈਂ ਇਕ ਦਮ ਉੱਠੀ ਤੇ ਪੂਰੀ ਸਪੀਡ ਨਾਲ ਪੌੜੀਆਂ ਜਾ ਚੜ੍ਹੀ ਤੇ ਆਪਣੀ ਬੱਚੀ ਨੂੰ ਹੇਠਾਂ ਉਤਾਰ ਲਿਆਈ। ਰਾਜਿੰਦਰ ਨੇ ਮੇਰੀ ਇਸ ਕਾਰਗੁਜਾਰੀ ਤੇ ਹੈਰਾਨੀ ਪ੍ਰਗਟ ਕੀਤੀ ਪਰ ਮੈਂ ਉਸਨੂੰ ਸਮਝਾ ਦਿੱਤਾ ਕਿ ਮੈਂ ਚੋਰ ਲੱਭ ਲਿਆ ਹੈ। ਸੋ ਬੱਚੀ ਦਾ ਖਿਆਲ ਰੱਖੋ ਵਰਨਾ ਸਿਆਣੇ ਦੀ ਜੁੱਤੀ ਵਾਂਗ ਆਪਣਾ

ਬੱਚਾ ਗੁਆ ਬੈਠਾਂਗੇ। ਸੋ ਉਹ ਵੀ ਚੇਤਨ ਹੋ ਗਏ।

ਸਾਰੀਆਂ ਘਟਨਾਵਾਂ ਦੀ ਲੜੀ ਵਿਚ ਬਜ਼ੁਰਗਾਂ ਦਾ ਸਿੱਧੇ ਤੌਰ ਤੇ ਲੀੜੇ-ਕੱਪੜੇ ਦਾ ਨੁਕਸਾਨ ਨਹੀਂ ਕੀਤਾ ਗਿਆ ਸੀ ਤੇ ਬੱਚਿਆਂ ਦਾ ਨੁਕਸਾਨ ਵੀ ਬਹੁਤ ਘੱਟ ਹੋਇਆ ਸੀ। ਅਮਰੋ ਦੇ ਤਾਂ ਤਿੰਨੇ-ਚਾਰ ਪੁਰਾਣੇ ਸੂਟ ਬੁਰੀ ਤਰ੍ਹਾਂ ਲੀਰਾਂ ਹੋ ਚੁੱਕੇ ਸਨ। ਵੱਡਾ ਲੜਕਾ ਜੋ ਕਾਫੀ ਨਿਡਰ ਸੁਭਾਅ ਦਾ ਸੀ ਉਸਨੇ ਸਾਰੀਆਂ ਪੇਟੀਆਂ ਨੂੰ ਜਿੰਦਰੇ ਲਗਾਏ ਪਰ ਫੇਰ ਵੀ ਅਗਲੇ ਦਿਨ ਸਾਰੇ ਜ਼ਿੰਦਰੇ ਖੁੱਲ੍ਹੇ ਪਏ ਸਨ।

ਬਜੁਰਗਾਂ ਨੇ ਦੱਸਿਆ ਕਿ ਕੱਲ ਕੌਰ ਸਿੰਘ (ਵੱਡਾ ਲੜਕਾ) ਨੇ ਬੰਦੂਕ ਭਰ ਕੇ ਪੇਟੀ 'ਚ ਰੱਖ ਦਿੱਤੀ ਤੇ ਵਿਹੜੇ 'ਚ ਖੜ੍ਹ ਕੇ ਉੱਚੀ ਉੱਚੀ ਭੂਤ ਨੂੰ ਗਾਲ੍ਹਾਂ ਕੱਢੀਆਂ ਤੇ ਚੁਣੌਤੀ ਦਿੱਤੀ ਅੱਜ ਖੋਲੇ ਜਿਹੜਾ ਸਾਲਾ ਭੂਤ ਐ ਜਿੰਦਾ, ਗੋਲੀ ਨਾਲ ਉਡਾ ਦਿਊਂ। ਪਰ ਆਪਾਂ ਤਾਂ ਜੀ ਪੰਜ ਪੌੜੀਆਂ ਦਾ ਪਾਠ ਕਰਕੇ ਸੌਂ ਗਏ। ਤੜਕੇ ਉਠ ਕੇ ਦੇਖਿਆ ਪੇਟੀ ਵਿਚ ਬੰਦੂਕ ਤੋੜੀ ਪਈ ਸੀ, ਜਿੰਦਾ ਖੁੱਲ੍ਹਾ ਪਿਆ ਸੀ ਤੇ ਪੇਟੀ ਦਾ ਕੁੰਡਾ ਵੀ ਮਰੋੜਿਆ ਪਿਆ ਸੀ।

ਅਸੀਂ ਇਕ ਇਕ ਘਟਨਾ ਸਥਾਨ ਤੇ ਹਰ ਟੁੱਟੀ ਭੱਜੀ ਚੀਜ਼ ਨੂੰ ਗਹੁ ਨਾਲ ਦੇਖ ਰਹੇ ਸੀ। ਮੈਂ ਦੇਖਿਆ ਹਰ ਕੱਪੜਾ ਕੱਟਿਆ ਗਿਆ ਸੀ, ਪਾੜਿਆ ਨਹੀਂ ਸੀ ਸੋ ਹੁਣ ਸਾਨੂੰ ਉਸ ਬਲੇਡ ਜਾਂ ਚਾਕੂ ਦੀ ਤਲਾਸ਼ੀ ਸੀ। ਬੰਦੂਕ ਤੋੜਨ ਲਈ ਕਾਫੀ ਜ਼ੋਰ ਦੀ ਜ਼ਰੂਰਤ ਸੀ ਤੇ ਦੇਖਿਆ ਉਹ ਪੇਟੀ ਦੇ ਕੁੰਡੇ ਵਿਚ ਫਸਾ ਕੇ ਤੋੜੀ ਗਈ ਸੀ। ਦਰੀ ਵੀ ਕੈਂਚੀ ਨਾਲ ਵੱਢਣ ਦੀ ਬਜਾਏ ਵਿੰਗੀ ਟੇਢੀ ਵੱਢੀ ਸੀ ਅਰਥਾਤ ਚਾਕੂ ਜਾਂ ਬਲੇਡ ਨਾਲ।

ਸੋ ਅਸੀਂ ਸਾਰੇ ਪਰਿਵਾਰ ਦੇ ਮੈਂਬਰਾਂ ਨੂੰ ਵਾਰੀ ਸਿਰ ਚੁਬਾਰੇ ਵਿਚ ਬੁਲਾ ਕੇ ਪੁੱਛਗਿੱਛ ਕਰਦੇ ਰਹੇ। ਅਖੀਰ ਵਿਚ ਲੜਕੀ ਅਮਰੋ ਨੂੰ ਬੁਲਾਇਆ ਗਿਆ। ਉਹ ਸਾਡੇ ਤੋਂ ਕੁਝ ਦੂਰੀ ਤੇ ਸਾਹਮਣੇ ਮੰਜੀ ਤੇ ਬੈਠੀ ਸੀ। ਉਸਦੀ ਦਰੀ ਬਣਾਈ ਜਾ ਰਹੀ ਸੀ ਜੋ ਕੱਟੀ ਗਈ ਸੀ ਤੇ ਤਿੰਨ ਚਾਰ ਸੂਟ ਵੀ ਕੱਟੇ ਗਏ ਸਨ। ਪ੍ਰੋ. ਖਿਆਲਾ ਬਰਾਂਡੇ ਵਿਚ ਬੈਠੇ ਸਨ। ਅਸੀਂ ਇੱਕਠੇ ਸਲਾਹ ਕਰਨੀ ਚਾਹੁੰਦੇ ਸਾਂ ਤੇ ਮੈਂ ਲੜਕੀ ਨੂੰ ਹੇਠੋਂ ਪਾਣੀ ਲੈਣ ਭੇਜ ਦਿੱਤਾ।

'ਮੈਂ ਚੋਰ ਲੱਭ ਲਿਆ ਹੈ ਤੇ ਬਲੇਡ ਵੀ।' ਮੈਂ ਖੁਸ਼ੀ ਨਾਲ ਦੱਸਿਆ।

'ਕਿਵੇਂ? 'ਕੌਣ ਐ?' ਰਾਜਿੰਦਰ ਨੇ ਪੁੱਛਿਆ। ਪ੍ਰੋ. ਖਿਆਲਾ ਵੀ ਕਮਰੇ ਵਿਚ ਦਾਖਲ ਹੋ ਗਏ।

"ਇਹੀ ਲੜਕੀ ਐ। ਮੈਂ ਹੁਣੇ ਮਨਾ ਕੇ ਦਿਖਾ ਦਿਆਂਗੀ। ਤੁਸੀਂ ਦੇਖਿਆ ਨਹੀਂ ਉਹ ਆਪਣੇ ਹਥਿਆਰ ਨੂੰ ਕਿਵੇਂ ਘੁੱਟ ਕੇ ਫੜ ਰਹੀ ਸੀ?" ਮੈਂ ਦੱਸਿਆ।

'ਕਿਹੜਾ ਹਥਿਆਰ?' ਖਿਆਲੇ ਨੇ ਪੁਛਿਆ।

'ਕਿਰਪਾਨ' ਮੈਂ ਆਖਿਆ ।

"ਹੈਂ!" ਰਾਜਿੰਦਰ ਤੇ ਖਿਆਲਾ ਹੈਰਾਨ ਰਹਿ ਗਏ। ਇਹ ਗੱਲ ਸੁਣਦਿਆਂ ਹੀ ਪ੍ਰੋ.

ਖਿਆਲਾ ਕਮਰੇ ਤੋਂ ਬਾਹਰ ਚਲਾ ਗਿਆ। ਮੈਂ ਤੇ ਰਾਜਿੰਦਰ ਲੜਕੀ ਨੂੰ ਚੇਤਨ ਰੂਪ ਵਿਚ ਮਨਾਉਣ ਤੇ ਸਮਝਾਉਣ ਬਾਰੇ ਸਲਾਹ ਕਰ ਹੀ ਰਹੇ ਸਾਂ ਕਿ ਪ੍ਰੋ. ਖਿਆਲਾ ਨੇ ਸਾਰੀ ਖੇਡ ਵਿਗਾੜ ਦਿੱਤੀ ਤੇ ਪੌੜੀਆਂ ਵਿਚ ਪਾਣੀ ਲੈ ਕੇ ਆ ਰਹੀ ਲੜਕੀ ਦੇ ਗਾਤਰੇ ਵਿਚੋਂ ਕਿਰਪਾਨ ਕਢ ਲਈ ਤੇ ਲੜਕੀ ਘਬਰਾ ਗਈ। ਉਸਨੇ ਸਾਡੇ ਸਾਹਮਣੇ ਕਿਰਪਾਨ ਮਿਆਨ ਵਿਚੋਂ ਬਾਹਰ ਕੱਢੀ ਤਾਂ ਉਸ ਨਾਲ ਕੱਪੜਿਆਂ ਦੇ ਲੂੰਅ ਲੱਗੇ ਪਏ ਸਨ ਤੇ ਲੜਕੀ ਨੂੰ ਬੋਲਣ ਲੱਗ ਪਿਆ।

'ਤੂੰ ਹੀ ਦੋਸ਼ੀ ਹੈ, ਇਹ ਸਭ ਤੂੰ ਹੀ ਕਰਦੀ ਹੈ।'

ਲੜਕੀ ਬੇਹੱਦ ਘਬਰਾ ਗਈ । ਮੈਂ ਖਿਆਲਾ ਨੂੰ ਚੁੱਪ ਕਰਾਇਆ ਤੇ ਕਮਰੇ ਵਿਚੋਂ ਲੜਕੀ ਬਿਨਾਂ ਸਭ ਨੂੰ ਬਾਹਰ ਭੇਜ ਦਿੱਤਾ। ਗੱਲ ਸਮੇਂ ਤੋਂ ਪਹਿਲਾਂ ਖਿਲਰ ਚੁੱਕੀ ਸੀ ਪਰ ਹੁਣ ਤਾਂ ਇਸਨੂੰ ਸਾਂਭਣ ਦਾ ਵੇਲਾ ਸੀ ਸੋ ਮੈਂ ਲੜਕੀ ਨੂੰ ਸਿੱਧੇ ਲਫਜ਼ਾਂ ਵਿਚ ਮਨਾਉਣਾ ਸ਼ੁਰੂ ਕਰ ਦਿੱਤਾ। ਕੁੜੀ ਗੀਲ ਵਾਂਗ ਉਧੜ ਪਈ ਸੀ ਤੇ ਉਸਨੇ ਸਾਰੀਆਂ ਗੱਲਾਂ ਦਾ ਇਕਬਾਲ ਕੀਤਾ। ਮੈਂ ਉਸਨੂੰ ਪਿਆਰ ਨਾਲ ਬਿਠਾ ਕੇ ਸਮਝਾਉਣਾ ਸ਼ੁਰੂ ਕੀਤਾ ਕਿਉਂਕਿ ਉਸਦੇ ਮਨ ਵਿਚ ਭਰਾ ਵੱਲੋਂ ਮਾਰੇ ਜਾਣ ਦਾ ਡਰ ਸੀ। ਸੋ ਸਭ ਤੋਂ ਪਹਿਲਾਂ ਮੈਂ ਉਸਦਾ ਇਹ ਡਰ ਦੂਰ ਕੀਤਾ ਕਿ ਉਸਨੂੰ ਕੋਈ ਸਜ਼ਾ ਨਹੀਂ ਦਿੱਤੀ ਜਾਵੇਗੀ ਬਸ਼ਰਤੇ ਅੱਗੇ ਤੋਂ ਉਹ ਅਜਿਹੀਆਂ ਕਾਰਵਾਈਆਂ ਨਹੀਂ ਕਰੇਗੀ। ਕੁੜੀ ਨੇ ਤੋਬਾ ਕੀਤੀ ਪਰ ਨਾਲ ਹੀ ਇਹ ਵੀ ਦੱਸਿਆ ਕਿ ਸਾਡੇ ਉਥੋਂ ਆਉਣ ਬਾਅਦ ਉਸਤੇ ਕੁਟਾਪਾ ਚੜੇਗਾ, ਕਿਉਂਕਿ ਉਸ ਦਾ ਭਰਾ ਅਕਸਰ ਹੀ ਇਹ ਕਾਰਵਾਈ ਕਰਦਾ ਰਹਿੰਦਾ ਸੀ। ਮੈਂ ਉਸਨੂੰ ਦੱਸਿਆ ਕਿ ਜੇਕਰ ਭਰਾ ਨੇ ਉਸਤੇ ਕੁੱਟ ਮਾਰ ਕੀਤੀ ਤਾਂ ਮੈਂ ਖ਼ੁਦ ਉਸਨੂੰ ਠਾਣੇ ਭਿਜਵਾ ਦੇਵਾਂਗੀ ਤਾਂ ਲੜਕੀ ਨੂੰ ਮੇਰੀ ਗੱਲ ਤੇ ਵਿਸ਼ਵਾਸ ਆ ਗਿਆ।

ਇਹ ਸਾਰੀਆਂ ਘਟਨਾਵਾਂ ਲਈ ਅਮਰੋ ਜ਼ਿੰਮੇਵਾਰ ਸੀ ਤੇ ਉਸਨੇ ਸਾਰੇ ਦੋਸ਼ਾਂ ਦਾ ਇਕਬਾਲ ਵੀ ਕਰ ਲਿਆ। ਪਰ ਹੁਣ ਅਸਲ ਗੱਲ ਕਿਵੇਂ ਤੇ ਕਿਉਂ ਕਰਦੀ ਸੀ ਬਾਰੇ ਜਾਣਨਾ ਬਾਕੀ ਸੀ।

ਕਿਵੇਂ:- ਅਮਰੋ ਗਲ ਵਿਚ ਪਾਈ ਕਿਰਪਾਨ ਦੀ ਮਦਦ ਨਾਲ ਕੱਪੜੇ ਕੱਟਦੀ ਸੀ ਤੇ ਇਸ ਤਰ੍ਹਾਂ ਕਿਸੇ ਨੂੰ ਸ਼ੱਕ ਵੀ ਨਹੀਂ ਹੁੰਦਾ ਸੀ। ਦਰੀ ਦਾ ਤਾਣਾ ਵੀ ਵਿੰਗਾ ਟੇਡਾ ਇਸੇ ਕਰਕੇ ਕੱਟਿਆ ਗਿਆ ਸੀ। ਸੋਫੇ ਦੀਆਂ ਗੱਦੀਆਂ ਵੀ ਇਸੇ ਦੀ ਮਦਦ ਨਾਲ ਪਾੜੀਆਂ ਗਈਆਂ ਤੇ ਸਬੂਤ ਵਜੋਂ ਸੋਫੇ ਦੇ ਲੂੰਅ ਅਤੇ ਗੁੱਦ ਉਸਦੇ ਨਾਲ ਲੱਗੀ ਹੋਈ ਸੀ।

ਭਰਜਾਈਆਂ ਦੇ ਕੱਪੜੇ ਵੀ ਇਸੇ ਹਥਿਆਰ ਦੀ ਮਦਦ ਨਾਲ ਕੱਟੇ ਗਏ। ਪੇਟੀਆਂ ਦੇ ਜਿੰਦੇ ਦੀਆਂ ਚਾਬੀਆਂ ਉਸਦੀ ਸ਼ਮੀਜ ਦੀ ਅੰਦਰਲੀ ਜੇਬ ਵਿਚੋਂ ਬਰਾਮਦ ਕੀਤੀਆਂ ਗਈਆਂ ਤੇ ਬੰਦੂਕ ਪੇਟੀ ਦੇ ਕੁੰਡੇ ਵਿਚ ਫਸਾ ਕੇ ਤੋੜੀ ਗਈ। ਅੱਖ ਬਚਾ ਕੇ ਉਹ ਦੁੱਧ ਦੀ ਬਾਲਟੀ ਮੁਧਿਆ ਦਿੰਦੀ ਤੇ ਤੌੜੀ ਤੋਂ ਮਲਾਈ ਲਾਹ ਕੇ ਨਜ਼ਾਰੇ ਨਾਲ ਖਾਂਦੀ ਤੇ ਪਰਿਵਾਰ ਤੋਂ ਚੋਰੀ ਤੌੜੀ ਨੂੰ ਵਿਹੜੇ ਵਿਚ ਦੁੱਧ ਸਮੇਤ ਵਗਾਹ ਮਾਰਦੀ।

ਘਿਉ ਦੇ ਪੀਪੇ ਵੀ ਮੂਧੇ ਕਰ ਦਿੰਦੀ।

ਪਲੰਘ ਦੇ ਪਾਵੇ ਹੇਠੋਂ ਇੱਟ ਕੱਢ ਕੇ ਟੀ.ਵੀ. ਦੀ ਸਕਰੀਨ ਨੂੰ ਤੋੜਿਆ ਗਿਆ। ਭੈਣ ਦੀ ਚੱਪਲ ਨੂੰ ਸਾਗ ਵਾਲੀ ਦਾਤੀ ਨਾਲ ਵੱਢਿਆ ਗਿਆ ਕਿਉਂਕਿ ਚੱਪਲ ਨਾਲ ਪਵਿੱਤਰ ਕਿਰਪਾਨ ਨਹੀਂ ਲਗਾਈ ਜਾ ਸਕਦੀ ਸੀ।

ਕਿਉਂ:-ਇਹ ਸਭ ਅਮਰੋ ਕਿਵੇਂ ਕਰਦੀ ਸੀ, ਬਾਰੇ ਜਾਣਨ ਤੋਂ ਮਗਰੋਂ ਮਨ ਵਿਚ ਉਤਸੁਕਤਾ ਪੈਦਾ ਹੁੰਦੀ ਸੀ ਕਿ ਉਹ ਸਭ ਕਿਉਂ ਕਰਦੀ ਸੀ? ਅਸਲ ਸਮੱਸਿਆ ਦਾ ਆਧਾਰ ਹੀ ਇਹ ਹੈ ਕਿ ਉਹ ਸਭ ਕਿਉਂ ਕਰਦੀ ਸੀ?

ਦਰਅਸਲ ਪਰਿਵਾਰ ਵਿਚ ਅਮਰੋ ਸਭ ਤੋਂ ਛੋਟੀ ਸੀ। ਵੱਡੇ ਭਰਾ ਦੀ ਪਿੰਡ ਵਿਚ ਦੁਸ਼ਮਣੀ ਸੀ ਜਿਸ ਕਾਰਨ ਅਮਰੋਂ ਨੂੰ ਸਤਵੀਂ ਕਲਾਸ ਮਗਰੋਂ ਪੜ੍ਹਨੋਂ ਹਟਾ ਲਿਆ ਗਿਆ। ਕਿਉਂਕਿ ਦੁਸ਼ਮਣੀ ਕਾਰਨ ਲੜਕੀ ਚੁੱਕੇ ਜਾਣ ਦਾ ਡਰ ਸੀ ਤੇ ਉਸਨੂੰ ਘਰੋਂ ਬਾਹਰ ਨਹੀਂ ਨਿਕਲਣ ਦਿੱਤਾ ਜਾਂਦਾ ਸੀ। ਇਥੋਂ ਤੱਕ ਕਿ ਰਿਸ਼ਤੇਦਾਰੀ ਵਿਚ ਨਾਨਕੇ ਜਾਂ ਭੂਆ ਕੋਲ ਵੀ ਨਹੀਂ ਜਾਣ ਦਿੱਤਾ ਜਾਂਦਾ ਸੀ। ਅੱਖੋਂ ਭੈਂਗੀ ਹੋਣ ਕਰਕੇ ਰਿਸ਼ਤੇ ਵੇਲੇ ਵੀ ਮੁਸ਼ਕਲ ਆਉਣ ਦੀ ਸੰਭਾਵਨਾ ਸੀ ਤੇ ਸਾਰਾ ਪਰਿਵਾਰ ਹਰ ਵੇਲੇ, ਵਿਹਲੜ, ਡੰਗਰ ਆਦਿ ਵਿਸ਼ੇਸ਼ਣਾਂ ਨਾਲ ਉਸ ਨੂੰ ਮੁਖਾਤਿਬ ਹੁੰਦਾ। ਭਰਜਾਈਆਂ ਭਾਵੇਂ ਉਸਦੀ ਬੇਇੱਜ਼ਤੀ ਨਹੀਂ ਕਰਦੀਆਂ ਸਨ ਪਰ ਉਹ ਉਸ ਤੋਂ ਚੰਗੇ ਕਪੜੇ ਪਾ ਕੇ ਕੰਮ ਕਰਦੀਆਂ ਜਰੀਆਂ ਨਾ ਜਾਂਦੀਆਂ। ਸੋ ਉਸ ਨੇ ਉਨ੍ਹਾਂ ਦੇ ਨਵੇਂ ਕੱਪੜਿਆਂ ਨੂੰ ਪਾੜਨ ਦੀ ਵਿਉਂਤ ਬਣਾ ਲਈ। ਅਮਰੋ ਨੂੰ ਨਵੇਂ ਕੱਪੜੇ ਬਹੁਤ ਘੱਟ ਲੈ ਕੇ ਦਿੱਤੇ ਜਾਂਦੇ। ਉਸ ਨੂੰ ਵੱਡੀ ਭੈਣ ਦਾ ਉਤਾਰ ਪਾਉਣਾ ਪੈਂਦਾ ਜਿਸ ਤੋਂ ਉਸ ਦਾ ਮਨ ਉਕਤਾ ਗਿਆ ਤੇ ਉਸ ਨੇ ਆਪਣੇ ਪੁਰਾਣੇ ਕੱਪੜੇ ਵੀ ਲੀਰਾਂ ਕਰ ਦਿੱਤੇ। ਵੱਡੀ ਭੈਣ ਪੇਕੇ ਆ ਕੇ ਉਸ ਤੇ ਰੋਹਬ ਮਾਰਦੀ ਤੇ ਉਸਨੂੰ ਦਰੀ ਸਿਖਾਉਂਦੀ ਹੋਈ ਬੇਇਜ਼ਤੀ ਕਰਦੀ 'ਇਸ ਡੰਗਰ ਨੂੰ ਕੀ ਆਉਣੇ' ਇਹਨੂੰ ਕਾਣੀ ਨੂੰ ਕਿਹੜੇ ਜੱਟ ਨੇ ਲੈਣਾ ਐ' ਅਤੇ ਲੋੜ ਪੈਣ ਤੇ ਚੱਪਲ ਨਾਲ ਉਸਦੀ ਮਾਰ ਕੁਟਾਈ ਵੀ ਕਰਦੀ। ਸੋ ਅਮਰੋ ਭੋਲੀ ਨੇ 'ਮਾਰ ਦੇ ਮਾਧਿਅਮ' ਚੱਪਲ ਦਾ ਸਾਗ ਵਾਲੀ ਦਾਤੀ ਨਾਲ ਫਸਤਾ ਵੱਢ ਦਿੱਤਾ। ਉਹ ਦਰੀ ਬੁਨਣ ਲੱਗਿਆਂ ਉਸ ਦੀ ਮਾਰ-ਕੁਟਾਈ ਕਰਦੀ ਸੀ ਤੇ ਆਪਣੇ ਸੁਚੱਜ ਪੁਣੇ ਦਾ ਰੋਹਬ ਮਾਰਦੀ ਸੀ ਇਸ ਲਈ ਅਮਰੋ ਨੇ ਦਰੀ ਦਾ ਫਾਹਾ ਹੀ ਵੱਢ ਦਿੱਤਾ। ਉਸਦੇ ਨਾਲ ਖਾਣ ਪੀਣ ਵੇਲੇ ਵਿਤਕਰਾ ਵੀ ਭੈਣ ਵੱਲੋਂ ਕੀਤਾ ਜਾਂਦਾ,ਕਿਉਂਕਿ ਸਮਝਿਆ ਜਾਂਦਾ ਸੀ ਕਿ ਖਾਣ ਪੀਣ ਨਾਲ ਛੇਤੀ ਮੁਟਿਆਰ ਹੋਵੇਗੀ ਅੱਗੇ ਹੀ ਬਥੇਰੀ ਤਕੜੀ ਹੈ। ਪਰ ਮੱਝਾਂ ਚੋਣ ਦਾ ਸਾਰਾ ਕੰਮ ਤੇ ਦੁੱਧ ਰਿੜਕਣ ਆਦਿ ਦੇ ਕੰਮ ਤੋਂ ਇਲਾਵਾ ਗੋਹਾ ਕੂੜਾ ਵੀ ਉਸ ਤੋਂ ਕਰਵਾਇਆ ਜਾਂਦਾ। ਇਸ ਤਰ੍ਹਾਂ ਕੰਮ ਵੇਲੇ ਅਮਰੋ ਅੱਗੇ ਤੇ ਖਾਣ ਪੀਣ ਵੇਲੇ ਬਾਕੀ ਪਰਿਵਾਰ। ਸੋ ਉਸਨੇ ਚੋਰੀ ਖਾਣ ਪੀਣ ਦੇ ਨਾਲ ਕੰਮਾਂ ਦਾ ਕੰਮ ਵੀ ਨਿਬੇੜਨਾ ਸ਼ੁਰੂ ਕਰ ਦਿੱਤਾ। ਦੁੱਧ ਚੋਅ ਕੇ ਬਾਲਟੀ ਮੁਧਿਆ ਦੇਣੀ ਤੇ ਤੌੜੀ ਭੰਨ ਦੇਣੀ ਤਾਂ ਕਿ ਦੁੱਧ ਰਿੜਕਨ ਦਾ ਕੰਮ

ਮੁੱਕੇ। ਫੌਜੀ ਭਰਾ ਤੇ ਭਰਜਾਈ ਚੁਬਾਰੇ ਚੜ੍ਹ ਕੇ ਸੋਫੇ ਤੇ ਬੈਠ ਕੇ ਰੰਗਾ ਰੰਗ ਪ੍ਰੋਗਰਾਮ ਦੇਖਦੇ। ਇਕ ਦਿਨ ਅਮਰੋ ਸੋਫੇ ਤੇ ਬੈਠੀ ਟੀ.ਵੀ. ਦੇਖ ਰਹੀ ਸੀ ਕਿ ਅਚਾਨਕ ਵੱਡਾ ਭਰਾ ਚੁਬਾਰੇ ਵਿਚ ਆਇਆ ਤੇ ਅਮਰੋ ਦੇ ਮੂੰਹ ਤੇ ਦੋ ਚਪੇੜਾਂ ਜੜ੍ਹ ਦਿੱਤੀਆਂ ਕਿਉਂਕਿ ਉਸਦਾ ਵਿਸ਼ਵਾਸ ਸੀ ਕਿ ਟੀ.ਵੀ. ਤੇ ਨਾਚ ਗਾਣੇ ਦੇਖ ਕੇ ਵਿਗੜ ਬਣ ਜਾਂਦੀਆਂ ਹਨ। ਅਮਰੋ ਨੂੰ ਚੁਬਾਰੇ ਵਿੱਚੋਂ ਕੱਢ ਕੇ ਉਹ ਆਪ ਸੋਫੇ ਤੇ ਬੈਠ ਕੇ ਟੀ.ਵੀ. ਦੇਖਣ ਲੱਗ ਪਿਆ। ਸੋ ਅਗਲੇ ਦਿਨ ਅਮਰੋ ਨੇ ਟੀ.ਵੀ. ਦੀ ਸਕਰੀਨ ਤੋੜਨ ਨਾਲ ਸੋਫੇ ਦਾ ਯੱਬ ਵੀ ਮੁਕਾ ਦਿੱਤਾ ਤਾਂ ਕਿ ਭਰਾ ਵੀ ਸੋਫੇ ਤੇ ਬੈਠ ਕੇ ਟੀ.ਵੀ. ਦਾ ਆਨੰਦ ਨਾ ਮਾਣ ਸਕੇ। ਸੋ ਜਦੋਂ ਸਿਆਣਿਆਂ ਨੂੰ ਲਿਆਂਦਾ ਗਿਆ ਤਾਂ ਅਮਰੋਂ ਨੇ ਉਨ੍ਹਾਂ ਨੂੰ ਵੀ ਆਢੇ ਹੱਥੀਂ ਲਿਆ ਤੇ ਸਭ ਭੱਜ ਗਏ।

ਗੱਲ ਕੀ ਵੱਡੀ ਭੈਣ ਘਰ ਵਾਲੇ ਦੇ ਫੌਜ ਵਿਚ ਜਾਣ ਕਰਕੇ ਅਸੰਤੁਸ਼ਟ ਸੀ ਤੇ ਆਪਣੀ ਖਿਝ ਲਾਹੁਣ ਲਈ ਉਸਨੂੰ ਅਮਰੋ ਹੀ ਯੋਗ ਜਾਪਦੀ ਕਿਉਂਕਿ ਉਹ ਉਸਦਾ ਕੁਝ ਵਿਗਾੜ ਨਹੀਂ ਸਕਦੀ ਸੀ। ਇਸ ਤੋਂ ਇਲਾਵਾ ਭਰਾ ਦੇ ਨਾਦਰਸ਼ਾਹੀ ਸੁਭਾਅ ਨੇ ਕੁੜੀ ਨੂੰ ਮਾਨਸਿਕ ਰੋਗੀ ਬਣਾ ਦਿੱਤਾ ਸੀ।

ਸੋ ਅਸੀਂ ਲੜਕੀ ਦੀ ਮਾਂ ਨਾਲ ਗੱਲ ਕੀਤੀ ਤੇ ਉਸਨੂੰ ਸਾਰੀਆਂ ਗੱਲਾਂ ਤੋਂ ਵਿਸਥਾਰ ਨਾਲ ਜਾਣੂ ਕਰਵਾਇਆ ਤਾਂ ਪਤਾ ਲੱਗਿਆ ਕਿ ਮਾਂ ਨੂੰ ਵੀ ਸ਼ੱਕ ਅਮਰੋ ਤੇ ਹੁੰਦਾ ਸੀ ਪਰ ਉਹ ਪੁੱਤਰ ਦੇ ਸਖ਼ਤ ਸੁਭਾਅ ਤੋਂ ਡਰਦੀ ਉਸਦੀਆਂ ਗਲਤੀਆਂ ਤੇ ਪਰਦੇ ਪਾ ਦਿੰਦੀ ਤਾਂ ਕਿ ਭਰਾ ਉਸ ਨੂੰ ਜਾਨੋ ਨਾ ਮਾਰ ਦੇਵੇ। ਸੋ ਉਸਦੀ ਮਾਂ ਨੇ ਮੈਨੂੰ ਕਿਹਾ "ਧੀਏ ਮੈਂ ਤੇਰੇ ਅੱਗੇ ਹੱਥ ਜੋੜਦੀ ਹਾਂ ਜਿਵੇਂ ਤੂੰ ਮੈਨੂੰ ਸਾਰੀਆਂ ਗੱਲਾਂ ਸਮਝਾ ਕੇ ਚਾਨਣ ਕਰ ਤਾ, ਇਵੇਂ ਇਹਦੇ ਬਾਪੂ ਜੀ ਨੂੰ ਸਮਝਾਈ। ਮੈਨੂੰ ਪਤੈ ਤੂੰ ਪੜੀ ਲਿਖੀ ਐਂ ਤੇ ਉਹਨੂੰ ਸਮਝਾ ਸਕਦੀ ਐਂ। ਮੈਨੂੰ ਵੱਡੇ ਮੁੰਡੇ ਤੋਂ ਬਹੁਤ ਡਰ ਲੱਗਦਾ ਐ। ਉਹ ਕਿਸੇ ਦੀ ਨਹੀਂ ਸੁਣਦਾ ਜੇ ਕਿਤੇ ਉਹਨੂੰ ਵਸ ਕਰ ਲਓ। ਕਿਤੇ ਕੁੜੀ ਨੂੰ ਜਾਨੋਂ ਨਾ ਮਾਰ ਦੇਵੇ। ਚੰਦਰੇ ਦਾ ਬਾਹਲਾ ਹੀ ਗੁਸੈਲਾ ਸੁਭਾਅ ਐ।" ਇਹ ਆਖਦਿਆਂ ਉਸਦੀਆਂ ਅੱਖਾਂ ਵਿਚੋਂ ਬੇਵੱਸ ਹੰਝੂ ਡਿੱਗਣ ਲੱਗੇ।

ਅਸੀਂ ਉਹਨਾਂ ਨੂੰ ਕਿਹਾ ਕਿ ਉਹ ਨਿਸ਼ਚਿੰਤ ਰਹਿਣ। ਅਸੀਂ ਆਪੇ ਸਾਰਾ ਮਾਮਲਾ ਨਜਿੱਠ ਲਵਾਂਗੇ। ਲੜਕੀ ਦੇ ਬਾਪ ਨੂੰ ਸਮਝਾਇਆ ਕਿ ਇਹ ਘਟਨਾਵਾਂ ਭਾਵੇਂ ਅਮਰੋ ਕਰਦੀ ਹੈ ਪਰ ਇਸਦੇ ਲਈ ਸਾਰਾ ਪਰਿਵਾਰ ਜ਼ਿੰਮੇਵਾਰ ਹੈ। ਇਹ ਘਟਨਾਵਾਂ ਉਸਦੇ ਵੱਸ ਵਿਚ ਨਹੀਂ ਕਿਉਂਕਿ ਉਹ ਮਾਨਸਿਕ ਰੋਗੀ ਬਣ ਚੁੱਕੀ ਹੈ। ਇਸ ਲਈ ਮੁੱਖ ਦੋਸ਼ੀ ਵੱਡੀ ਵਿਆਹੀ ਲੜਕੀ ਤੇ ਵੱਡਾ ਲੜਕਾ ਹਨ। ਸੋ ਅਸੀਂ ਲੜਕੀ ਦੇ ਬਾਪ ਤੋਂ ਵਾਅਦਾ ਲਿਆ ਕਿ ਅੱਜ ਤੋਂ ਕੋਈ ਵੀ ਘਰ ਦਾ ਮੈਂਬਰ ਅਮਰੋ ਦੀ ਬੇਇਜ਼ਤੀ ਜਾਂ ਕੁੱਟ ਮਾਰ ਨਹੀ ਕਰੇਗਾ ਤਾਂ ਬਾਪ ਨੇ ਪੂਰਾ ਵਿਸ਼ਵਾਸ ਦਿਵਾਇਆ।

"ਨਾ ਜੀ ਮੈਨੂੰ ਤਾਂ ਪਤਾ ਹੀ ਨਹੀਂ ਸੀ – ਅਸਲ ਵਿਚ ਬੁੜ੍ਹੀਆਂ ਦੀਆਂ ਗੱਲਾਂ

ਵੱਲ ਧਿਆਨ ਹੀ ਨਹੀਂ ਦੇਈਦਾ। ਮੈਨੂੰ ਇਹਦੀ ਬੇਬੇ ਨੇ ਕਈ ਵਾਰ ਕਿਹਾ ਕਿ ਮੁੰਡਾ ਅਮਰੋ 'ਤੇ ਜ਼ਿਆਦਾ ਈ ਹੱਥ ਚੁੱਕਣ ਲੱਗ ਪਿਆ, ਮੈਂ ਧਿਆਨ ਨਹੀਂ ਦਿੱਤਾ ਬਈ ਬੁੜ੍ਹੀਆਂ ਦੀ ਆਦਤ ਹੁੰਦੀ ਹੈ, ਮੈਂ ਮੁੰਡੇ ਨੂੰ ਰੋਕ ਦੂੰ, ਬਈ ਅੱਜ ਤੋਂ ਬਾਅਦ ਕੁੜੀ ਨੂੰ ਝਿੜਕਿਆ ਵੀ ਤਾਂ। ਵੱਡੀ ਕੁੜੀ ਨੂੰ ਤਾਂ ਮੈਂ ਅੱਜ ਹੀ ਸਹੁਰੇ ਭੇਜ ਦੇਣਾ। ਮੈਂ ਸੋਚਦਾ ਸੀ ਕਿ ਸਹੁਰੀ ਚਾਰ ਦਿਨ ਪੇਕੇ ਆ ਕੇ ਪਰਚ ਜਾਂਦੀ ਹੈ, ਪਰ ਐਂ ਤਾਂ ਛੋਟੀ ਹੀ ਕਮਲੀ ਹੋ ਜਾਉ।"

ਇਸ ਮਗਰੋਂ ਮਾਂ-ਪਿਓ ਸਾਹਮਣੇ ਅਮਰੋ ਨੂੰ ਬੁਲਾ ਕੇ ਭਰੋਸਾ ਦਿਵਾਇਆ ਗਿਆ ਕਿ ਉਸਨੂੰ ਅੱਜ ਤੋਂ ਬਾਅਦ ਪਰਿਵਾਰ ਵਿਚ ਸਨਮਾਨ ਯੋਗ ਥਾਂ ਮਿਲੇਗਾ। ਬਾਪ ਨੇ ਪਿਆਰ ਨਾਲ ਧੀ ਦੇ ਸਿਰ ਤੇ ਹੱਥ ਫੇਰਿਆ ਤਾਂ ਉਹਦੀਆਂ ਅੱਖਾਂ ਵਿਚੋਂ ਹੰਝੂ ਸਿੰਮ ਆਏ।

"ਕਮਲਾ ਪੁੱਤ - ਤੂੰ ਮੈਨੂੰ ਕਿਉਂ ਨਾ ਦੱਸਿਆ? ਮੈਂ ਤਾਂ ਸਾਲਿਆਂ ਨੂੰ ਸਾਰਿਆਂ ਨੂੰ ਘਰੋਂ ਕੱਢ ਦੂੰ ਜਿਹੜਾ ਤੇਰੀ ਹਵਾ ਵੱਲ ਦੇਖੂ।" ਇਹ ਆਖਦਿਆਂ ਉਸ ਨੇ ਕੁੜੀ ਨੂੰ ਜੱਫੀ ਵਿਚ ਲੈ ਲਿਆ ਤਾਂ ਮੈਂ ਵੇਖਿਆ ਅਮਰੋ ਸੰਤੁਸ਼ਟ ਸੀ ਤੇ ਸਾਡੇ ਵੱਲ ਸ਼ੁਕਰਾਨੇ ਭਰੀਆਂ ਨਜ਼ਰਾਂ ਸੁੱਟ ਰਹੀ ਸੀ।

ਸਾਨੂੰ ਪਰਿਵਾਰ ਵੱਲੋਂ ਬੜੇ ਆਦਰ ਮਾਣ ਨਾਲ ਰੋਟੀ ਪਾਣੀ ਖਵਾਇਆ ਗਿਆ। ਮੈਂ ਚੁਬਾਰੇ ਵਿਚੋਂ ਹੇਠਾਂ ਆ ਕੇ ਵੇਖਿਆ ਤਾਂ ਅਮਰੋ ਖੂੰਜੇ ਵਿਚ ਬੈਠੀ ਰੋ ਰਹੀ ਸੀ। ਮੈਂ ਉਸ ਤੋਂ ਰੋਣ ਦਾ ਕਾਰਨ ਪੁੱਛਿਆ ਤਾਂ ਪਤਾ ਲੱਗਾ ਕਿ ਹੁਣੇ ਹੀ ਵੱਡੇ ਭਰਾ ਨੇ ਉਸਦੇ ਮੂੰਹ ਤੇ ਚਪੇੜਾਂ ਮਾਰੀਆਂ ਹਨ ਕਿਉਂਕਿ ਉਸਨੂੰ ਸ਼ੱਕ ਪੈ ਗਿਆ ਹੈ ਕਿ ਇਹ ਸਭ ਮੈਂ ਕਰਦੀ ਸੀ। ਸੋ ਅਸੀਂ ਸਾਰੇ ਪਰਿਵਾਰ ਨੂੰ ਇੱਕਠਾ ਬਿਠਾ ਲਿਆ ਤੇ ਵੱਡੇ ਮੁੰਡੇ ਨੂੰ ਖੂਬ ਝਾੜਾਂ ਪਾਈਆਂ ਤੇ ਦੱਸਿਆ ਕਿ ਉਸਦੇ ਨਾਦਰਸ਼ਾਹੀ ਸੁਭਾਅ ਨੇ ਕੁੜੀ ਨੂੰ ਪਾਗਲ ਕੀਤਾ ਹੈ ਤੇ ਇਸ ਸਭ ਕੁਝ ਦਾ ਜ਼ਿੰਮੇਵਾਰ ਉਹੀ ਹੈ। ਸੋ ਜੇਕਰ ਅੱਜ ਤੋਂ ਬਾਅਦ ਲੜਕੀ ਤੇ ਹੱਥ ਚੁਕਿਆ ਤਾਂ ਅਸੀਂ ਸੋਸਾਇਟੀ ਵੱਲੋਂ ਥਾਣੇ ਰਿਪੋਰਟ ਦਰਜ ਕਰਵਾ ਦਿਆਂਗੇ। ਮੈਂ ਅਮਰੋ ਨੂੰ ਕੋਨੇ ਵਿਚ ਵਿੱਚ ਲਿਜਾ ਕੇ ਆਪਣਾ ਐਡਰੈਸ ਪਰਚੀ ਤੇ ਲਿਖ ਕੇ ਦੇ ਦਿੱਤਾ ਤਾਂ ਕਿ ਮੁਸੀਬਤ ਵੇਲੇ ਉਹ ਮੈਨੂੰ ਚਿੱਠੀ ਲਿਖ ਸਕੇ ਤੇ ਅਮਰੋ ਨੇ ਅੱਖ ਦੇ ਫੋਰ ਵਿੱਚ ਉਹ ਪਰਚੀ ਕਮੀਜ਼ ਦੀ ਅੰਦਰਲੀ ਜੇਬ ਵਿਚ ਲਕੋ ਲਈ ਜਿਥੇ ਉਹ ਜਿੰਦਰਿਆਂ ਦੀਆਂ ਕੁੰਜੀਆਂ ਲੁਕਾਉਂਦੀ ਸੀ।

ਇਸ ਉਪਰੰਤ ਬਾਪ ਨੇ ਸਾਡੇ ਸਾਹਮਣੇ ਹੀ ਲੜਕੇ ਨੂੰ ਸਖ਼ਤ ਤਾੜਨਾ ਕਰ ਦਿੱਤੀ ਕਿ ਅੱਜ ਤੋਂ ਬਾਅਦ ਜੇ ਲੜਕੀ ਤੇ ਹੱਥ ਚੁੱਕਿਆ ਤਾਂ ਉਸਨੂੰ ਅਲੱਗ ਕਰ ਦੇਵੇਗਾ। ਹੁਣ ਲੜਕਾ ਸ਼ਰਮਿੰਦਾ ਹੋ ਰਿਹਾ ਸੀ। ਅਮਰੋ ਤੇ ਉਸਦੀ ਮਾਂ ਸਾਡੀਆਂ ਬਹੁਤ ਹੀ ਸ਼ੁਕਰਗੁਜਾਰ ਸਨ। ਪ੍ਰੋ. ਖਿਆਲੇ ਨੇ ਫੇਰ ਖਬਰ ਲਿਆਂਦੀ ਕਿ ਹੁਣ ਕੋਈ ਸਮੱਸਿਆ ਨਹੀਂ ਹੈ।

ਇਸ ਕਹਾਣੀ ਵਿਚ ਸਮੱਸਿਆ ਦੇ ਕੇਂਦਰੀ ਤੇ ਤਤਕਾਲੀ ਕਾਰਨ ਹਨ - ਭਰਾ ਵੱਲੋਂ ਸਖਤ ਸੁਭਾ ਤੇ ਪੁਰਾਣੇ ਵਿਚਾਰਾਂ ਅਧੀਨ ਔਰਤਾਂ ਖਾਸ ਕਰਕੇ ਕੁਆਰੀ ਭੈਣ ਨੂੰ

ਦਬਾ ਕੇ ਰੱਖਣਾ ਹੈ, ਜਿਸਦਾ ਪ੍ਰਗਟ ਰੂਪ ਇਹ ਸੀ ਕਿ ਭਰਾ ਖ਼ੁਦ ਤਾਂ ਚੁਬਾਰੇ ਵਿਚ ਟੈਲੀਵੀਜ਼ਨ ਵੇਖਦਾ ਹੈ, ਪਰ ਕੁੜੀ ਨੂੰ ਦੇਖਣ ਨਹੀਂ ਦਿੰਦਾ ਸੀ ਜਿਸ ਤੇ ਗੁੱਸੇ ਵਿਚ ਭੈਣ ਵੱਲੋਂ ਟੀ.ਵੀ. ਤੋੜਿਆ ਗਿਆ। ਪਹਿਲੀ ਗੱਲ ਭਰਾ ਜਾਂ ਘਰ ਦੇ ਹੋਰ ਮਰਦਾਂ ਦੇ ਵਿਚਾਰ ਆਪਣੇ ਆਪ ਪੈਦਾ ਨਹੀਂ ਹੋਏ ਸਗੋਂ ਇਹ ਵਿਚਾਰ ਉਹਨਾਂ ਨੂੰ ਆਲੇ ਦੁਆਲੇ ਤੋਂ ਮਿਲੇ ਕਿ ਔਰਤਾਂ ਨੂੰ ਦਬਾ ਕੇ ਰੱਖੋ, ਟੀ.ਵੀ. ਦੇਖਣ ਨਾਲ ਕੁੜੀਆਂ ਚਰਿੱਤਰਹੀਣ ਹੋ ਜਾਂਦੀਆਂ ਹਨ ਆਦਿ। ਸੋ ਜਿੰਨਾ ਚਿਰ ਸਮਾਜ ਦਾ ਸਮੁੱਚਾ ਪ੍ਰਬੰਧ ਨਹੀਂ ਬਦਲਦਾ ਉਨੀ ਦੇਰ ਇਹੋ ਜਿਹੀਆਂ ਘਟਨਾਵਾਂ ਥੋੜ੍ਹੇ ਬਹੁਤੇ ਫਰਕ ਨਾਲ ਘਟਦੀਆਂ ਰਹਿਣਗੀਆਂ।

ਦੂਜੀ ਗੱਲ - ਵੱਡੀ ਵਿਆਹੀ ਪਰ ਪੇਕੇ ਬੈਠੀ ਭੈਣ ਦਾ ਆਪਣੀ ਛੋਟੀ ਭੈਣ ਪ੍ਰਤੀ ਜ਼ਾਲਮ ਰਵੱਈਆ ਅਸਲ ਵਿਚ ਆਪਣੀ ਅਸੰਤੁਸ਼ਟਤਾ ਵਿਚੋਂ ਪੈਦਾ ਹੋਇਆ। ਅਸੀਂ ਕੇਸ ਹੱਲ ਕਰਦਿਆਂ ਦੇਖਿਆ ਕਿ ਇਕ ਕਾਮੁਕ ਤੌਰ ਤੇ ਅਸੰਤੁਸ਼ਟ, ਸਹੁਰੇ ਪਰਿਵਾਰ ਤੋਂ ਅਪਮਾਨਿਤ ਔਰਤ ਆਪਣੇ ਪੇਕੇ ਪਰਿਵਾਰ ਵਿਚ ਪੈਂਠ ਬਣਾਉਣ ਲਈ ਘਰ ਦੀ ਸਭ ਤੋਂ ਕਮਜ਼ੋਰ ਔਰਤ ਤੇ ਆਪਣੀ **ਫਰਸਟਰੇਸ਼ਨ** ਉੱਲਦ ਦਿੰਦੀ ਹੈ।

ਤੀਜੀ ਗੱਲ - ਅਮਰੋ ਨੂੰ ਸਕੂਲੋਂ ਹਟਾਉਣ ਦਾ ਮੁੱਖ ਕਾਰਨ ਪਰਿਵਾਰ ਦੀ ਪਿੰਡ ਵਿਚ ਦੁਸ਼ਮਣੀ ਹੈ। ਇਸ ਪਿੱਛੇ ਵੀ ਇਹੀ ਸੋਚ ਕੰਮ ਕਰਦੀ ਹੈ ਕਿ ਕੁੜੀਆਂ ਨੂੰ ਪੜ੍ਹਾ ਕੇ ਕੀ ਲੈਣਾ ਹੈ? ਦੁਸ਼ਮਣੀ ਕਾਰਨ ਇਜ਼ਤ ਦਾ ਮਾਮਲਾ ਪਹਿਲੇ ਨੰਬਰ ਤੇ ਅਤੇ ਕੁੜੀ ਦੇ ਭਵਿੱਖ ਦਾ ਮਾਮਲਾ ਦੂਜੇ ਨੰਬਰ ਤੇ। ਸੋ ਜਿਵੇਂ ਆਖਦੇ ਨੇ ਜੰਜ਼ੀਰ ਤੇ ਦਬਾਅ ਜਿਥੇ ਮਰਜ਼ੀ ਪਵੇ ਟੁੱਟਣੀ ਤਾਂ ਕਮਜ਼ੋਰ ਕੜੀ ਹੀ ਹੁੰਦੀ ਹੈ। ਇਸੇ ਤਰ੍ਹਾਂ ਦੁਸ਼ਮਣੀ ਤਾਂ ਮਰਦਾਂ ਦੀ ਹੁੰਦੀ ਹੈ ਪਰ ਇਸ ਦਾ ਸਿੱਟਾ ਔਰਤਾਂ ਭੁਗਤਦੀਆਂ ਹਨ ਕਿਉਂਕਿ ਪਰਿਵਾਰ ਦੀ ਕਮਜ਼ੋਰ ਕੜੀ ਔਰਤਾਂ ਹਨ ਤੇ ਔਰਤਾਂ ਵਿਚ ਸਭ ਤੋਂ ਕਮਜ਼ੋਰ ਔਰਤ ਅਮਰੋ ਇਸ ਦਾ ਖਮਿਆਜ਼ਾ ਭੁਗਤਦੀ ਹੈ।

ਚੌਥੀ ਗੱਲ - ਔਰਤ ਨੂੰ ਦਬਾਅ ਕੇ ਰੱਖਣ ਦਾ ਹੀ ਨਤੀਜਾ ਹੈ ਕਿ ਔਰਤਾਂ ਅਮਰੋ ਵਾਂਗ ਆਪਣੀਆਂ ਸਮੱਸਿਆਵਾਂ ਘਰ ਦੇ ਮੈਂਬਰਾਂ ਨੂੰ ਦੱਸਣ ਦੀ ਥਾਂ ਪੁੱਠੀਆਂ ਸਿੱਧੀਆਂ ਹਰਕਤਾਂ ਕਰਨ ਲੱਗ ਪੈਂਦੀਆਂ ਹਨ। ਜੇਕਰ ਘਰ ਦਾ ਮਹੌਲ ਦਮ ਘੁਟਵਾਂ ਨਾ ਹੋਵੇ ਤਾਂ ਉਹ ਆਪਣੀਆਂ ਸਮੱਸਿਆਵਾਂ ਪਰਿਵਾਰ ਦੇ ਕਿਸੇ ਸਿਆਣੇ ਮੈਂਬਰ ਨਾਲ ਵਿਚਾਰ ਸਕਦੀਆਂ ਹਨ।

ਸੋ ਪੰਜਾਬੀ ਸਮਾਜ ਦੇ ਮੌਜੂਦਾ ਦੌਰ ਵਿੱਚ ਚੱਲ ਰਿਹਾ ਸਭਿਆਚਾਰਕ ਪਾੜਾ ਭਾਵ ਇਕ ਪਾਸੇ ਤਾਂ ਘਰ ਵਿਚ ਮਨੋਰੰਜਨ ਦਾ ਸਾਧਨ ਰੇਡੀਓ, ਟੈਲੀਵੀਜ਼ਨ ਘਰ ਰੱਖਣਾ ਦੇ ਦੂਜੇ ਪਾਸੇ ਲੜਕੀਆਂ ਨੂੰ ਚਰਿੱਤਰਹੀਣ ਹੋਣ ਦੇ ਡਰੋਂ ਵੇਖਣ ਦੀ ਮਨਾਹੀ, ਘਰ ਦੇ ਸਾਰੇ ਮੈਂਬਰਾਂ ਨੂੰ **ਸਕੀਜ਼ੋਫਰੇਨਿਕ** ਅਰਥਾਤ ਦੂਹਰੀ ਸ਼ਖਸ਼ੀਅਤ ਵਾਲੇ ਮਾਨਸਿਕ ਰੋਗੀ ਬਣਾ ਦਿੰਦਾ ਹੈ।

***

ਕੰਨ ਦਾ ਭੂਤ

ਪੰਜਾਬੀ ਯੂਨੀਵਰਸਿਟੀ ਤੋਂ ਸੱਤ ਕੁ ਕਿਲੋਮੀਟਰ ਦੀ ਦੂਰੀ ਤੇ ਪੈਂਦਾ ਇਕ ਪਿੰਡ ਹੈ। ਉਥੋਂ ਦੇ ਸਾਬਕਾ ਸਰਪੰਚ ਦੀ ਭਰਜਾਈ ਜੋ ਕਾਫੀ ਅਰਸੇ ਤੋਂ ਬਿਮਾਰ ਚੱਲੀ ਆ ਰਹੀ ਸੀ, ਅਜੀਬ ਹਰਕਤਾਂ ਕਰਦੀ, ਊਲ ਜਲੂਲ ਬੋਲਦੀ । ਪਰਿਵਾਰ ਨੂੰ ਓਪਰੀ ਕਸਰ ਦਾ ਸ਼ੱਕ ਪੈਦਾ ਹੋਇਆ, ਪਰ ਉਸ ਔਰਤ ਦਾ ਭਰਾ ਪੜ੍ਹਿਆ ਲਿਖਿਆ ਸੀ, ਸਰਪੰਚ ਨੂੰ ਨਾਲ ਲੈ ਕੇ ਸਾਡੇ ਘਰ ਪੁਜਾ ਤੇ ਦੱਸਿਆ ਕਿ ਮੇਰੀ ਭੈਣ, ਜਿਸ ਦਾ ਵਿਆਹ 20 ਕੁ ਸਾਲ ਪਹਿਲਾਂ ਹੋਇਆ ਸੀ, ਬੁਖਾਰ ਚੜ੍ਹਨ ਮਗਰੋਂ ਊਲ ਜਲੂਲ ਗੱਲਾਂ ਕਰਨ ਲੱਗ ਪਈ ਹੈ। ਪਰਿਵਾਰ ਸਿਆਣਿਆਂ ਦੇ ਚੱਕਰ ਵਿਚ ਜਾ ਰਿਹਾ ਸੀ ਪਰ ਉਸ ਨੇ ਰੋਕ ਦਿੱਤਾ। ਕਿਉਂਕਿ ਮਰੀਜ ਨੂੰ ਪਟਿਆਲੇ ਲਿਆਉਣਾ ਮੁਸ਼ਕਿਲ ਸੀ, ਇਸ ਲਈ ਮੈਂ ਅਤੇ ਰਾਜਿੰਦਰ ਆਪਣੀ ਕਾਰ ਤੇ ਉਨ੍ਹਾਂ ਨਾਲ ਚੱਲ ਪਏ।

ਘਰ ਪਹੁੰਚ ਕੇ ਸਥਿਤੀ ਦਾ ਜਾਇਜਾ ਲਿਆ। ਮੱਧ-ਵਰਗੀ ਕਿਸਾਨੀ ਨਾਲ ਸਬੰਧਤ ਦਰਮਿਆਨਾ ਜਿਹਾ ਘਰ ਸੀ। ਘਰ ਵਿਚ ਦੋ ਭਰਾ ਪਰਿਵਾਰਾਂ ਸਮੇਤ ਇਕੱਠੇ ਰਹਿੰਦੇ ਸਨ ਤੇ ਬਜ਼ੁਰਗ ਮਾਂ ਵੀ ਨਾਲ ਹੀ ਰਹਿੰਦੀ ਸੀ। ਅਸੀਂ ਉਸ ਕਮਰੇ ਵਿਚ ਚਲੇ ਗਏ ਜਿੱਥੇ ਮਾਨਸਿਕ ਰੋਗੀ ਔਰਤ ਰਜਾਈ ਵਿਚ ਬੈਠੀ ਸੀ। ਉਸ ਕਮਰੇ ਵਿਚ ਦੋ ਕੁ ਔਰਤਾਂ ਹੋਰ ਸਨ, ਜਿਨ੍ਹਾਂ ਵਿਚੋਂ ਇਕ ਸੱਸ, ਇਕ ਨਣਾਨ, ਇਕ ਰੋਗੀ ਔਰਤ ਦੀ ਜਠਾਣੀ ਤੇ ਇਕ ਗੁਆਂਢਣ ਔਰਤ ਸੀ। ਸਾਨੂੰ ਵੇਖ ਕੇ ਉਹ ਸਾਰੀਆਂ ਬਾਹਰ ਆ ਗਈਆਂ ਤੇ ਰਜਾਈ ਵਿਚ ਬੈਠੀ ਔਰਤ ਨੇ ਸਾਨੂੰ ਵੇਖ ਕੇ ਘੁੰਢ ਕੱਢ ਲਿਆ।

'ਤੂੰ ਪੱਲਾ ਕਿਸ ਤੋਂ ਕਰ ਰਹੀ ਐਂ? ਮੈਂ ਤੇਰਾ ਭਰਾ ਹਾਂ।' ਉਸ ਦੇ ਭਰਾ ਨੇ ਆਖਿਆ ।

ਮਰੀਜ਼ ਔਰਤ ਚੁੱਪ ਬੈਠੀ ਰਹੀ। ਮੈਂ ਉਸ ਦੇ ਭਰਾ ਨੂੰ ਵੀ ਕਮਰੇ ਵਿਚੋਂ ਬਾਹਰ ਭੇਜ ਦਿੱਤਾ ਤੇ ਆਪ ਉਸ ਦੇ ਸਾਹਮਣੇ ਮੰਜੇ ਤੇ ਬੈਠ ਗਈ। ਔਰਤ ਨੇ ਮੂੰਹ ਤੋਂ ਪਰਦਾ ਹਟਾ ਦਿੱਤਾ ਤੇ ਮੇਰੇ ਵੱਲ ਬਿਟਰ-ਬਿਟਰ ਓਪਰਿਆਂ ਵਾਂਗ ਤੱਕਣ ਲੱਗੀ। ਮੈਂ ਦੋ ਟਕ ਉਸ ਦੇ ਚਿਹਰੇ ਵੱਲ ਦੇਖਿਆ, ਰੰਗ ਪੀਲਾ ਜ਼ਰਦ ਸੀ। ਕਮਜੋਰੀ ਕਾਰਨ ਅੱਖਾਂ ਹੀ ਅੱਖਾਂ ਦਿਖਾਈ ਦੇ ਰਹੀਆਂ ਸਨ। ਉਹ ਸੁੱਕੀਆਂ ਜਾਬਾਂ ਵਾਲੀ ਕਮਜ਼ੋਰ ਔਰਤ ਇੰਜ ਜਾਪ ਰਹੀ ਸੀ, ਜਿਵੇਂ ਦੋ ਮਹੀਨੇ ਤੋਂ ਨਹਾਈ ਨਾ ਹੋਵੇ । ਮੈਲੇ-ਕੁਚੈਲੇ ਕੱਪੜੇ ਇੰਜ ਲੱਗ

ਰਹੇ ਸਨ ਜਿਵੇਂ ਕਦੇ ਧੋਤੇ ਹੀ ਨਾ ਹੋਣ।

'ਤੇਰਾ ਕੀ ਨਾਂ ਹੈ।' ਮੈਂ ਉਸ ਨੂੰ ਹਮਦਰਦੀ ਨਾਲ ਪੁੱਛਿਆ ।

'ਹਰਿੰਦਰ' ਉਹ ਬੋਲੀ ।

'ਅੱਛਾ, ਹਰਿੰਦਰ, ਤੈਨੂੰ ਕੀ ਤਕਲੀਫ ਐ?' ਮੈਂ ਉਸ ਦੇ ਨੇੜੇ ਹੋ ਕੇ ਪੁੱਛਿਆ।

'ਬੱਸ ਆਹੀ।' ਉਹ ਚੁੱਪ ਹੋ ਗਈ ।

'ਕੀ?' ਮੈਂ ਉੱਚੀ ਸਾਰੀ ਪੁੱਛਿਆ।

'ਆਹੀ ਭੂਤਨੀਆਂ, ਹੋਰ ਕੌਣ?' ਉਸ ਨੇ ਹੈਰਾਨ ਹੋ ਕੇ ਇੰਜ ਦੱਸਿਆ ਜਿਵੇਂ ਆਖ ਰਹੀ ਹੋਵੇ 'ਮੂਰਖੇ ਤੈਨੂੰ ਨਹੀਂ ਦਿਸਦੀਆਂ?'

'ਕਿਹੜੀਆਂ ਭੂਤਨੀਆਂ। ਕਿੱਥੇ ਨੇ? ਤੇ ਕਿੱਥੋਂ ਆਈਆਂ?' ਮੈਂ ਕਈ ਸਵਾਲ ਇੱਕਠੇ ਹੀ ਉਸਨੂੰ ਕੀਤੇ।

'ਆਹ ਵੇਖ, ਦੋ ਨੇ, ਮੇਰੇ ਕੰਨ ਵਿਚ ਵੜ ਗਈਆਂ,' ਉਸਨੇ ਨੇ ਕੰਨ ਨੂੰ ਚੌੜਾ ਕਰਕੇ ਮੇਰੇ ਵੱਲ ਕਰ ਦਿੱਤਾ, ਜਿਵੇਂ ਮੈਨੂੰ ਸੱਚਮੁੱਚ ਵਿਖਾਉਣੀਆਂ ਹੋਣ।

'ਭਾਦਸੋਂ ਤੋਂ ਬੱਸ ਵਿਚ ਮੇਰੇ ਨਾਲ ਚੜ੍ਹ ਗਈਆਂ।' ਉਸ ਨੇ ਦੱਸਿਆ

ਮੈਂ ਉਸ ਦਾ ਕੰਨ ਫੜ ਕੇ ਕਿਹਾ 'ਛੂ ਮੰਤਰ-ਬੱਸ ਗਾਇਬ, ਭੂਤਨੀਆਂ ਭੱਜ ਗਈਆਂ, ਹੁਣ ਨਹੀਂ ਆਉਂਦੀਆਂ।'

'ਆਹ, ਆ ਗਈਆਂ, ਤੇਰੇ ਪੈਰਾਂ ਕੋਲ- ਮੈਂ ਇਨ੍ਹਾਂ ਨੂੰ ਬਾਹਰ ਕੱਢਾਂ?' ਉਹ ਪਾਗਲਾਂ ਵਾਂਗ ਰਜਾਈ ਨੂੰ ਕੁੱਟਣ ਲੱਗ ਪਈ ਤੇ ਉੱਚੀ ਉੱਚੀ ਬਦਲੀ ਹੋਈ, ਪਤਲੀ ਤੇ ਤਿੱਖੀ ਅਵਾਜ ਵਿਚ ਜ਼ੋਰ ਜ਼ੋਰ ਨਾਲ ਬੋਲਣ ਲੱਗ ਪਈ।

'ਨਿਕਲੋ ਨੀ ਬਾਹਰ ਨਿਕਲਦੀਆਂ ਨਹੀਂ ਤੁਸੀਂ ਹੁਣ?'

ਬਾਹਰ ਸਾਰਾ ਪਰਿਵਾਰ ਉਸ ਦੀਆਂ ਅਵਾਜ਼ਾਂ ਸੁਣਦਾ, ਸਹਿਮ ਕੇ ਕਮਰੇ ਦੀ ਬਾਰੀ ਵਿਚ ਦੀ ਹੈਰਾਨੀ ਨਾਲ ਵੇਖ ਰਿਹਾ ਸੀ ਤੇ ਮੇਰੇ ਪਤੀ ਰਾਜਿੰਦਰ ਨੂੰ ਪੁੱਛ ਰਿਹਾ ਸੀ ਕਿ ਮੈਡਮ ਨੂੰ ਭੂਤ ਤੋਂ ਡਰ ਕਿਉਂ ਨਹੀਂ ਲੱਗ ਰਿਹਾ? ਉਹ ਉਨ੍ਹਾਂ ਨੂੰ ਸਮਝਾ ਰਹੇ ਸਨ ਕਿ ਇਹ ਔਰਤ ਦੇ ਮਨ ਦਾ ਵਹਿਮ ਹੈ ਕਿਉਂਕਿ ਉਹ ਮਾਨਸਕਿ ਰੋਗੀ ਹੈ ਤੇ ਜਿਸ ਕਾਰਨ ਉਸ ਨੂੰ ਤਾਂ ਭੂਤ ਦਿਖਾਈ ਦੇ ਰਹੇ ਹਨ ਪਰ ਵੈਸੇ ਭੂਤ ਨਹੀਂ ਹਨ। ਤੁਸੀਂ ਘਬਰਾਓ ਨਾ, ਅੰਦਰ ਚਰਨਜੀਤ ਹੈ, ਸਭ ਆਪੇ ਸੈੱਟ ਕਰ ਲਵੇਗੀ ਤੇ ਸਾਰਾ ਪਰਿਵਾਰ ਮੇਰੀ ਤੇ ਭੂਤ ਦੀ ਕੁਸ਼ਤੀ ਵੇਖਣ ਲਈ ਸਹਿਮਿਆ ਪਿਆ ਸੀ।

ਜਦੋਂ ਉਹ ਹੰਭ-ਹਾਰ ਗਈ ਤਾਂ ਮੈਂ ਉਸ ਨੂੰ ਫੜ ਕੇ ਬਿਠਾ ਦਿੱਤਾ ਤੇ ਦੱਸਿਆ ਕਿ ਮੈਂ ਸਾਰੀਆਂ ਭੂਤਨੀਆਂ ਨੂੰ ਮਾਰ ਦੇਵਾਂਗੀ ਤੇ ਉਸਨੂੰ ਠੀਕ ਕਰ ਦਿਆਂਗੀ। ਉਸ ਦੀ ਇਹ ਹਾਲਤ ਵੇਖ ਕੇ ਉਸ ਦਾ 12 ਕੁ ਸਾਲ ਦਾ ਬੇਟਾ ਅੰਦਰ ਆਇਆ ਤੇ ਹੁਬਕੀਂ ਰੋਣ ਲੱਗ ਪਿਆ। ਬੱਚਾ ਸੰਵੇਦਨਸ਼ੀਲ ਸੀ ਤੇ ਮਾਂ ਦੀ ਹਾਲਤ ਵੇਖ ਕੇ ਘਬਰਾਇਆ ਹੋਇਆ ਸੀ। ਮੈਂ ਉਸ ਨੂੰ ਪਿਆਰ ਨਾਲ ਹੌਸਲਾ ਦਿੱਤਾ ਕਿ ਮੰਮੀ ਬਿਲਕੁਲ ਠੀਕ ਹੋ

ਜਾਵੇਗੀ। ਬੱਚਾ ਚੁੱਪ ਹੋ ਗਿਆ ਤੇ ਚਿਹਰੇ ਤੇ ਖੁਸ਼ੀ ਦੇ ਭਾਵ ਆ ਗਏ।

ਹੁਣ ਮਰੀਜ਼ ਆਰਾਮ ਨਾਲ ਬੈਠ ਗਈ ਤੇ ਮੈਂ ਆਪਣੇ ਪਤੀ ਰਾਜਿੰਦਰ ਨੂੰ ਅੰਦਰ ਬੁਲਾਇਆ। ਉਸ ਨੂੰ ਦੇਖਦੇ ਸਾਰ ਹੀ ਮਰੀਜ਼ ਔਰਤ ਨੇ ਇਕ ਦਮ ਆਪਣੀਆਂ ਸੁੱਕੀਆਂ, ਪਤਲੀਆਂ ਲੱਤਾਂ ਨੰਗੀਆਂ ਕਰ ਲਈਆਂ। ਹੌਲੀ-ਹੌਲੀ ਉਸ ਨੇ ਸਲਵਾਰ ਗੋਡਿਆਂ ਤੋਂ ਜਿੰਨੀ ਉਚੀ ਚੁੱਕੀ ਜਾਂਦੀ ਸੀ, ਚੁੱਕ ਲਈ। ਮੈਂ ਸਾਰੇ ਪਰਿਵਾਰ ਦੀ ਇੰਟਰਵਿਊ ਕੀਤੀ ਤੇ ਉਨ੍ਹਾਂ ਤੋਂ ਪੁੱਛਿਆ ਕਿ ਕੀ ਪਹਿਲਾਂ ਵੀ ਇਸ ਨੇ ਪਰਾਏ ਮਰਦਾਂ ਅੱਗੇ ਸਰੀਰ ਦੇ ਅੰਗ ਨੰਗੇ ਕਰਨ ਦਾ ਯਤਨ ਕੀਤਾ ਹੈ। ਤਾਂ ਉਸ ਦੀ ਨਣਾਨ ਨੇ ਦੱਸਿਆ ਕਿ ਉਹ ਆਪਣੇ ਸਹੁਰਿਆਂ ਤੋਂ ਪਰਸੋਂ ਦੀ ਇਸ ਦਾ ਪਤਾ ਲੈਣ ਆਈ ਹੋਈ ਹੈ। ਉਸੇ ਰਾਤ ਦੀ ਗੱਲ ਹੈ ਕਿ ਅੱਧੀ ਰਾਤ ਨੂੰ ਉਠ ਕੇ ਰੋਗੀ ਔਰਤ ਨੇ ਸਲਵਾਰ ਖੋਲ੍ਹ ਦਿੱਤੀ ਤੇ ਕਮੀਜ ਦੇ ਅਗਲੇ ਸਾਰੇ ਬਟਨ ਖੋਲ ਦਿੱਤੇ। ਅਸੀਂ ਦੋ ਜਣੀਆਂ ਨੇ ਘੁਲ ਘੁਲ ਕੇ ਬਟਨ ਬੰਦ ਕੀਤੇ, ਧੱਕੇ ਨਾਲ ਸਲਵਾਰ ਬੰਨ੍ਹੀ। ਘਰ ਦੇ ਸਾਰੇ ਆਦਮੀਆਂ ਸਾਹਮਣੇ, ਸਾਨੂੰ ਤਾਂ ਬਹੁਤ ਸ਼ਰਮ ਆਈ।

ਮੈਨੂੰ ਮਾਮਲਾ ਸਮਝ ਆ ਗਿਆ ਸੀ। ਅਸਲ ਵਿਚ ਸਾਂਝਾ ਪਰਿਵਾਰ ਸੀ ਤੇ ਬੱਚਾ ਵੱਡਾ ਹੋ ਰਿਹਾ ਸੀ। ਪਰਿਵਾਰ ਦੀ ਆਰਥਿਕਤਾ ਕਾਰਨ ਹਰ ਮੈਂਬਰ ਲਈ ਵੱਖਰਾ ਕਮਰਾ ਮਿਲਣਾ ਮੁਸ਼ਕਲ ਸੀ। ਸਿੱਟੇ ਵਜੋਂ ਉਸ ਦੀ ਕਾਮ-ਭੁੱਖ ਪੂਰੀ ਨਹੀਂ ਹੁੰਦੀ ਸੀ। ਉਂਜ ਵੀ ਸਾਡੇ ਸਮਾਜ ਵਿਚ ਔਰਤ ਦੀ ਸਰੀਰਕ ਲੋੜ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ ਸਗੋਂ ਬੇਇੱਜ਼ਤੀ ਵਾਲੀ ਗੱਲ ਮੰਨਿਆ ਜਾਂਦਾ ਹੈ। ਉਸ ਦੀਆਂ ਸਰੀਰਕ ਭੁੱਖ ਸਬੰਧੀ ਅਚੇਤ ਮਨ ਵਿਚ ਦੱਬੀਆਂ ਭਾਵਨਾਵਾਂ 'ਪਰਾਏ ਮਰਦਾਂ ਸਾਹਮਣੇ ਨੰਗੇ ਹੋਣ' ਵਿਚ ਤਬਦੀਲ ਹੋ ਗਈਆਂ। ਖ਼ੂਨ ਦੀ ਬੇਹੱਦ ਘਾਟ ਸੀ ਤੇ ਸਰੀਰਕ ਕਮਜ਼ੋਰੀ ਕਾਰਨ ਕੰਮ-ਬੋਝ ਨਹੀਂ ਉਠਾਇਆ ਜਾਂਦਾ ਸੀ ਤੇ ਜਿਸ ਦਿਨ ਪੇਕੀ ਗਈ ਤਾਂ ਭਰਜਾਈ ਨਾਲ ਕਿਸੇ 'ਸਿਆਣੇ' ਕੋਲ ਭਾਦਸੋਂ ਚਲੀ ਗਈ ਤੇ ਉਥੇ ਖੇਡਦੇ ਮਾਨਸਿਕ ਰੋਗੀਆਂ ਨੂੰ ਵੇਖ ਕੇ ਭੂਤਾਂ ਵਾਲੀ ਗੱਲ ਮਨ ਵਿਚ ਘਰ ਕਰ ਗਈ।

ਅਸੀਂ ਉਸ ਦੀਆਂ ਇਨ੍ਹਾਂ ਲੋੜਾਂ ਸਬੰਧੀ ਉਸ ਦੇ ਪਤੀ ਨੂੰ ਸਮਝਾਇਆ ਤੇ ਪਟਿਆਲੇ ਡਾ. ਇੰਦਰਪਾਲ ਸਿੰਘ ਸੇਖੋਂ ਜੋ ਕਿ ਹੋਮੀਓਪੈਥੀ ਦੇ ਡਾਕਟਰ ਹਨ, ਪਾਸ ਅਨੀਮੀਏ ਦੇ ਇਲਾਜ ਲਈ ਭੇਜ ਦਿੱਤਾ। ਹੁਣ ਉਹ ਔਰਤ ਬਿਲਕੁਲ ਠੀਕ ਹੈ ਤੇ ਉਸਨੂੰ ਕੋਈ ਭੂਤਨੀਆਂ ਵੀ ਦਿਖਾਈ ਨਹੀਂ ਦਿੰਦੀਆਂ।

***

ਚਿੜੀਆਂ ਦੀ ਮੌਤ

ਜ਼ਿੰਦਗੀ ਵਿਚ ਉਹ ਵੀ ਦਿਨ ਸਨ ਜਦੋਂ ਕਿਸੇ ਗੈਬੀ ਘਟਨਾ ਦੀ ਖਬਰ ਸੁਣਦਿਆਂ ਹੀ ਪੜਤਾਲ ਲਈ ਦੌੜ ਪੈਂਦੇ ਸਾਂ ਕਿਉਂਕਿ ਵਿਹਲ ਜੋ ਸੀ। ਦਿਲਚਸਪੀ ਨਾਲ ਕੇਸ ਹੱਲ ਕਰਨੇ ਤੇ ਸੰਤੁਸ਼ਟੀ ਮਿਲਣੀ ਪਰ ਜਦੋਂ ਵਕਤ ਨਾਲ ਜ਼ਿੰਦਗੀ ਦੇ ਰੁਝੇਵਿਆਂ ਕਾਰਨ ਵਿਹਲ ਬਹੁਤ ਘੱਟ ਗਈ ਹੈ ਤਾਂ ਸੋਚੀਦਾ ਐ 'ਛੱਡ ਮਨਾ ਇਹ ਕੀ ਝੰਜਟ ਗਲ ਪਾਏ ਨੇ' ਅਖੇ 'ਆਪ ਮਰੇ ਜੱਗ ਪਰਲੋ।'

ਇਸ ਦਾ ਭਾਵ ਇਹ ਨਹੀਂ ਕਿ ਤਰਕਸ਼ੀਲ ਸੋਸਾਇਟੀ ਦਾ ਕੰਮ ਕਰਦਿਆਂ ਹੁਣ ਮੈਨੂੰ ਸੰਤੁਸ਼ਟੀ ਨਹੀਂ ਮਿਲਦੀ ਪਰ ਅਫਸੋਸ ਕਿ ਸਮੇਂ ਦੀ ਘਾਟ........। ਸੋ ਮੈਂ ਤੇ ਰਾਜਿੰਦਰ ਨੇ ਵਿਆਹ ਤੋਂ ਬਾਅਦ ਤਾਂ ਨਹੀਂ ਪਰ ਬੱਚਿਆਂ ਤੋਂ ਬਾਅਦ ਇਹ ਫੈਸਲਾ ਸਖਤੀ ਨਾਲ ਲਾਗੂ ਕਰਨ ਦੀ ਸੋਚੀ ਕਿ ਤਰਕਸ਼ੀਲ ਸੋਸਾਇਟੀ ਦਾ ਕੰਮ ਕਾਰ ਪਰਿਵਾਰ ਦੀ ਸੀਮਾ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਵੇਗਾ। ਖਾਸ ਕਰਕੇ ਘਰ ਤੋਂ ਬਾਹਰ ਜਾ ਕੇ ਕੇਸ ਹੱਲ ਕਰਨ ਵੇਲੇ ਤਾਂ ਜ਼ਰੂਰ ਹੀ।

ਸੋ ਫੈਸਲਾ ਲਾਗੂ ਹੋਇਆ ਕਿ ਮਾਨਸਿਕ ਰੋਗੀ ਦੇ ਘਰ ਨਹੀਂ ਜਾਵਾਂਗੇ ਬਲਕਿ ਸਾਡੇ ਪਾਸ ਆਉਣਗੇ - ਪਰ ਅਸੀਂ ਸੁਖੀ ਹੋਣ ਦੀ ਬਜਾਏ ਹੋਰ ਔਖੇ ਹੋ ਗਏ। ਕਿਉਂਕਿ ਮਰੀਜ਼ਾਂ ਨੇ ਘਰ ਵੱਲ ਵਹੀਰਾਂ ਘੱਤ ਦਿੱਤੀਆਂ। ਸਵੇਰੇ 6-00 ਤੋਂ ਲੈ ਕੇ ਰਾਤ 11-00 ਵਜੇ ਤੱਕ। ਨਾ ਕੋਈ ਸਮਾਂ ਵੇਖੇ ਨਾ ਸਥਾਨ ਭਾਵ ਕਿ ਘਰ ਜਾਣੈ ਜਾਂ ਦਫਤਰ ਸਾਡੇ ਪਰਿਵਾਰ ਦਾ ਸਾਰਾ ਸਮਾਂ ਹੀ ਕੇਸਾਂ ਵਿਚ ਲੱਗਣ ਲੱਗਿਆ। ਅਸੀਂ ਅੱਕ ਕੇ ਸੋਸਾਇਟੀ ਦਾ ਕੰਮ ਬੰਦ ਕਰ ਦਿੱਤਾ।

ਸੋ ਸੋਸਾਇਟੀ ਨੇ ਤਾਂ ਸਾਡੀ ਮਜ਼ਬੂਰੀ ਨੂੰ ਸਮਝਦਿਆਂ ਜ਼ਿੰਮੇਵਾਰੀਆਂ ਤੋਂ ਫਾਰਗ ਕਰ ਦਿੱਤਾ ਪਰ ਮਰੀਜ਼ਾਂ ਨੂੰ ਕੌਣ ਸਮਝਾਵੇ? ਮਰੀਜ਼ਾਂ ਦੀ ਆਵਾਜਾਈ ਉਸੇ ਤਰ੍ਹਾਂ ਜਾਰੀ ਰਹੀ। ਘਰ ਆਇਆਂ ਨੂੰ ਮੋੜਨਾ ਸਾਡੇ ਸੁਭਾਅ 'ਚ ਨਹੀਂ ਸੀ ਤੇ ਅਖੀਰ ਜਦੋਂ ਮਾਨਸਿਕ ਰੋਗੀਆਂ ਦੇ' ਦਬਾਅ ਅਧੀਨ ਅਸੀਂ ਸੋਸਾਇਟੀ ਦਾ ਕੰਮ ਮੁੜ ਸ਼ੁਰੂ ਕਰ ਲਿਆ ਤੇ ਨਾਲ ਹੀ ਇਹ ਫੈਸਲਾ ਕੀਤਾ ਕਿ ਪਟਿਆਲੇ ਕੇਸਾਂ ਨੂੰ ਹੱਲ ਕਰਨ ਲਈ ਇਕ ਸੈਂਟਰ ਖੋਲਿਆ ਜਾਵੇ। ਮਰੀਜ਼ਾਂ ਦਾ ਘਰ ਆਉਣਾ ਪੱਕੇ ਤੌਰ ਤੇ ਬੰਦ ਅਤੇ ਸੈਂਟਰ ਤੇ ਜਾ ਕੇ ਮੈਂਬਰ ਵਾਰੋ ਵਾਰੀ ਸਮਾਂ ਦੇ ਕੇ ਇਲਾਜ ਕਰਨਗੇ। ਮਰੀਜ਼ ਨੂੰ ਹਰ ਹਾਲਤ ਉਥੇ ਹੀ ਸੱਦਿਆ ਜਾਵੇਗਾ।

ਇਸ ਤਰ੍ਹਾਂ ਕੁਝ ਸਾਹ ਸੌਖਾ ਹੋਣ ਲੱਗੇਗਾ ਤੇ ਰਾਮ ਸਿੰਘ ਬੰਗ ਜੋ ਕਿ ਸੋਸਾਇਟੀ ਦਾ ਪੁਰਾਣਾ ਵਰਕਰ ਹੈ ਨੇ ਆਪਣੀ ਦੁਕਾਨ ਤੇ ਥਾਂ ਦੇਣਾ ਮੰਨ ਲਿਆ ਤੇ ਅਖੀਰ ਐਤਵਾਰ ਨੂੰ ਇਲਾਜ ਦਾ ਸਮਾਂ ਮਿਥਿਆ। ਅਜੇ ਕੁਝ ਮਹੀਨੇ ਹੀ ਲੰਘੇ ਸਨ ਕਿ ਰਾਮ ਸਿੰਘ ਬੰਗ ਦਾ ਰਿਸ਼ਤੇਦਾਰ, ਸਵੇਰ-ਸਵੇਰੇ ਸਾਡੇ ਘਰ ਆਇਆ ਤੇ ਦੱਸਿਆ ਕਿ ਉਸਦੇ ਗੁਆਂਢ ਵਿਚ ਲੜਕੇ ਦਾ ਇਕ ਮਹੀਨਾ ਪਹਿਲਾਂ ਵਿਆਹ ਹੋਇਆ ਸੀ, ਉਸਦੀ ਵਹੁਟੀ ਨੂੰ ਇਕ ਦਮ ਦੰਦਲ ਪੈ ਜਾਂਦੀ ਹੈ। ਸਾਰਾ ਪਰਿਵਾਰ ਘਬਰਾਇਆ ਹੋਇਆ ਹੈ। ਲੜਕੀ ਦੌਰੇ ਸਮੇਂ ਆਖਦੀ ਹੈ ਕਿ ਉਸ ਵਿਚ 'ਬਾਬਾ ਨਾਨਕ' ਤੇ 'ਨਾਨਕੀ' ਦੋਵੇਂ ਆਉਂਦੇ ਨੇ ਤੇ ਉਹ ਸੱਸ ਤੇ ਸਾਰੇ ਪਰਿਵਾਰ ਨੂੰ ਗਾਲ੍ਹਾਂ ਵੀ ਬਹੁਤ ਕੱਢਦੀ ਹੈ। ਕੇਸ ਘਰ ਜਾ ਕੇ ਹੀ ਹੱਲ ਕਰਨ ਵਾਲਾ ਸੀ। ਸੋ ਮੈਂ ਤੇ ਰਾਜਿੰਦਰ ਨੇ ਸ਼ਾਮ 5-30 ਵਜੇ ਦਾ ਸਮਾਂ ਨਿਸ਼ਚਿਤ ਕੀਤਾ ਤੇ ਸਾਰੇ ਪਰਿਵਾਰ ਨੂੰ ਘਰ ਰਹਿਣ ਦੀ ਤਾਕੀਦ ਵੀ ਕੀਤੀ।

ਮਿਥੇ ਸਮੇਂ ਤੇ ਅਸੀਂ ਸਮੱਸਿਆਗ੍ਰਸਤ ਘਰ ਵਿਚ ਪਹੁੰਚ ਗਏ। ਚੰਗਾ ਸੁਹਣਾ ਤੇ ਸ਼ਹਿਰੀ ਲੋੜਾਂ ਅਨੁਸਾਰ ਬਣਿਆ ਘਰ ਸੀ। ਘਰ ਦੇ ਵਿਹੜੇ ਵਿਚੋਂ ਲੰਘਦਿਆਂ ਜਦੋਂ ਅਸੀਂ ਲੌਬੀ ਵਿਚ ਦਾਖਲ ਹੋਏ ਤਾਂ ਚਾਰ ਪੰਜ ਔਰਤਾਂ ਦਾ ਮੇਲਾ ਡਬਲ-ਬੈੱਡ ਤੇ ਲੱਗਿਆ ਵੇਖਿਆ। ਉਹ ਸਾਨੂੰ ਵੇਖਦਿਆਂ ਹੀ ਚੌਕਸ ਜਿਹੀਆਂ ਹੋ ਗਈਆਂ। ਅਸੀਂ ਜਾ ਕੇ ਸੋਫੇ ਤੇ ਬੈਠ ਗਏ। ਸਾਨੂੰ ਨਾਲ ਲੈ ਕੇ ਗਏ ਲੜਕੇ ਨੂੰ ਅਸੀਂ ਕਿਹਾ ਕਿ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਇੱਕਠਿਆਂ ਬੁਲਾ ਕੇ ਜਾਣ ਪਛਾਣ ਕਰਵਾਈ ਜਾਵੇ। ਪਰਿਵਾਰ ਦੇ ਮੈਂਬਰਾਂ ਦੀ ਕਤਾਰ ਸਾਹਮਣੇ ਆ ਖੜੀ ਹੋਈ। ਬੈਡ ਤੇ ਬੈਠੀਆਂ ਔਰਤਾਂ ਵੀ ਕਤਾਰ ਵਿਚ ਖੜ ਗਈਆਂ।

ਪਰਿਵਾਰ ਦਾ ਮੁਖੀ ਬਜ਼ੁਰਗ ਸਕਿਓਰਿਟੀ ਗਾਰਡ ਦੀ ਨੌਕਰੀ ਕਰਦਾ ਸੀ ਤੇ ਮੁਖੀ ਔਰਤ ਭਾਵ ਮਰੀਜ ਦੀ ਸੱਸ ਘਰੇਲੂ ਔਰਤ। ਇਨ੍ਹਾਂ ਦੇ 4 ਲੜਕੇ ਸਨ ਤੇ ਸਭ ਤੋਂ ਵੱਡਾ ਲੜਕਾ ਜਿਸ ਦੇ ਵਿਆਹ ਹੋਏ ਨੂੰ ਅਜੇ ਮਹੀਨਾ ਹੋਇਆ ਸੀ, ਟੈਕਸੀ ਚਾਲਕ ਸੀ ਤੇ ਉਸ ਤੋਂ ਛੋਟਾ ਕੈਮਿਸਟ, ਉਸ ਤੋਂ ਛੋਟਾ ਦੁਕਾਨ ਕਰਦਾ ਸੀ ਤੇ ਸਭ ਤੋਂ ਛੋਟਾ ਕਾਲਜ ਪੜ੍ਹਦਾ ਸੀ। ਬੈੱਡ ਤੋਂ ਉਠ ਕੇ ਆਈਆਂ ਔਰਤਾਂ ਵਿਚੋਂ ਇਕ ਲੜਕੀ ਸਿਧਰੀ ਜਿਹੀ ਜਾਪਦੀ ਸੀ ਜੋ ਅੱਖਾਂ ਨਹੀਂ ਝਪਕਦੀ ਸੀ, ਜਿਵੇਂ ਨਸ਼ਾ ਖਾਧਾ ਹੋਵੇ। ਚਾਲ ਵੀ ਇੰਜ ਸੀ, ਸਿਰ ਉੱਤੇ ਗੋਟੇ ਵਾਲੀ ਚੁੰਨੀ ਸੀ ਅਤੇ ਮੈਨੂੰ ਸਮਝਦਿਆਂ ਦੇਰ ਨਾ ਲੱਗੀ ਕਿ ਮਰੀਜ਼ ਲੜਕੀ ਉਹੀ ਐ। ਪੁੱਛਣ ਤੇ ਪਤਾ ਲੱਗਿਆ ਕਿ ਬੈੱਡ ਤੇ ਬੈਠੀਆਂ ਔਰਤਾਂ ਵਿਚੋਂ ਲੜਕੀ ਦੀ ਮਾਂ ਸੀ ਤੇ ਦੂਜੀ ਭਰਜਾਈ ਜੋ ਕਿ ਅੱਜ ਹੀ ਪਿੰਡੋਂ ਮੰਗਵਾਈਆਂ ਸਨ ਕਿਉਂਕਿ ਅੱਜ ਲੜਕੀ ਦੌਰੇ ਸਮੇਂ ਬੇਕਾਬੂ ਹੋ ਗਈ ਸੀ ਤੇ ਗਾਲ੍ਹਾਂ ਕੱਢਣੋਂ ਨਹੀਂ ਹਟ ਰਹੀ ਸੀ ਤੇ ਮਾਰ ਕੁਟਾਈ ਤੇ ਉਤਰ ਆਈ ਸੀ। ਤੀਜੀ ਔਰਤ ਗੁਆਂਢਣ ਸੀ ਜੋ ਬਹੂ ਦਾ ਪਤਾ ਲੈਣ ਆਈ ਸੀ।

ਲੜਕੀ ਦੀ ਮਾਂ ਤੋਂ ਉਸਦੇ ਪਿਛੋਕੜ ਬਾਰੇ ਪੁਛਿਆ ਤਾਂ ਉਸਨੇ ਦੱਸਿਆ ਕਿ ਵਿਆਹ ਤੋਂ ਪਹਿਲਾਂ ਲੜਕੀ ਨੌਂ ਬਰ ਨੌਂ ਸੀ। ਕਦੇ ਕੋਈ ਅਜਿਹੀ ਕਸਰ ਨਹੀਂ ਹੋਈ ਸੀ। ਭਰਜਾਈ ਨੇ ਵੀ ਇਹੀ ਦੱਸਿਆ ਕਿ ਵਿਆਹ ਤੋਂ ਮਗਰੋਂ 4 ਕੁ ਦਿਨ ਬਿਲਕੁਲ ਠੀਕ-ਠਾਕ ਸੀ ਤੇ ਖੁਸ਼ ਸੀ ਪਰ ਚਾਰ ਦਿਨਾਂ ਮਗਰੋਂ ਜਦੋਂ ਦੁਬਾਰਾ ਗਈ ਤਾਂ ਇਹ ਹਾਲ ਸੀ।

ਮੈਂ ਲੜਕੀ ਵੱਲ ਗਹੁ ਨਾਲ ਦੇਖਿਆ ਉਸ ਦੀ ਅੱਖ ਗੱਲ ਤੱਕ ਸੁੱਜੀ ਹੋਈ ਤੇ ਨੱਕ ਤੇ ਕਾਫੀ ਵੱਡਾ ਜ਼ਖਮ ਸੀ, ਜਿਸ ਵਿਚ ਪੀਕ ਭਰ ਗਈ ਸੀ। ਕਮੀਜ਼ ਦੇ ਵੱਡੇ ਗਲੇ ਵੱਲ ਝਾਤੀ ਮਾਰੀ ਤਾਂ ਛਾਤੀ ਨੀਲੀ ਹੋਈ ਪਈ ਸੀ। ਕੁੜੀ ਡਿੰਬਰਿਆਂ ਵਾਂਗ ਮੇਰੇ ਵੱਲ ਵੇਖ ਰਹੀ ਸੀ। ਉਹ ਬਿਮਾਰਾਂ ਵਾਂਗ ਤੁਰ ਰਹੀ ਸੀ। ਮੈਂ ਪਰਿਵਾਰ ਤੋਂ ਉਸਦੇ ਸਰੀਰ ਤੇ ਪਏ ਨਿਸ਼ਾਨ ਅਤੇ ਜ਼ਖ਼ਮਾਂ ਬਾਰੇ ਪੁਛਿਆ ਤਾਂ ਸੱਸ ਨੇ ਦੱਸਿਆ ਕਿ 'ਕੱਲ ਅਸੀਂ ਕੌਲੀ ਵਾਲੇ ਬਾਬੇ ਪਾਸ ਲੈ ਕੇ ਗਏ ਸੀ। ਉਥੇ ਜਾ ਕੇ ਪੁੱਠੀਆਂ ਸਿੱਧੀਆਂ ਹਰਕਤਾਂ ਕਰਨ ਲੱਗੀ ਤਾਂ ਬਾਬੇ ਜੀ ਨੇ ਫਾਂਟਾ ਚਾੜ੍ਹਤਾ।'

'ਕੀ ਲੜਕੀ ਆਪਣੀ ਮਰਜ਼ੀ ਨਾਲ ਬਾਬੇ ਪਾਸ ਗਈ ਜਾਂ ਤੁਸੀਂ ਧਿੰਗੋਜ਼ੋਰੀ ਲੈ ਕੇ ਗਏ?' ਮੈਂ ਪੁੱਛਿਆ।

'ਅਸੀਂ ਇਸਨੂੰ ਕੁੱਝ ਨਹੀਂ ਦੱਸਿਆ ਤੇ ਬਾਬੇ ਕੋਲ ਲੈ ਗਏ। ਪਹਿਲਾਂ ਤਾਂ ਇਹ ਬਾਬਿਆਂ ਦੀ ਤਾਬਿਆ ਬੈਠੀ ਰਹੀ ਪਰ ਥੋੜ੍ਹੀ ਦੇਰ ਬਾਅਦ ਗਲਤ ਹਰਕਤ ਕੀਤੀ ਤਾਂ ਬਾਬਿਆਂ ਨੇ ਮਾਰਨਾ ਸ਼ੁਰੂ ਕਰ ਦਿੱਤਾ।' ਸੱਸ ਤਸੱਲੀ ਨਾਲ ਦੱਸ ਰਹੀ ਸੀ।

'ਤੁਸੀਂ ਆਪਣੀ ਹਾਜ਼ਰੀ ਵਿਚ ਨੂੰਹ ਨੂੰ ਡੰਗਰਾਂ ਵਾਂਗ ਕੁਟਾਈ ਗਏ? ਤੁਹਾਨੂੰ ਇਸ ਤੇ ਬਿਲਕੁਲ ਤਰਸ ਨਹੀਂ ਆਇਆ?' ਮੈਨੂੰ ਖਿਝ ਆਈ। ਮੈਂ ਲੜਕੇ ਵੱਲ ਮੂੰਹ ਕਰਕੇ ਪੁਛਿਆ 'ਤੂੰ ਵੀ ਹਾਜ਼ਰ ਸੀ? ਤੇਰੀ ਹਾਜ਼ਰੀ ਵਿਚ ਤੇਰੀ ਬੀਵੀ ਨੂੰ ਕੋਈ ਬੂਬਨਾ ਸਾਧ ਮਾਰ ਰਿਹਾ ਸੀ ਤੇ ਤੂੰ ਆਰਾਮ ਨਾਲ ਤਮਾਸ਼ਾ ਵੇਖਦਾ ਰਿਹਾ?'

'ਨਹੀਂ ਦੀਦੀ, ਬਾਬਿਆਂ ਨੇ ਇਸਨੂੰ ਨਹੀਂ ਇਸ ਵਿਚਲੀ ਚੀਜ਼ ਨੂੰ ਫਾਂਟਾ ਚਾੜ੍ਹਿਆ ਸੀ ਤੇ ਨਾਲੇ ਇਹ ਬੋਲਦੀ ਵੀ ਸੀ।'

'ਕੀ ਬੋਲਦੀ ਸੀ?' ਮੈਂ ਸਖਤ ਆਵਾਜ਼ ਵਿਚ ਪੁੱਛਿਆ।'

'ਕਿ ਮੇਰੇ ਵਿਚ ਬਾਬਾ ਨਾਨਕ, ਮੈਂ ਬੀਬੀ ਨਾਨਕੀ ਆਂ'

ਮਾਮਲਾ ਬੜਾ ਗੰਭੀਰ ਸੀ ਪਰ ਮੈਨੂੰ ਅੰਦਰੇ ਅੰਦਰੇ ਹਾਸਾ ਵੀ ਆ ਰਿਹਾ ਸੀ ਕਿ ਜੇ ਉਨ੍ਹਾਂ ਅਨੁਸਾਰ ਉਸ ਵਿਚ ਬਾਬਾ ਨਾਨਕ ਜਾਂ ਨਾਨਕੀ ਦੀ ਰੂਹ ਸੀ ਤਾਂ ਉਹ ਮੂਰਖ ਸਾਧ ਤੋਂ ਬਾਬਾ ਨਾਨਕ ਤੇ ਨਾਨਕੀ ਨੂੰ ਕਿਉਂ ਕੁਟਵਾਈ ਗਏ?

ਖੈਰ ਮੈਂ ਲੜਕੀ ਨੂੰ ਇਕ ਵੱਖਰੇ ਕਮਰੇ ਵਿਚ ਲੈ ਗਈ ਤੇ ਅੰਦਰੋਂ ਚਿਟਕਣੀ ਲਗਾ ਲਈ। ਉਸਨੂੰ ਪਿਆਰ ਨਾਲ ਕੁਰਸੀ ਤੇ ਬਿਠਾਇਆ ਤੇ ਪਿਆਰ ਨਾਲ ਪੁੱਛਣਾ ਸ਼ੁਰੂ ਕੀਤਾ।

'ਤੇਰਾ ਨਾਂ ਕੀ ਐ ?'

'ਜੀਤ' ਕੁੜੀ ਮੁਸਕਰਾਉਂਦੀ ਬੋਲੀ।

'ਜੀਤ – ਮੈਂ ਤੈਨੂੰ ਠੀਕ ਕਰਨ ਆਈ ਹਾਂ। ਦੇਖ ਮੇਰੀ ਭੈਣ ਮੈਂ ਜੋ ਪੁੱਛਾਂਗੀ ਤੂੰ ਸੱਚ ਬੋਲੀਂ। ਮੈਂ ਤੇਰੀ ਮਦਦ ਕਰਾਂਗੀ।' ਮੈਂ ਅਤਿਅੰਤ ਹਮਦਰਦੀ ਜਤਾ ਕੇ ਆਖਿਆ।

'ਸੱਚੀਂ' ਲੜਕੀ ਬੋਲੀ।

'ਹਾਂ ਆਹ ਤੇਰੇ ਜ਼ਖਮਾਂ ਵਿਚ ਬਹੁਤ ਪੀੜ ਹੁੰਦੀ ਐ ਨਾ?'

'ਹਾਂ' ਉਸਨੇ ਸਿਰ ਹਿਲਾਇਆ।

'ਮੈਂ ਅੱਜ ਤੋਂ ਬਾਅਦ ਤੈਨੂੰ ਕਿਸੇ ਸਿਆਣੇ ਕੋਲ ਨਹੀਂ ਜਾਣ ਦੇਵਾਂਗੀ ਅੱਛਾ, ਪਰ ਦੇਖ ਤੂੰ ਮੇਰਾ ਕਹਿਣਾ ਮੰਨੀ। ਤੂੰ ਦੱਸ ਤੈਨੂੰ ਕੀ ਤਕਲੀਫ ਐ? ਤੇਰਾ ਦੁੱਖ ਮੈ ਦੂਰ ਕਰਨ ਦੀ ਕੋਸ਼ਿਸ਼ ਕਰਾਂਗੀ।' ਮੈਂ ਉਸਨੂੰ ਹੌਲੀ-ਹੌਲੀ ਵਿਸ਼ਵਾਸ ਵਿਚ ਲੈਣ ਲੱਗੀ।

'ਅੱਛਾ ਇਉਂ ਦੱਸ, ਤੇਰੇ ਵਿਚ ਕਿਹੜੀ ਸ਼ੈਅ ਆਉਂਦੀ ਐਂ?' ਮੈਂ ਆਖਿਆ।

'ਬਾਬਾ ਨਾਨਕ' ਉਸਨੇ ਆਖਿਆ।

'ਝੂਠੀ ਤੂੰ ਤਾਂ ਹੁਣੇ ਹੀ ਝੂਠ ਬੋਲਣ ਲੱਗ ਪਈ ਮੇਰੇ ਸਾਹਮਣੇ', ਮੈਂ ਆਖਿਆ।

'ਹਾਂ ਮੇਰੇ ਵਿਚ ਬਾਬਾ ਨਾਨਕ ਆਉਂਦਾ ਹੈ ਤੇ ਨਾਨਕੀ ਵੀ। ਬਾਬਾ ਮੇਰੇ ਵਿਚ ਆਵੇਗਾ। ਜਦੋਂ ਤਕ ਬਾਬਾ ਨਾਨਕ ਮੇਰੇ ਨਾਲ ਹੈ ਮੇਰਾ ਕੋਈ ਕੁਝ ਨਹੀ ਵਿਗਾੜ ਸਕਦਾ।' ਕੁੜੀ ਨੇ ਅੱਖਾਂ ਚੜ੍ਹਾ ਕੇ ਲੜਖੜਾਉਂਦੀ ਜ਼ੁਬਾਨ ਵਿਚ ਆਖਿਆ ਤਾਂ ਕਿ ਮੈਨੂੰ ਵਿਸ਼ਵਾਸ ਦਿਵਾ ਸਕੇ ਕਿ ਉਸ ਤੇ ਬਾਬੇ ਨਾਨਕ ਦਾ ਅਸਰ ਹੈ। ਮੈਂ ਉਸਦੀ ਬਾਂਹ ਜ਼ੋਰ ਨਾਲ ਘੁੱਟ ਕੇ ਫੜ ਲਈ ਤੇ ਉਸਦੇ ਚਿਹਰੇ ਤੇ ਅੱਖਾਂ ਗੱਡ ਲਈਆਂ।

'ਤਾਂ ਫੇਰ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਦੱਸ ਕਿੰਨਾ ਪੜ੍ਹੀ ਐਂ?' ਮੈਂ ਪੁੱਛਿਆ ਤੇ ਬਾਂਹ ਹੋਰ ਜ਼ੋਰ ਨਾਲ ਘੁੱਟ ਲਈ।

'ਚਾਰ ਪੜ੍ਹੀ ਆਂ' ਉਸਨੇ ਆਖਿਆ।

'ਕਦੇ ਬਾਬੇ ਨਾਨਕ ਦੀ ਕੋਈ ਬਾਣੀ ਪੜ੍ਹੀ ਤੇ ਵੇਖੀ ਏ?' ਮੈਂ ਪੁੱਛਿਆ।

'ਹਾਂ ਮੈਂ ਪੰਜ ਪੌੜੀਆਂ ਦਾ ਪਾਠ ਰੋਜ਼ ਕਰਦੀ ਹਾਂ,' ਉਸਨੇ ਆਪਣੀ ਵਿਦਵਤਾ ਦਾ ਰੋਹਬ ਪਾਉਣਾ ਚਾਹਿਆ।

'ਤਾਂ ਦੱਸ ਫੇਰ ਬਾਬੇ ਦੀ ਕਿਹੜੀ ਬਾਣੀ ਵਿਚ ਲਿਖਿਐ ਕਿ ਉਹ ਮਨੁੱਖਾਂ ਵਿਚ ਰੂਹ ਬਣ ਕੇ ਆਵੇਗਾ? ਝੱਲੀਏ ਬਾਬੇ ਨਾਨਕ ਦੀ ਬਾਣੀ ਤਾਂ ਇਨ੍ਹਾਂ ਪਾਖੰਡਾਂ ਭੇਖਾਂ ਤੋਂ ਦੂਰ ਜਾਣ ਲਈ ਪ੍ਰੇਰਦੀ ਹੈ। ਚੱਲ ਛੱਡ ਇਸ ਪਾਖੰਡ ਨੂੰ, ਇਹ ਮੇਰੇ ਨਾਲ ਨਹੀਂ ਚੱਲਣਾ। ਹਾਂ ਇਹ ਦੱਸ ਕਿ ਤੈਨੂੰ ਇਹ ਪਾਖੰਡ ਕਿਉਂ ਕਰਨਾ ਪੈ ਰਿਹਾ? ਸਹੁਰੇ ਘਰ ਤੈਨੂੰ ਕੌਣ ਤੰਗ ਕਰਦਾ? ਤੂੰ ਦੌਰਾ ਪਾ ਕੇ ਸੱਸ ਨੂੰ ਗਾਲ੍ਹਾਂ ਕਿਉਂ ਕੱਢਦੀ ਐਂ? ਜੇ ਤੂੰ ਸੱਚ ਬੋਲੇਂਗੀ, ਤਾਂ ਮੈਂ ਤੇਰੀ ਮਦਦ ਕਰਾਂਗੀ।' ਮੈਂ ਉਸਨੂੰ ਭਰੋਸਾ ਦਿਵਾਇਆ।

'ਮੈਂ ਪੇਕੇ ਜਾਵਾਂਗੀ, ਮੇਰਾ ਇਥੇ ਜੀਅ ਨਹੀਂ ਲੱਗਦਾ।' ਉਸਨੇ ਕਿਹਾ ।

'ਕਿਉਂ ਇਥੇ ਜੀਅ ਨਹੀਂ ਲੱਗਦਾ, ਹਰ ਕੁੜੀ ਜਵਾਨੀ ਦੀ ਉਮਰੇ ਵਿਆਹ

ਕਰਾਉਣਾ ਚਾਹੁੰਦੀ ਹੈ। ਖੁਸ਼ੀ-ਖੁਸ਼ੀ ਪਤੀ ਨਾਲ ਰਹਿਣਾ ਚਾਹੁੰਦੀ ਹੈ, ਪਰ ਤੂੰ ਕਿਉਂ ਨਹੀਂ? ਤੈਨੂੰ ਉਹ ਪਿਆਰ ਨਹੀ ਕਰਦਾ?' ਮੈਂ ਪੁੱਛਿਆ ।

'ਉਹ ਮੇਰੇ ਨਾਲ ਜੋਰਾ ਜਬਰੀ ਕਰਦੇ ਐ, ਮੈਨੂੰ ਸਿਆਣਿਆ ਕੋਲ ਲੈ ਕੇ ਜਾਂਦੇ ਤੇ ਸੱਸ ਵੀ ਨਾਲ ਰਲੀ ਹੋਈ ਐ' ਉਸਨੇ ਆਖਿਆ।

'ਪਰ ਤੂੰ ਵਿਆਹ ਤੋਂ ਚਾਰ ਦਿਨ ਬਾਅਦ ਹੀ ਕਿਉਂ ਦੁਖੀ ਹੋਈ। ਉਹ ਪਹਿਲੇ ਚਾਰ ਦਿਨ ਤੂੰ ਖੁਸ਼ ਸੀ?' ਮੈਂ ਪੁੱਛਿਆ

'ਨਹੀਂ, ਅਸਲ ਵਿਚ ਪਾਲੀ ਜੋ ਮੇਰਾ ਦਿਓਰ ਹੈ, ਉਸਨੂੰ ਆਪਣਾ ਪਤੀ ਮੰਨਦੀ ਹਾਂ। ਇਸ ਨਾਲ ਮੇਰੀਆਂ ਲਾਵਾਂ ਮੇਰੀ ਮਰਜ਼ੀ ਨਾਲ ਨਹੀਂ ਹੋਈਆਂ,' ਕੁੜੀ ਨੇ ਝਟਕਾ ਦੇਣ ਵਾਲੀ ਜਾਣਕਾਰੀ ਦੇ ਕੇ ਮੈਨੂੰ ਹੈਰਾਨ ਕਰ ਦਿੱਤਾ।

'ਅੱਛਾ? ਇਹ ਗੱਲ ਐ? ਤਾਂ ਤੂੰ ਵਿਆਹ ਤੋਂ ਪਹਿਲਾਂ ਕਿਉਂ ਨਾ ਰੌਲਾ ਪਾਇਆ?' ਮੈਂ ਕਿਹਾ ।

'ਮੇਰੀ ਮਾਂ ਨੂੰ ਪਤਾ ਸੀ ਕਿ ਮੈਂ ਪਾਲੀ ਨੂੰ ਚਾਹੁੰਦੀ ਹਾਂ। ਜਦੋਂ ਮੈਨੂੰ ਦੇਖਣ ਆਏ ਤਾਂ ਪਾਲੀ ਨੇ ਮੇਰੇ ਮੂੰਹ ਵਿਚ ਲੱਡੂ ਪਾਇਆ ਤੇ ਫੋਟੋਆਂ ਖਿੱਚੀਆਂ, ਉਸ ਤੋਂ ਬਾਅਦ ਵੀ ਮੇਰੇ ਪੇਕੇ ਦੋ ਵਾਰ ਗਿਆ, ਉਹ ਮੈਨੂੰ ਵੇਖ ਕੇ ਖੁਸ਼ ਹੁੰਦਾ ਸੀ। ਬੱਸ ਮੈਨੂੰ ਕੁਝ ਨਹੀਂ ਹੋਇਆ ਕਿਸੇ ਦਵਾਈ ਦੀ ਜ਼ਰੂਰਤ ਨਹੀਂ। ਮੈਂ ਬਾਬੇ ਨਾਨਕ ਨੂੰ ਹਾਜ਼ਰ ਨਾਜ਼ਰ ਜਾਣ ਕੇ ਪਾਲੀ ਨੂੰ ਆਪਣਾ ਪਤੀ ਮੰਨਿਆ ਹੈ ਤੇ ਪਹਿਲੇ ਚਾਰ ਦਿਨ ਮੈਂ ਆਪਣੇ ਪਤੀ ਨਾਲ ਜੋ ਰਾਤਾਂ ਲੰਘਾਈਆਂ ਤਾਂ ਵੀ ਮੈਨੂੰ ਪਾਲੀ ਦੀਆਂ ਅਵਾਜ਼ਾਂ ਕਮਰੇ ਵਿਚ ਸੁਣਾਈ ਦਿੰਦੀਆਂ ਰਹੀਆਂ,' ਕੁੜੀ ਛੱਤ ਵੱਲ ਅੱਖਾਂ ਗੱਡ ਕੇ ਬੋਲੀ ਜਾ ਰਹੀ ਸੀ।

'ਚੱਲ ਜੇ ਤੇਰਾ ਵਿਆਹ ਪਾਲੀ ਨਾਲ ਕਰ ਦੇਈਏ, ਫੇਰ ਖੁਸ਼ ਐਂ?' ਮੈਂ ਪੁੱਛਿਆ।

'ਹਾਂ ਫੇਰ ਮੈਨੂੰ ਕੁਝ ਨਹੀਂ ਹੋਇਆ,' ਕੁੜੀ ਹੱਸਣ ਲੱਗ ਪਈ, ਜਿਵੇਂ ਸੱਚਮੁੱਚ ਹੀ ਉਸਨੂੰ ਪਸੰਦ ਦਾ ਲੜਕਾ ਮਿਲ ਗਿਆ ਹੋਵੇ।

'ਫੇਰ ਬਾਬਾ ਜੀ ਕਿਥੇ ਜਾਣਗੇ?' ਮੈਂ ਪੁੱਛਿਆ

'ਜਦੋਂ ਬਾਬਾ ਆਉਂਦਾ ਈ ਨਹੀਂ ਤਾਂ, ਤਾਂ ਜਾਊ ਕਿੱਥੇ?' ਲੜਕੀ ਹੱਸਣ ਲੱਗ ਪਈ।

'ਚੰਗਾ ਮੈਂ ਪਾਲੀ ਨਾਲ ਗੱਲ ਕਰਦੀ ਆਂ। ਜੇਕਰ ਉਹ ਵੀ ਤੇਰੇ ਵਾਂਗ ਸੋਚਦਾ ਹੋਇਆ ਤਾਂ ਮੈਂ ਤੁਹਾਡਾ ਵਿਆਹ ਕਰਵਾ ਦੇਵਾਂਗੀ। ਪਰ ਕਿਤੇ ਤੇਰਾ ਭਰਮ ਜਾਲ ਤਾਂ ਨਹੀਂ? ਪਾਲੀ ਮੰਨ ਜਾਵੇਗਾ?' ਮੈਂ ਪੁੱਛਿਆ।

'ਕਿਉਂ ਨਹੀਂ ਮੰਨੇਗਾ? ਆਪਣੀ ਲੋੜ ਨੂੰ ਮੰਨੇਗਾ।' ਉਸਨੇ ਇੰਜ ਚਿਹਰੇ ਤੇ ਭਾਵ ਲਿਆ ਕੇ ਦੱਸਿਆ।

ਇਤਨੀ ਦੇਰ ਨੂੰ ਮੇਰੇ ਪਤੀ ਜੋ ਉਸਦੇ ਪਤੀ ਤੋਂ ਅਲੱਗ ਕਮਰੇ ਵਿਚ ਪੁੱਛ ਗਿੱਛ ਕਰ ਰਹੇ ਸਨ, ਕਮਰੇ ਵਿਚ ਸਾਡੇ ਪਾਸ ਆਏ ਤਾਂ ਲੜਕੀ ਨੇ ਕਮੀਜ਼ ਦਾ ਵੱਡਾ ਗਲਾ

ਨੀਵਾਂ ਕਰ ਲਿਆ ਕਿ ਉਨ੍ਹਾਂ ਨੂੰ ਮੂੰਹ ਨੀਵਾਂ ਕਰਨਾ ਪਿਆ। ਮੈਂ ਲੜਕੀ ਨੂੰ ਝਿੜਕਿਆ ਤੇ ਉਹ ਕਪੜੇ ਠੀਕ ਕਰਕੇ ਚੁਪ ਚਾਪ ਬੈਠ ਗਈ। ਮੈਂ ਉਸਦੇ ਕੰਨ ਵਿਚ ਉਸਦਾ ਵਾਅਦਾ ਯਾਦ ਕਰਵਾਇਆ ਤਾਂ ਉਹ ਖੁਸ਼ ਹੋ ਗਈ ਤੇ ਮੈਂ ਉਸਨੂੰ ਬਾਹਰ ਭੇਜ ਦਿੱਤਾ। ਉਹ ਖੁਸ਼ੀ ਨਾਲ ਬਾਹਰ ਨਿਕਲੀ ਤਾਂ ਉਸਦੇ ਪੇਕੇ ਅਤੇ ਸਹੁਰੇ ਘਰ ਦੇ ਮੈਬਰਾਂ ਦੇ ਮਨਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਕਿਉਂਕਿ ਲੜਕੀ ਬੇਹੱਦ ਖੁਸ਼ ਸੀ ਤੇ ਉਨ੍ਹਾਂ ਵਿਚ ਖੁਸ਼-ਖੁਸ਼ ਜਾ ਬੈਠੀ ਸੀ।

ਉਸਦੇ ਜਾਣ ਤੋਂ ਬਾਅਦ ਮੇਰੇ ਪਤੀ ਰਾਜਿੰਦਰ ਨੇ ਮੈਨੂੰ ਪੁੱਛਿਆ, 'ਸਿਧਰੀ ਲੱਗਦੀ ਹੈ।'

'ਨਹੀਂ ਐਕਟਿੰਗ ਹੀ ਏਡੀ ਜ਼ਬਰਦਸਤ ਐ ਕਿ ਤਰਕਸ਼ੀਲਾਂ ਨੂੰ ਵੀ ਭੁਲੇਖਾ ਪਾ ਜਾਵੇ?'

ਮੈਂ ਆਖਿਆ ਤੇ ਸਾਰਾ ਮਾਮਲਾ ਸੁਣਾ ਦਿੱਤਾ।

ਹੁਣ ਉਸ ਦੇ ਦਿਓਰ ਨੂੰ ਬੁਲਾਇਆ ਗਿਆ। ਉਹ ਸਾਫ ਇਨਕਾਰੀ ਹੋ ਗਿਆ, 'ਮੈਂ ਤਾਂ ਉਸਨੂੰ ਭਰਜਾਈ ਤੋਂ ਵੱਧ ਕੁਝ ਨਹੀਂ ਸਮਝਦਾ। ਕਿਉਂਕਿ ਘਰ ਵਿਚ ਪਹਿਲੀ ਭਰਜਾਈ ਆਈ ਸੀ ਤੇ ਪਰਿਵਾਰ ਨੂੰ ਚਾਅ-ਲਾਡ ਬਹੁਤ ਸੀ ਤੇ ਇਸ ਤੋਂ ਵੱਧ ਕੁਝ ਵੀ ਨਹੀਂ। ਮੈਂ ਭਰਜਾਈ ਨਾਲ ਵਿਆਹ ਕਿਵੇਂ ਕਰਵਾ ਸਕਦੈਂ?'

ਅਖੀਰ ਦਿਓਰ-ਭਰਜਾਈ ਨੂੰ ਆਹਮਣੇ-ਸਾਹਮਣੇ ਕਰਵਾਇਆ ਗਿਆ। ਦਿਓਰ ਨੂੰ ਦੇਖਦਿਆਂ ਸਾਰ ਹੀ ਲੜਕੀ ਦੀਆਂ ਨਜ਼ਰਾਂ ਬਦਲ ਗਈਆਂ। ਉਹ ਦਿਓਰ ਵੱਲ ਨਜ਼ਰਾਂ ਗੱਡ ਕੇ ਇੰਜ ਮੁਸਕਰਾ ਰਹੀ ਸੀ ਜਿਵੇਂ ਚੰਗੀ ਕਮਰਸ਼ੀਅਲ ਫਿਲਮ ਦਾ ਰੁਮਾਂਟਿਕ ਸੀਨ ਹੋਵੇ, ਪਰ ਦਿਓਰ ਨੇ ਉਸਨੂੰ ਸਾਫ ਇਨਕਾਰ ਕਰ ਦਿੱਤਾ ਤਾਂ ਲੜਕੀ ਤੈਸ਼ ਵਿਚ ਆ ਗਈ ਤੇ ਉਸ ਨੇ ਮੁੰਡੇ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ।

'ਤੂੰ ਮੇਰੇ ਨਾਲ ਵਿਆਹ ਕਰਲੈ।'

'ਨਹੀਂ, ਇਹ ਕਿਵੇਂ ਹੋ ਸਕਦੈ।' ਲੜਕਾ ਹੈਰਾਨ ਸੀ।

'ਕਿਉਂ ਨਹੀਂ ਹੋ ਸਕਦਾ, ਮੈਂ ਤੇਰਾ ਵਿਆਹ ਨਹੀਂ ਹੋਣ ਦਿਆਂਗੀ।'

'ਮੈਂ ਤੇਰੀ ਖਾਤਰ ਗਟਰ ਦਾ ਪਾਣੀ ਪੀਤਾ,' ਫੇਰ ਉਹ ਇਕ ਦਮ ਉਦਾਸ ਹੋ ਗਈ। ਲੜਕੇ ਨੇ ਨੀਵੀਂ ਪਾ ਲਈ।

'ਹੈਂ, ਗਟਰ ਦਾ ਕੀ ਮਾਮਲਾ ਹੈ? ' ਰਾਜਿੰਦਰ ਨੇ ਪੁੱਛਿਆ।

'ਇਕ ਦਿਨ ਇਸਨੇ ਸ਼ਰਤ ਲਾ ਕੇ ਮੈਨੂੰ ਗਟਰ ਦਾ ਪਾਣੀ ਪਿਆਇਆ।' ਕੁੜੀ ਰੋਸਾ ਕਰ ਰਹੀ ਸੀ।

'ਕਿਵੇਂ, ਇਹ ਸਭ ਖੁੱਲ ਕੇ ਦੱਸ,' ਮੈਂ ਲੜਕੀ ਨੂੰ ਹੱਲਾਸ਼ੇਰੀ ਦਿੱਤੀ।

'ਇਹ ਮੈਨੂੰ ਹਰ ਰੋਜ਼ ਦਵਾਈਆਂ ਦਿੰਦੈ, ਡਾਕਟਰ ਐ। ਮੇਰੇ ਮੱਥੇ ਮਾਲਸ਼ ਕਰਦੈ, ਦਵਾਈ ਲਾ ਕੇ, ਲੱਤਾਂ ਘੁਟਦੈ, ਬਾਹਰੋਂ ਆ ਕੇ ਹੱਥ ਮਿਲਾਉਂਦੈ, ਸਿਆਣੇ ਦੇ ਵੀ ਨਹੀਂ

ਲਿਜਾਣ ਦਿੰਦਾ। ਮੇਰੇ ਜੋ ਜਖਮ ਸਿਆਣੇ ਨੇ ਕੀਤੇ ਉਨ੍ਹਾਂ ਲਈ ਵੀ ਦਵਾਈ ਦਿੱਤੀ। ਇਕ ਦਿਨ ਇਹ ਆਪਣੇ ਦੋਸਤ ਨਾਲ ਘਰ ਆਇਆ ਤਾਂ ਇਸ ਨੇ ਸ਼ਰਤ ਲਾਈ ਕਿ ਜੀਤ ਜੇ ਤੂੰ ਮੇਰੀ ਐਂ ਤਾਂ ਗਟਰ ਦਾ ਪਾਣੀ ਪੀਏਂਗੀ। ਮੈਂ ਸੁਣਦਿਆਂ ਸਾਰ ਹੀ ਗਟਰ ਦਾ ਪਾਣੀ ਪੀ ਲਿਆ।' ਇਹ ਆਖਦਿਆਂ ਲੜਕੀ ਕੁਰਸੀ ਦੀ ਢੋਅ ਨਾਲ ਬੇਹੋਸ਼ਾਂ ਵਾਂਗ ਬੈਠ ਗਈ ਤੇ ਕੰਬਣ ਲੱਗੀ।

ਦਰਅਸਲ ਗੱਲ ਤਾਂ ਇਹ ਸੀ ਕਿ ਘਰ ਵਿਚ ਲੜਕੀ ਕੋਈ ਨਹੀਂ ਸੀ। ਚਾਰ ਭਰਾਵਾਂ ਵਿਚ ਵੱਡਾ ਵਿਆਹਿਐ ਤਾਂ ਭਰਜਾਈ ਦਾ ਚਾਅ ਹੋਣਾ ਕੁਦਰਤੀ ਸੀ, ਪਰ ਛੋਟਾ ਪਾਲੀ ਜੋ ਸ਼ਰਾਰਤੀ ਸੀ ਅਤੇ ਕਿੱਤੇ ਵਜੋਂ ਆਰ. ਐਮ. ਪੀ. ਡਾਕਟਰ ਸੀ, ਚੰਚਲ ਸੁਭਾਅ ਦਾ ਮਾਲਕ ਸੀ। ਭਰਾ ਦੇ ਮੰਗਣੇ ਮਗਰੋਂ ਚਾਅ ਨਾਲ ਭਰਜਾਈ ਦੇ ਪੇਕੇ ਗੇੜੇ ਕੱਢ ਆਇਆ ਤੇ ਭਰਜਾਈ ਆਸ਼ਕ ਹੋ ਗਈ। ਵਿਆਹ ਤੋਂ ਬਾਅਦ ਭਰਜਾਈ ਨਾਲ ਦਿਓਰਾਂ ਵਾਲੀਆਂ ਸ਼ਰਾਰਤਾਂ, ਮਜ਼ਾਕ ਸ਼ੁਰੂ ਹੋ ਗਏ ਪਰ ਉਹ ਪੇਂਡੂ ਅਣਭੋਲ ਇਨ੍ਹਾਂ ਨੂੰ ਸੱਚ ਸਮਝਦਿਆਂ ਪਤੀ ਵੱਲੋਂ ਬੇਮੁੱਖ ਹੋਈ ਪਾਲੀ ਵੱਲ ਝੁੱਕ ਗਈ ਤੇ ਅਖੀਰ ਮਾਨਸਿਕ ਰੋਗੀ ਬਣ ਗਈ। ਜਿਵੇਂ ਆਖਦੇ ਨੇ ਚਿੜੀਆਂ ਦੀ ਮੌਤ-ਗਵਾਰਾਂ ਦਾ ਹਾਸਾ........ ਖੈਰ ਅਸੀਂ ਸਮਝਾ ਬੁਝਾ ਕੇ ਇਕ ਵਾਰ ਟਿਕ ਟਕਾਅ ਕਰ ਦਿੱਤਾ। ਪਰ ਇਹ ਕੋਈ ਪੱਕਾ ਹੱਲ ਨਹੀਂ ਸਗੋਂ ਵਕਤੀ ਹੈ। ਪੱਕੇ ਹੱਲ ਲਈ ਤਾਂ ਵੱਡੀ ਪਰਿਵਾਰਕ ਉਥਲ-ਪੁਥਲ ਹੋਵੇਗੀ, ਜਿਸ ਲਈ ਉਹ ਦੋਵੇਂ ਪਰਿਵਾਰ ਇਛੁਕ ਵੀ ਨਹੀਂ ਹੋਣਗੇ।

***

ਮੈਂ ਨਹੀਂ ਜਾਣਾ ਪਾਗਲ ਦੇ ਨਾਲ

ਇਕ ਵਾਰ ਇਕ 15 ਕੁ ਸਾਲ ਦੀ ਲੜਕੀ ਨੂੰ ਸਾਡੇ ਘਰ ਲਿਆਂਦਾ ਗਿਆ। ਉਸ ਦੇ ਕੱਪੜੇ ਕੱਟੇ ਜਾਂਦੇ ਸਨ, ਸਿਰ ਤੇ ਲਈ ਚੁੰਨੀ ਲੀਰਾਂ ਹੋ ਜਾਂਦੀ ਸੀ ਤੇ ਫੇਰ, ਉਸਨੂੰ ਦੌਰਾ ਪੈ ਜਾਂਦਾ ਸੀ।

ਲੜਕੀ ਦੀ ਮਾਂ ਨਹੀਂ ਸੀ, ਸਿਰਫ ਬਾਪ ਸੀ। ਵੱਡੀ ਭੈਣ ਵਿਆਹੀ ਹੋਈ ਸੀ ਤੇ ਭੈਣ ਦੇ ਦਿਓਰ ਨਾਲ ਲੜਕੀ ਮੰਗੀ ਹੋਈ ਸੀ।

ਅਸੀਂ ਲੜਕੀ ਦੀ ਵੱਡੀ ਭੈਣ ਤੇ ਉਸਦੇ ਜੀਜੇ ਨੂੰ ਨਾਲ ਵਾਲੇ ਕਮਰੇ ਵਿਚ ਭੇਜ ਕੇ ਉਸ ਨੂੰ ਹਿਪਨੋਟਾਈਜ਼ ਕਰਨ ਦਾ ਯਤਨ ਕੀਤਾ ਪਰ ਲੜਕੀ ਨੀਂਦ ਨੂੰ ਟਾਲਣ ਲਈ ਪੂਰਾ ਜ਼ੋਰ ਲਾ ਰਹੀ ਸੀ ਤੇ ਉਸ ਨੂੰ ਜਦੋਂ ਹੀ ਨੀਂਦ ਦੀ ਲੋਰ ਆਉਂਦੀ ਉਹ ਅੱਖਾਂ ਝਪਕ ਲੈਂਦੀ। ਮੈਂ ਉਸ ਨੂੰ ਅੱਖਾਂ ਨਾ ਝਪਕਣ ਦੀ ਸਖਤ ਤਾੜਨਾ ਕੀਤੀ ਤਾਂ ਉਸ ਸਹਿਮੀ ਹੋਈ ਲੜਕੀ ਨੇ ਅੱਖਾਂ ਤਾਂ ਨਾ ਝਪਕੀਆਂ ਪਰ ਉਸ ਦੀਆਂ ਅੱਖਾਂ ਵਿਚੋਂ ਪਾਣੀ ਡਿੱਗਣ ਲੱਗ ਪਿਆ। ਹੁਣ ਮੈਂ ਉਸ ਤੇ ਹੋਰ ਸਮਾਂ ਗੁਆਉਣਾ ਵਿਅਰਥ ਸਮਝਿਆ। ਮੈਨੂੰ ਪਤਾ ਸੀ ਕਿ ਲੜਕੀ ਹੀ ਮਾਨਸਿਕ ਰੋਗੀ ਹੈ। ਕਿਉਂਕਿ ਘਰ ਵਿਚ ਸਿਰਫ ਬਾਪ-ਬੇਟੀ ਹਨ ਤੇ ਕੱਪੜੇ ਲੜਕੀ ਦੇ ਹੀ ਕੱਟੇ ਜਾਂਦੇ ਸਨ। ਹੈਰਾਨੀ ਦੀ ਗੱਲ ਤਾਂ ਇਹ ਸੀ ਕਿ ਸ਼ਗਨਾਂ ਦੀ ਲਾਲ ਚੁੰਨੀ ਲੀਰਾਂ ਹੋ ਚੁੱਕੀ ਸੀ।

ਸੋ ਮੈਂ ਉਸ ਨੂੰ ਸਿੱਧੀ ਤਰ੍ਹਾਂ ਮਨਾਉਣਾ ਸ਼ੁਰੂ ਕੀਤਾ ਕਿ ਦੇਖ ਜੋ ਤੇਰੀ ਸਮੱਸਿਆ ਹੈ ਮੈਨੂੰ ਦੱਸ ਦੇ ਵਰਨਾ ਮੈਂ ਦੂਜਾ ਢੰਗ ਵਰਤ ਲਵਾਂਗੀ। ਪਰ ਲੜਕੀ ਬਿਲਕੁਲ ਹੀ ਬੋਲ ਨਹੀਂ ਰਹੀ ਸੀ। ਲੜਕੀ ਨੂੰ ਉਥੇ ਬਿਠਾ ਕੇ ਗੁਆਂਢ ਵਿਚੋਂ ਚੰਗੇ ਹੱਟੇ-ਕੱਟੇ ਨੌਜਵਾਨ ਨੂੰ ਲੰਮਾ ਸਫੈਦ ਕਮੀਜ਼ ਪਾ ਕੇ ਉਸ ਦੇ ਕਮਰੇ ਵਿਚੋਂ ਲੰਘਣ ਲਈ ਆਖਿਆ ਤੇ ਲੜਕਾ ਉਸ ਲੜਕੀ ਵਾਲੇ ਕਮਰੇ ਵਿਚੋਂ ਦੰਮ-ਦੰਮ ਕਰਕੇ ਇਕ ਚੱਕਰ ਲਗਾ ਕੇ ਵਾਪਿਸ ਚਲਾ ਗਿਆ।

ਮੈਂ ਲੜਕੀ ਵੱਲ ਦੇਖਦਿਆਂ ਪੁੱਛਿਆ 'ਕੁੱਝ ਸਮਝ ਪਈ?'

ਲੜਕੀ ਕੁਝ ਨਾ ਬੋਲੀ ਤੇ ਬਿੱਟ ਬਿੱਟ ਤੱਕਦੀ ਰਹੀ।

'ਇਹ ਸਾਡਾ ਚੇਲਾ ਹੈ। ਇਹ ਹੁਣ ਆਪਣਾ ਚਿਮਟਾ ਲੈਣ ਗਿਆ ਹੈ। ਮੈਂ ਇਸਨੂੰ ਤੇਰੇ ਲਈ ਬੁਲਾਇਆ ਹੈ ਤਾਂ ਕਿ ਤੇਰੀ ਮੁਰੰਮਤ ਕਰ ਸਕੇ।' ਆਖ ਮੈਂ ਚੁੱਪ ਹੋ ਗਈ।

'ਨਹੀਂ-ਨਹੀਂ' ਕੁੜੀ ਘਬਰਾ ਕੇ ਬੋਲ ਉੱਠੀ।

'ਤਾਂ ਫੇਰ ਦੱਸ ਇਹ ਸਭ ਕੌਣ ਕਰਦਾ ਹੈ?' ਮੈਂ ਪੁੱਛਿਆ ।

'ਮੈਂ' ਕੁੜੀ ਬੋਲੀ ।

'ਕਿਉਂ?' ਮੈਂ ਸਵਾਲ ਕੀਤਾ।

ਕੁੜੀ ਰੋਣ ਲੱਗ ਪਈ।

'ਦੇਖ ਮੈਂ ਤੇਰੀ ਦੁਸ਼ਮਣ ਨਹੀਂ। ਮੈਂ ਤੇਰੀ ਹਰ ਮਦਦ ਕਰਾਂਗੀ ਤੇ ਆਪਣੇ ਵਿਚ ਹੋਈ ਗੱਲ ਤੇਰੀ ਭੈਣ ਤੇ ਜੀਜੇ ਨੂੰ ਨਹੀਂ ਦੱਸਾਂਗੀ। ਦੱਸ ਤੈਨੂੰ ਤੇਰਾ ਮੰਗੇਤਰ ਚੰਗਾ ਨਹੀਂ ਲੱਗਦਾ?' ਮੈਂ ਪੁਛਿਆ

ਕੁੜੀ ਨੇ ਹਾਂ ਵਿਚ ਸਿਰ ਹਿਲਾਇਆ।

'ਪਰ ਤੁਹਾਨੂੰ ਕੀ ਪਤੈ?' ਉਸਨੇ ਮੈਨੂੰ ਉਲਟਾ ਸਵਾਲ ਕੀਤਾ।

'ਬਾਬੇ ਜਾਣੀ ਜਾਣ ਨੇ ਬੱਚਾ।' ਆਖ ਮੈਂ ਹੱਸ ਪਈ।

'ਕਮਲੀਏ? ਸ਼ਗਨਾਂ ਦੀ ਚੁੰਨੀ ਪਾੜਨਾ ਤੇ ਗੋਟਾ ਪਾੜਨਾ ਐਸੀ ਹਰਕਤ ਹੈ ਜੋ ਤੇਰੀ ਨਫਰਤ ਵੱਲ ਸੰਕੇਤ ਕਰਦੇ ਨੇ। ਪਰ ਤੂੰ ਇਹ ਦੱਸ ਉਹ ਤੈਨੂੰ ਚੰਗਾ ਕਿਉਂ ਨਹੀ ਲੱਗਦਾ। ਕੀ ਤੂੰ ਕਿਸੇ ਹੋਰ ਨਾਲ ਵਿਆਹ ਕਰਾਉਣਾ ਚਾਹੁੰਦੀ ਐ?' ਮੈਂ ਪੁੱਛਿਆ।

'ਰਾਮ-ਰਾਮ ਭੈਣ ਜੀ,ਮੇਰੀ ਭੈਣ ਵਿਆਹੀ ਨੂੰ 8 ਸਾਲ ਹੋ ਗਏ ਨੇ ਤੇ ਉਹ ਸਾਲ ਮਗਰੋਂ ਹੀ ਮੇਰਾ ਸਾਕ ਲੈ ਗਈ ਸੀ। ਪਹਿਲਾਂ ਤਾਂ ਮੈਨੂੰ ਪਤਾ ਨਹੀਂ ਸੀ ਪਰ ਹੁਣ ਮੈਨੂੰ ਪਤਾ ਲੱਗਿਆ ਕਿ ਉਹ ਪਾਗਲ ਐ?' ਕੁੜੀ ਬੋਲੀ।

'ਤੂੰ ਕਦੇ ਭੈਣ ਨੂੰ ਪੁਛਿਐ, ਇਸ ਬਾਰੇ?'

'ਉਹ ਕਿਉਂ ਦੱਸੂਗੀ - ਉਹ ਤਾਂ ਸਗੋਂ ਚੋਰੀ ਚੋਰੀ ਡਾਕਟਰਾਂ ਦੇ ਲਈ ਫਿਰਦੇ ਨੇ ਪਰ ਮੈਨੂੰ ਸਭ ਪਤਾ ਲੱਗ ਚੁੱਕਾ। ਭਲਾ ਜੇ ਮੇਰੀ ਮਾਂ ਹੁੰਦੀ ਉਹ ਮੈਨੂੰ ਕਮਲੇ ਨਾਲ ਤੋਰ ਦਿੰਦੀ?' ਕੁੜੀ ਬੋਲੀ।

ਸਮੱਸਿਆ ਦਾ ਸੂਤਰ ਹੱਥ ਲੱਗ ਚੁੱਕਾ ਸੀ ਤੇ ਹੁਣ ਸਿਰਫ ਇਲਾਜ ਬਾਕੀ ਸੀ। ਮੈਨੂੰ ਲੜਕੀ ਨਾਲ ਬੇਹੱਦ ਹਮਦਰਦੀ ਹੋਈ। ਮੈਂ ਉਸਨੂੰ ਸਮਝਾਇਆ ਜੇ ਤੇਰਾ ਰਿਸ਼ਤਾ ਤੁੜਵਾ ਦੇਈਏ ਤਾਂ ਸਮੱਸਿਆ ਹੱਲ ਹੋ ਸਕਦੀ ਹੈ। ਇਹ ਸੁਣਦੇ ਸਾਰ ਕੁੜੀ ਖੁਸ਼ ਹੋ ਗਈ ਤੇ ਆਖਣ ਲੱਗੀ ਫੇਰ ਮੈਂ ਤੁਹਾਡੀ ਹਰ ਗੱਲ ਮੰਨਾਂਗੀ, ਪਰ ਬਾਪੂ ਜੀਜੇ ਦੀ ਗੱਲ ਨਹੀਂ ਮੋੜ ਸਕਦੀ।' ਕੁੜੀ ਨੇ ਦੱਸਿਆ।

'ਹਾਂ ਹੋ ਸਕਦੇ ਤੇਰੀ ਭੈਣ ਤੇ ਪਿਓ ਦੋਵੇਂ ਇਹ ਰਿਸ਼ਤਾ ਨਾ ਕਰਨਾ ਚਾਹੁੰਦੇ ਹੋਣ ਤੇ ਜੀਜੇ ਦੇ ਦਬਾਅ ਹੇਠ ਹੋਇਆ ਹੋਵੇ। ਤੂੰ ਇਹ ਗੱਲ ਮੇਰੇ ਉਪਰ ਛੱਡ ਪਰ ਅੱਜ ਤੋਂ ਬਾਅਦ ਤੂੰ ਕੋਈ ਘਟਨਾ ਨਹੀਂ ਕਰਨੀ ਕਿਉਂਕਿ ਵਿਰੋਧ ਕਰਨ ਦਾ ਇਹ ਕੋਈ ਢੰਗ ਨਹੀਂ।' ਮੈਂ ਉਸ ਨੂੰ ਸਮਝਾਇਆ।

ਇਸ ਤੋਂ ਬਾਅਦ ਅਸੀਂ ਲੜਕੀ ਦੀ ਭੈਣ ਨਾਲ ਗੱਲ ਕੀਤੀ ਤਾਂ ਉਸਨੇ

ਮੰਨਿਆ ਕਿ ਲੜਕਾ ਪਾਗਲ ਹੈ। ਉਹ ਰਿਸ਼ਤਾ ਕਰਾਉਣਾ ਨਹੀਂ ਚਾਹੁੰਦੀ ਸੀ ਪਰ ਘਰਵਾਲੇ ਦੇ ਦਬਾਅ ਹੇਠ ਇਹ ਸਭ ਕੁਝ ਕੀਤਾ ਤੇ ਬਾਪ ਨੇ ਵੱਡੀ ਨੂੰ ਵਸਾਉਣ ਲਈ ਛੋਟੀ ਨੂੰ ਵੀ ਬਲੀ ਦਾ ਬੱਕਰਾ ਬਣਾਉਣਾ ਸਵੀਕਾਰ ਕਰ ਲਿਆ। ਸੋ ਲੜਕੀ ਦੇ ਬਾਪ ਨੂੰ ਸਮਝਾ ਦਿੱਤਾ ਤਾਂ ਉਸਨੇ ਰਿਸ਼ਤੇ ਤੋਂ ਜਵਾਬ ਦੇ ਦਿੱਤਾ।

ਇਕ ਮਹੀਨੇ ਬਾਅਦ ਸਾਡੇ ਘਰ ਉਸਦੀ ਭੈਣ ਤੇ ਜੀਜਾ ਮੂੰਗਫਲੀ ਦਾ ਝੋਲਾ ਭਰ ਕੇ ਲਿਆਏ ਤੇ ਦੱਸਿਆ ਕਿ ਲੜਕੀ ਬਿਲਕੁਲ ਠੀਕ ਹੈ। ਘਰ ਦਾ ਸਾਰਾ ਕੰਮ ਕਰਦੀ ਹੈ। ਅਸੀਂ ਉਹਨਾਂ ਨੂੰ ਮੂੰਗਫਲੀ ਵਾਪਸ ਲਿਜਾਣ ਲਈ ਕਿਹਾ ਤਾਂ ਉਨ੍ਹਾਂ ਨੇ ਕਿਹਾ ਕਿ ਅੱਗੇ ਤੋਂ ਇਹ ਗਲਤੀ ਨਹੀਂ ਕਰਦੇ ਪਰ ਹੁਣ ਸਾਡਾ ਮਾਣ ਰੱਖ ਲਓ। ਜੀਜੇ ਨੇ ਵੀ ਖੁਸ਼ ਹੋ ਕੇ ਦੱਸਿਆ 'ਲੜਕੀ ਠੀਕ ਹੈ ਜੀ। ਰਿਸ਼ਤਾ ਭਾਵੇਂ ਟੁੱਟ ਗਿਆ ਪਰ ਹੁਣ ਸਾਨੂੰ ਸਮਝ ਆ ਗਈ। ਪਰ ਹੁਣ ਤੁਸੀਂ ਮੇਰੇ ਭਾਈ ਦਾ ਇਲਾਜ ਵੀ ਕਰਿਓ ਅਸੀਂ ਤੁਹਾਡਾ ਅਹਿਸਾਨ ਨਹੀਂ ਭੁਲਾਂਗੇ,' ਉਸਨੇ ਹੱਥ ਜੋੜੇ।

ਅਸੀਂ ਉਸਨੂੰ ਸਮਝਾਇਆ ਕਿ ਉਸਦਾ ਇਲਾਜ ਤਾਂ ਡਾਕਟਰਾਂ ਪਾਸ ਹੈ। ਅਸੀਂ ਉਸ ਨੂੰ ਆਪਣੇ ਵਾਕਫ ਡਾਕਟਰ ਦਾ ਪਤਾ ਵੀ ਦਿੱਤਾ ਤਾਂ ਕਿ ਉਹ ਠੀਕ ਇਲਾਜ ਕਰਵਾ ਸਕਣ। ਉਹ ਧੰਨਵਾਦ ਕਰਕੇ ਖੁਸ਼ੀ ਖੁਸ਼ੀ ਚਲੇ ਗਏ।

***

ਕਿਹੜਾ ਦਰਦ ਸੁਣੇ

ਪਟਿਆਲਾ ਇਕਾਈ ਦਾ ਸਕੱਤਰ ਰਾਮ ਕੁਮਾਰ ਤੇ ਉਸਦੀ ਪਤਨੀ ਸਨੇਹ ਲਤਾ ਇਕ 12-13 ਸਾਲ ਦੀ ਲੜਕੀ ਨੂੰ ਸਾਡੇ ਘਰ ਲੈ ਕੇ ਆਏ। ਲੜਕੀ ਦੇ ਨਾਲ ਉਸ ਦਾ ਬਾਪ ਸੀ ਜੋ ਕਿ ਸੈਂਟਰ ਦੇ ਮਹਿਕਮੇ ਵਿਚ ਨੌਕਰੀ ਕਰਦਾ ਸੀ। ਲੜਕੀ ਦੇ ਬਾਪ ਨੇ ਦੱਸਿਆ ਕਿ ਲੜਕੀ ਕਿਸੇ ਨਾਲ ਸਿੱਧੇ ਮੂੰਹ ਗੱਲ ਨਹੀਂ ਕਰਦੀ। ਉਂਜ ਤਾਂ ਬੋਲਦੀ ਹੀ ਨਹੀਂ ਤੇ ਜੇਕਰ ਬੋਲਦੀ ਹੈ ਤਾਂ ਮਾਂ-ਪਿਓ ਦੀ ਬੇਇਜ਼ਤੀ ਕਰਦੀ ਹੈ। ਛੋਟੀਆਂ ਕਲਾਸਾਂ ਵਿਚ ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ ਪਰ ਹੁਣ ਕੁੱਝ ਸਾਲਾਂ ਤੋਂ ਬਿਲਕੁਲ ਨਲਾਇਕ ਹੋ ਚੁੱਕੀ ਹੈ। ਬਾਪ ਬਿਲਕੁਲ ਅੱਕਿਆ ਲੱਗਦਾ ਸੀ। ਉਸਨੇ ਇਹ ਵੀ ਦੱਸਿਆ ਕਿ ਕਈ ਵਾਰ ਲੜਕੀ ਸ਼ਰਾਬ ਦੀ ਮੰਗ ਕਰਦੀ ਹੈ ਖਾਸ ਕਰ ਜਦੋਂ ਬਾਪ ਪੀ ਰਿਹਾ ਹੋਵੇ। ਮਾਰ-ਕੁਟਾਈ ਕਰਕੇ ਹੰਭ ਚੁੱਕੇ ਸੀ। ਲੜਕੀ ਬਿਲਕੁਲ ਢੀਠ ਬਣ ਚੁੱਕੀ ਸੀ।

ਮੈਂ ਲੜਕੀ ਨੂੰ ਅਲੱਗ ਕਮਰੇ ਵਿਚ ਲੈ ਗਈ। ਲੜਕੀ ਹਿੰਦੀ ਬੋਲਦੀ ਸੀ, ਕਿਉਂਕਿ ਪੰਜਾਬ 'ਚੋਂ ਪਿਓ ਦੀ ਬਦਲੀ ਹੋਣ ਤੋਂ ਪਹਿਲਾਂ ਉਹ ਲੰਮਾਂ ਸਮਾਂ ਮੇਰਠ ਵਿਖੇ ਹੀ ਰਹੇ ਤੇ ਉਥੇ ਹੀ ਲੜਕੀ ਪੜ੍ਹਦੀ ਸੀ। ਮੈਂ ਪਿਆਰ ਨਾਲ ਚੇਤਨ ਪੱਧਰ ਤੇ ਹੀ ਲੜਕੀ ਨੂੰ ਮਨਾਉਣਾ ਸ਼ੁਰੂ ਕੀਤਾ ਕਿ ਮਾਮਲਾ ਕੀ ਹੈ ? ਲੜਕੀ ਬੜੀ ਬੋਲੜ ਸੀ। ਉਸਨੇ ਲੂੰਅ ਕੰਡੇ ਖੜੇ ਕਰ ਦੇਣ ਵਾਲੀ ਘਟਨਾ ਸੁਣਾਈ ਕਿ ਮੇਰਠ ਵਿਖੇ ਉਹ ਸਕੂਲ ਤੋਂ ਘਰ ਵਾਪਸ ਸਾਈਕਲ ਤੇ ਆ ਰਹੀ ਸੀ ਤਾਂ ਕੁਝ ਮੁੰਡਿਆਂ ਨੇ ਚਾਕੂ ਦੀ ਨੋਕ ਤੇ ਉਸਨੂੰ ਅਗਵਾ ਕਰ ਲਿਆ ਤੇ ਇਕ ਹੋਟਲ ਵਿਚ ਲੈ ਗਏ। ਉਸੇ ਹੋਟਲ ਵਿਚ ਉਸਦੇ ਸਕੂਲ ਦੀ ਟੀਚਰ ਵੀ ਇਹ ਵੇਖ ਰਹੀ ਸੀ। ਉਸਨੇ ਮਾਮਲੇ ਦੀ ਨਜ਼ਾਕਤ ਨੂੰ ਸਮਝਣ ਦੀ ਥਾਂ ਪੁਲਿਸ ਨੂੰ ਫੋਨ ਕਰ ਦਿੱਤਾ। ਪੁਲਿਸ ਮੁੰਡਿਆਂ ਸਮੇਤ ਲੜਕੀ ਨੂੰ ਠਾਣੇ ਲੈ ਗਈ। ਲੜਕੀ ਦੇ ਮਾਂ-ਪਿਉ ਨੂੰ ਠਾਣੇ ਸੱਦ ਕੇ ਜ਼ਲੀਲ ਕੀਤਾ ਗਿਆ। ਮਾਂ-ਪਿਉ ਲੜਕੀ ਤੋਂ ਸੱਚਾਈ ਪੁੱਛਣ ਦੀ ਥਾਂ ਉਸ ਨੂੰ ਬਦਚਲਣ ਸਮਝ ਰਹੇ ਸਨ ਜੋ ਹੋਟਲਾਂ ਵਿਚ ਮੁਸ਼ਟੰਡਿਆਂ ਨਾਲ ਤੁਰ ਫਿਰ ਰਹੀ ਸੀ। ਕੁੜੀ ਨੂੰ ਸਕੂਲੋਂ ਕੱਢ ਦਿੱਤਾ ਗਿਆ। ਬਾਪ ਦਾ ਆਲੇ ਦੁਆਲੇ ਵਿਚ ਰਹਿਣਾ ਮੁਸ਼ਕਿਲ ਹੋ ਗਿਆ। ਅਖੀਰ ਬਦਨਾਮੀ ਤੋਂ ਖਹਿੜਾ ਛਡਾਉਣ ਲਈ ਉਸਨੇ ਪੰਜਾਬ ਵਿਚ ਬਦਲੀ ਕਰਵਾ ਲਈ ਤੇ ਪਟਿਆਲੇ ਦੇ ਕਿਸੇ ਪ੍ਰਾਈਵੇਟ

ਸਕੂਲ ਵਿਚ ਬੱਚਿਆਂ ਨੂੰ ਦਾਖਲ ਕਰਵਾਇਆ ਗਿਆ।

ਇਕ ਵਾਰ ਸਮੱਸਿਆ ਤੋਂ ਖਹਿੜਾ ਛੁੱਟ ਗਿਆ ਪਰ ਸਾਰਾ ਪਰਿਵਾਰ ਲੜਕੀ ਨੂੰ ਇਹ ਸਭ ਕੁਝ ਲਈ ਜ਼ਿੰਮੇਵਾਰ ਸਮਝ ਕੇ ਕੋਸਦਾ। ਉਹ ਮਨ ਮਾਰ ਕੇ ਬਰਦਾਸ਼ਤ ਕਰਦੀ, ਸਿਸਕੀਆਂ ਭਰਦੀ ਤੇ ਉਦਾਸ ਰਹਿਣ ਲੱਗ ਪਈ। ਅਖੀਰ ਬਾਪ ਵੱਲੋਂ ਵਾਰ-ਵਾਰ ਵਰਤੇ ਜਾਂਦੇ ਸ਼ਬਦ 'ਮਾੜੀ', 'ਬਦਚਲਣ' ਸੁਣ ਸੁਣ ਕੇ ਉਸਦੇ ਮਨ ਵਿਚ ਵਿਦਰੋਹ ਪੈਦਾ ਹੋ ਗਿਆ ਤੇ ਉਸਨੇ ਮਾਂ-ਬਾਪ ਦੀ ਬੇਜ਼ਤੀ ਕਰਨੀ ਸ਼ੁਰੂ ਕਰ ਦਿੱਤੀ। ਆਖਰ ਬੱਚੀ ਕਰਦੀ ਵੀ ਕੀ? ਇਕ ਪਾਸੇ ਘਰ ਵਿਚ ਹਰ ਸਮੇਂ ਹੁੰਦੀ ਦੁਰਦਸ਼ਾ ਤੇ ਦੂਜੇ ਪਾਸੇ ਉਸਦੇ ਹਮ ਉਮਰ ਇਕ ਰਿਸ਼ਤੇਹਾਰ ਲੜਕੇ ਦਾ ਆਉਣਾ ਜਾਣ ਹੋ ਗਿਆ ਜੋ ਉਸ ਨਾਲ ਚੋਰੀ ਛਿਪੇ ਹਮਦਰਦੀ ਕਰਦਾ। ਉਸਦੀ ਹਮਦਰਦੀ ਉਸ ਦੇ ਜ਼ਖਮਾਂ ਤੇ ਮਲ੍ਹਮ ਬਣ ਕੇ ਲੱਗਦੀ ਤੇ ਲੜਕੀ ਨੇ ਟੇਪਰਿਕਾਰਡਰ ਤੇ ਪਿਆਰ ਭਰੇ ਫਿਲਮੀ ਗੀਤ ਸੁਣਨੇ ਸ਼ੁਰੂ ਕਰ ਦਿੱਤੇ। ਮਾਂ-ਪਿਉ ਨੇ ਹੋਰ ਤੰਗ ਕਰਨਾ ਸ਼ੁਰੂ ਕਰ ਦਿੱਤਾ ਕਿ ਹੁਣ ਕੋਈ ਹੋਰ ਚੰਦ ਚਾੜ੍ਹੇਗੀ। ਸਕੂਲ ਤੋਂ ਘਰ ਤੱਕ ਪਹਿਰੇ ਲੱਗ ਗਏ।

ਮੈਂ ਉਸਨੂੰ ਸਮਝਾਇਆ ਕਿ ਇਸ ਸੰਕਟ ਦੇ ਸਮੇਂ ਮੈਂ ਉਸਦੀ ਮਦਦ ਕਰਾਂਗੀ। ਤਾਂ ਲੜਕੀ ਨੇ ਕਿਹਾ "ਇਸ ਦਾ ਕੋਈ ਫਾਇਦਾ ਨਹੀ ਹੋਣ ਲੱਗਿਆ, ਮੇਰਾ ਬਾਪ ਮੈਨੂੰ ਬਦਚਲਣ ਸਮਝਦਾ ਹੈ ਤੇ ਮੈਨੂੰ ਹਰ ਸਮੇਂ 'ਮਾੜੀ' ਆਖਦਾ ਹੈ।

ਮੈਨੂੰ ਬਾਪ ਦੇ ਇਸ ਵਤੀਰੇ ਤੇ ਬਹੁਤ ਗੁੱਸਾ ਆਇਆ ਤੇ ਅਖੀਰ ਮੈਂ ਲੜਕੀ ਤੋਂ ਸਿਆਣੀ ਬਣ ਕੇ ਪੜ੍ਹਨ ਦਾ ਵਾਅਦਾ ਲੈ ਕੇ ਬਾਪ ਨਾਲ ਗੱਲਬਾਤ ਸ਼ੁਰੂ ਕੀਤੀ। ਮੈਂ ਉਸ ਨੂੰ ਸਮਝਾਇਆ ਕਿ ਲੜਕੀ ਦਾ ਕੇਸ ਵਿਗਾੜਨ ਲਈ ਉਹ ਖੁਦ ਜ਼ਿੰਮੇਵਾਰ ਹਨ ਤਾਂ ਉਹ ਭੜਕ ਪਿਆ ਤੇ ਮੈਨੂੰ ਲੜਕੀ ਦੀ ਇਹ ਗੱਲ ਸੱਚ ਜਾਪੀ ਕਿ ਇਸ ਦਾ ਕੋਈ ਫਾਇਦਾ ਨਹੀ। ਅਸੀਂ ਮੈਂ, ਰਾਜਿੰਦਰ, ਰਾਮ ਕੁਮਾਰ ਤੇ ਸਨੇਹ ਉਸਨੂੰ ਇਕੱਠੇ ਟੁੱਟ ਕੇ ਪੈ ਗਏ।

"ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਤੁਸੀ ਆਪਣੀ ਬੇਟੀ ਨੂੰ ਬਦਚਲਣ ਆਖਦੇ ਹੋ। ਤੁਸੀ ਬੇਕਸੂਰ ਬੱਚੀ ਨੂੰ ਸਮਾਜ ਦੇ ਨਾਲ ਰਲ ਕੇ ਸਜ਼ਾ ਦੇ ਰਹੇ ਹੋ। ਤੁਹਾਨੂੰ ਬੇਇਜ਼ਤੀ ਮਹਿਸੂਸ ਹੁੰਦੀ ਹੈ ਤਾਂ ਮੈਂ ਲੜਕੀ ਨੂੰ ਆਪਣੇ ਘਰ ਰੱਖ ਲਵਾਂਗੀ ਤੇ ਚਲੇ ਜਾਓ ਏਥੋਂ ਨਾਲੇ ਤੁਹਾਨੂੰ ਬਦਨਾਮੀ ਦਾ ਡਰ ਨਹੀਂ ਰਹੇਗਾ। ਮੈਂ ਲੜਕੀ ਨੂੰ ਆਪੇ ਪੜ੍ਹਾ ਲਿਖਾ ਲਵਾਂਗੀ ਤੇ ਮੇਰਾ ਵਿਸ਼ਵਾਸ ਹੈ ਕਿ ਉਹ ਬਹੁਤ ਸਿਆਣੀ ਬਣ ਕੇ ਪੜ੍ਹੇਗੀ।"

ਇਸ ਨਾਲ ਬਾਪ ਕੁੱਝ ਢਿੱਲਾ ਪੈ ਗਿਆ।

ਜਦੋਂ ਲੜਕੀ ਨੂੰ ਪੁੱਛਿਆ ਕਿ ਸ਼ਰਾਬ ਕਿਉਂ ਮੰਗਦੀ ਹੈ? ਤਾਂ ਉਸ ਨੇ ਦੱਸਿਆ ਕਿ ਗਮ ਦੂਰ ਕਰਨ ਲਈ। ਕਿਉਂਕਿ ਲੜਕੀ ਦਾ ਬਾਪ ਜਦੋਂ ਘਟਨਾ ਯਾਦ ਕਰਕੇ ਦੁਖੀ ਹੁੰਦਾ ਤਾਂ ਰੱਜ ਕੇ ਸ਼ਰਾਬ ਪੀਂਦਾ ਸੀ।

ਸੋ ਅਸੀਂ ਬਾਪ ਨੂੰ ਸਮਝਾਇਆ ਕਿ ਜੇਕਰ ਤੁਸੀਂ ਆਪ ਸ਼ਰਾਬ ਪੀਂਦੇ ਹੋ ਤਾਂ

ਸੰਤਾਨ ਨੂੰ ਕਿਵੇਂ ਰੋਕ ਸਕਦੇ ਹੋ? ਜੇ ਤੁਹਾਡੇ ਲਈ ਠੀਕ ਹੈ ਉਹ ਲੜਕੀ ਲਈ ਗਲਤ ਕਿਵੇਂ ਹੈ। ਅਸੀਂ ਲੜਕੀ ਦੇ ਬਾਪ ਨੂੰ ਸਮਝਾਉਣ ਦੇ ਨਾਲ ਨਾਲ ਧਮਕੀ ਵੀ ਦਿੱਤੀ ਜੇਕਰ ਹੁਣ ਉਸਨੇ ਲੜਕੀ ਨੂੰ ਮਾਰ ਕੁਟਾਈ ਕੀਤੀ ਜਾਂ ਘਟੀਆ ਲਫਜ਼ ਵਰਤੇ ਤਾਂ ਅਸੀਂ ਤਰਕਸ਼ੀਲ ਸੋਸਾਇਟੀ ਵਲੋਂ ਠਾਣੇ ਜਾ ਕੇ ਖੁਦ ਰਿਪੋਰਟ ਕਰਾਂਗੇ। ਮੈਂ ਲੜਕੀ ਨੂੰ ਫੋਨ ਨੰਬਰ ਦਿੱਤਾ ਤਾਂ ਕਿ ਉਹ ਲੋੜ ਪੈਣ ਤੇ ਮੈਨੂੰ ਤੁਰੰਤ ਬੁਲਾ ਸਕੇ ਤੇ ਰਾਮ ਕੁਮਾਰ ਦੀ ਰੋਜ ਪਤਾ ਕਰਨ ਤੇ ਪੱਕੀ ਡਿਊਟੀ ਲ਼ਗਾ ਦਿੱਤੀ। ਉਸ ਨੇ ਹਰ ਰੋਜ਼ ਲੜਕੀ ਨੂੰ ਪੜ੍ਹਾਈ ਲਈ ਉਤਸ਼ਾਹਤ ਕਰਨਾ ਸ਼ੁਰੂ ਕਰ ਦਿੱਤਾ। ਸਿੱਟੇ ਵਜੋਂ ਲੜਕੀ ਅੱਠਵੀਂ ਜਮਾਤ ਵਿਚੋਂ ਮੈਰਿਟ ਤੇ ਆਈ ਤੇ ਸਕੂਲ ਵਿਚ ਟਾਪ ਕੀਤਾ।

***

ਧੌਲੀਧਾਰ ਨੇ ਪਾਗਲ ਕੀਤੀ

ਇਹ ਗੱਲ ਕਾਫੀ ਪੁਰਾਣੀ ਹੈ। ਅੱਜ ਤੋਂ ਕੋਈ 10-11 ਸਾਲ ਪਹਿਲਾਂ ਦੀ ਗੱਲ ਹੈ। ਇਸ ਪਰਿਵਾਰ ਦੇ ਕੱਪੜੇ ਗਿੱਲੇ ਹੋ ਜਾਂਦੇ ਸਨ। ਬਿਸਤਰਿਆਂ ਵਿਚ ਕੋਈ ਪਿਸ਼ਾਬ ਕਰ ਜਾਂਦਾ ਸੀ। ਰਿੱਝੀ ਹੋਈ ਦਾਲ ਸਬਜ਼ੀ ਵਿਚ ਬਹੁਤ ਤੇਜ਼ ਨਮਕ ਪੈ ਜਾਂਦਾ। ਸਿੱਟੇ ਵਜੋਂ ਪਰਿਵਾਰ ਦੇ ਮੈਂਬਰ ਰੋਟੀ ਨਾ ਖਾ ਸਕਦੇ। ਤਰਕਸ਼ੀਲ ਸੋਸਾਇਟੀ ਦਾ ਇਕ ਆਗੂ ਇਹ ਕੇਸ ਹੱਲ ਕਰ ਰਿਹਾ ਸੀ। ਘਰ ਦੇ ਸਾਰੇ ਮੈਂਬਰਾਂ ਦੀ ਪੁੱਛ-ਪੜਤਾਲ ਹੋਈ ਤੇ ਉਸਨੇ ਮਾਨਸਿਕ ਰੋਗੀ ਲੱਭ ਲਈ ਸੀ। ਪਰਿਵਾਰ ਵਿਚ ਘਰ ਦੇ ਮੁਖੀ ਬਜ਼ੁਰਗਾਂ ਤੋਂ ਬਿਨ੍ਹਾਂ ਦੋ ਪੁੱਤਰ ਤੇ ਦੋ ਨੂੰਹਾਂ ਸਨ। ਚੰਗੀ ਸੋਹਣੀ ਕਮਾਈ ਸੀ। ਕੋਈ ਆਰਥਕ ਤੰਗੀ ਨਹੀਂ ਸੀ ਪਰ ਫੇਰ ਵੀ ਪਰਿਵਾਰ 'ਪਰੇਤ ਦੇ ਸਾਏ' ਕਾਰਨ ਕਈ ਵਾਰ ਭੁੱਖਾ ਸੌਂਦਾ। ਸਾਰਾ ਪਰਿਵਾਰ ਕਈ ਵਾਰ ਧੌਲੀਧਾਰ ਵਡਭਾਗ ਸਿੰਘ ਦੇ ਡੇਰੇ ਤੇ ਜਾ ਆਇਆ ਸੀ। ਉੱਥੇ ਜਾ ਕੇ ਉਹਨਾਂ ਦੀ ਛੋਟੀ ਨੂੰਹ ਵਿਚ ਪਰੇਤ ਬੋਲਿਆ ਸੀ।

ਸੋ ਛੋਟੀ ਨੂੰਹ ਮਾਨਸਿਕ ਰੋਗੀ ਸੀ। ਸੋਸਾਇਟੀ ਆਗੂ ਨੇ ਉਸਨੂੰ ਹਿਪਨੋਟਾਈਜ਼ ਕਰਨ ਦਾ ਯਤਨ ਕੀਤਾ। ਜਿਉਂ ਹੀ ਉਸਨੇ ਸਵਾਲ ਪੁੱਛਣੇ ਸ਼ੁਰੂ ਕੀਤੇ ਉਹ ਭੜਕ ਪਈ ਕਿ ਉਸਤੇ ਝੂਠਾ ਦੋਸ਼ ਲਗਾਇਆ ਜਾ ਰਿਹਾ ਹੈ। ਉਸਨੇ 2-3 ਵਾਰ ਗੱਲਬਾਤ ਕਰਨੀ ਚਾਹੀ ਪਰ ਉਹ ਗੱਲ ਨਹੀਂ ਕਰ ਰਹੀ ਸੀ। ਉਹ ਇਕ ਔਰਤ ਸੀ ਸੋ ਉਸਨੂੰ ਧੱਕੇ ਨਾਲ ਗੱਲ ਕਰਨ ਲਈ ਮਜ਼ਬੂਰ ਨਹੀ ਕੀਤਾ ਜਾ ਸਕਦਾ ਸੀ। ਇਸ ਸਥਿਤੀ ਵਿਚ ਮਦਦ ਵਜੋਂ ਮੈਂ ਨਾਲ ਚਲੀ ਗਈ।

ਸਾਰੇ ਪਰਿਵਾਰ ਦੇ ਮੈਂਬਰਾਂ ਨਾਲ ਗੱਲਬਾਤ ਹੋਈ। ਰੋਗੀ ਉਹੀ ਔਰਤ ਸੀ। ਮੈਂ ਵੇਖਿਆ ਕਿ ਉਹ ਸਾਡੇ ਆਗੂ ਤੇ ਖਿਝ ਰਹੀ ਹੈ। ਮੈਂ ਇਕੱਲਿਆਂ ਉਸਨੂੰ ਇਕ ਕਮਰੇ ਵਿਚ ਬਿਠਾ ਲਿਆ। ਉਹ ਉਮਰ ਵਿਚ ਮੇਰੇ ਨਾਲੋਂ ਕਾਫੀ ਵੱਡੀ ਸੀ ਤੇ ਸ਼ਾਇਦ ਇਸੇ ਕਰਕੇ ਉਹ ਮੇਰਾ ਵੀ ਕੋਈ ਬਹੁਤਾ ਪ੍ਰਭਾਵ ਨਹੀਂ ਮੰਨ ਰਹੀ ਸੀ। ਖੈਰ ਮੈਂ ਆਪਣੀ ਕੋਸ਼ਿਸ਼ ਜਾਰੀ ਰੱਖਦੇ ਹਏ ਉਸਨੂੰ ਕਿਹਾ, 'ਦੇਖੋ ਦੀਦੀ - ਜਿੰਨੀ ਦੇਰ ਤੁਸੀਂ ਮੈਨੂੰ ਆਪਣੀ ਵਿਸ਼ਵਾਸਪਾਤਰ ਨਹੀਂ ਸਮਝਦੇ ਮੈਂ ਉਤਨੀ ਦੇਰ ਤੁਹਾਡੀ ਨਾਲ ਗੱਲ ਨਹੀਂ ਕਰਾਂਗੀ। ਹਾਂ ਜੋ ਤੁਸੀਂ ਚਾਹੋ ਕਿ ਮੈਂ ਤੁਹਾਡੇ ਕਿਸੇ ਕੰਮ ਆ ਸਕਾਂ ਜਾਂ ਤੁਹਾਡੀ ਮਦਦ ਕਰ ਸਕਾਂ.......।" ਮੇਰੀ ਗੱਲ ਅਜੇ ਪੂਰੀ ਨਹੀਂ ਹੋਈ ਸੀ ਕਿ ਉਹ ਵਿਚ ਹੀ ਭੜਕ ਪਈ "ਤੂੰ

ਕੱਲ ਦੀ ਬੱਚੀ -ਤੈਨੂੰ ਕੀ ਪਤੈ ਮੇਰੀ ਸਮੱਸਿਆ? ਤੈਨੂੰ ਕੀ ਪਤੈ ਵਿਆਹੀਆਂ ਔਰਤਾਂ ਦੀਆਂ ਸਮੱਸਿਆਵਾਂ ਬਾਰੇ। ਕੀ ਮਦਦ ਕਰੇਂਗੀ ਤੂੰ ਮੇਰੀ? ਤੈਨੂੰ ਪਤਾ ਵੀ ਕੀ ਐ?" ਉਸਨੇ ਦੋ ਤਿੰਨ ਵਾਰ ਸਿਰ ਪਟਕਿਆ।

"ਹਾਂ ਤੁਸੀਂ ਠੀਕ ਕਹਿੰਦੇ ਹੋ - ਕਿਉਂਕਿ ਮੇਰਾ ਅਜੇ ਵਿਆਹ ਨਹੀ ਹੋਇਆ ਪਰ ਦੀਦੀ ਜਿਵੇਂ ਕਹਿੰਦੇ ਨੇ ਆਪ ਜੰਨ ਨਹੀਂ ਚੜ੍ਹੇ ਤਾਂ ਚੜ੍ਹਦੇ ਜ਼ਰੂਰ ਵੇਖੇ ਨੇ," ਮੈਂ ਆਖਿਆ ਤਾਂ ਉਹ ਹੱਸ ਪਈ ਤੇ ਮੇਰੇ ਨੇੜੇ ਹੋ ਕੇ ਬੈਠ ਗਈ ਜਿਵੇਂ ਮੇਰੇ ਨਾਲ ਸਾਂਝ ਪਾ ਰਹੀ ਹੋਵੇ।

"ਠੀਕ ਹੈ ਮੈਂ ਵਿਆਹੁਤਾ ਜੀਵਨ ਬਾਰੇ ਨਹੀਂ ਜਾਣਦੀ, ਮੇਰੀ ਉਮਰ ਛੋਟੀ ਸਹੀ ਪਰ ਮੈਂ ਕਿਸੇ ਪਰਿਵਾਰ ਦੀ ਮੈਂਬਰ ਹਾਂ ਜਿਸ ਵਿਚ ਵਿਆਹੁਤਾ ਭੈਣਾਂ-ਭਰਜਾਈਆਂ ਆਦਿ ਕਿੰਨੇ ਹੀ ਮੈਂਬਰ ਨੇ। ਮੇਰੀਆਂ ਸਮੱਸਿਆਵਾਂ ਨਾ ਸਹੀ ਉਨ੍ਹਾਂ ਨਾਲ ਤਾਂ ਉਹੀ ਕੁਝ ਬੀਤਦਾ ਹੋਵੇਗਾ ਜੋ ਤੁਹਾਡੇ ਨਾਲ? ਨਾਲੇ ਸਾਡਾ ਤਾਂ ਕਿੱਤਾ ਹੀ ਇਹੀ ਹੈ। ਅਸੀਂ ਪਤਾ ਨਹੀਂ ਤੁਹਾਡੇ ਵਰਗਿਆਂ ਦੀਆਂ ਕਿੰਨੀਆਂ ਸੱਮਸਿਆਵਾਂ ਹੱਲ ਕੀਤੀਆਂ ਨੇ?"

ਉਹ ਮੇਰੀ ਗੱਲ ਧਿਆਨ ਨਾਲ ਸੁਣ ਰਹੀ ਸੀ। ਉਸਨੇ ਸੋਚ ਕੇ ਕਿਹਾ "ਹੁਣ ਤੁਸੀਂ ਹੀ ਦੱਸੋ ਭਲਾ ਜੇ ਘਰ ਵਿਚ ਸਬਜ਼ੀ ਵਿਚ ਨਮਕ ਤੇਜ਼ ਹੁੰਦੈ ਤਾਂ ਮੈਂ ਪਾਉਨੀ ਆਂ? ਪਿਸ਼ਾਬ ਮੈਂ ਕਰਦੀ ਆਂ?"

'ਨਹੀ ਮੈਂ ਤੁਹਾਨੂੰ ਇਹ ਕੁਝ ਨਹੀਂ ਆਖਿਆ।' ਮੈਂ ਉਸਨੂੰ ਸ਼ਾਂਤ ਕਰਨ ਲਈ ਜਾਣ ਬੁੱਝ ਕੇ ਕਿਹਾ।

'ਤੁਸੀਂ ਨਹੀਂ ਕਿਹਾ ਤਾਂ ਉਹਨੇ ਕਿਹਾ ਜੋ ਤੁਹਾਡੇ ਨਾਲ ਆਇਐ। ਹਫਤਾ ਪਹਿਲਾਂ ਦੀ ਗੱਲ ਹੈ। ਮੈਨੂੰ ਸਿੱਕਾ ਦਿਖਾ ਕੇ ਨੀਂਦ ਲਿਆਉਣ ਲੱਗਿਆ। ਅਜੇ ਮੇਰੀ ਅੱਖ ਵੀ ਨਹੀਂ ਲੱਗੀ ਸੀ ਕਿ ਕਹਿੰਦਾ ਤੂੰ ਬਿਸਤਰੇ ਵਿਚ ਪਿਸ਼ਾਬ ਕਿਉਂ ਕਰਦੀ ਐਂ?'

'ਚਲੋ ਗਲਤੀ ਸਹੀ ਪਰ ਤੁਸੀਂ ਇਹ ਗੱਲ ਦੱਸੋ ਕਿ ਪੜ੍ਹੇ ਕਿੰਨਾ ਹੋ?'

'ਮੈਂ ਬੀ.ਏ. ਪਾਸ ਆਂ।' ਉਸਨੇ ਦੱਸਿਆ।

'ਤੁਹਾਡਾ ਭੂਤਾਂ ਪਰੇਤਾਂ ਵਿਚ ਕਿੰਨਾ ਕੁ ਵਿਸ਼ਵਾਸ ਹੈ?'

'ਉਕਾ ਹੀ ਨਹੀਂ' ਉਸਨੇ ਕਿਹਾ।

'ਫੇਰ ਤੁਸੀਂ ਹੀ ਦੱਸੋ ਜੇਕਰ ਘਰ ਵਿਚ ਸਬਜ਼ੀ ਬਣੀ ਪਈ ਐ, ਅਚਾਨਕ ਕੌਣ ਲੂਣ ਪਾ ਗਿਆ? ਕੋਈ ਮਨੁੱਖ ਹੀ ਇਹ ਕੰਮ ਕਰ ਸਕਦੈ?' ਮੈਂ ਉਸ ਨਾਲ ਦਲੀਲ ਬਾਜ਼ੀ ਕੀਤੀ।

ਉਹ ਸੋਚੀਂ ਪੈ ਗਈ।

"ਨਾਲੇ ਇਹ ਗੱਲਬਾਤ ਪਰਿਵਾਰ ਦੇ ਮੈਂਬਰਾਂ ਨੂੰ ਨਹੀਂ ਦੱਸਣੀ। ਮੈਨੂੰ ਵੀ ਤਾਂ ਹੀ ਦੱਸਣਾ ਜੇ ਮੇਰੇ ਤੇ ਭੈਣਾਂ ਵਾਂਗ ਵਿਸ਼ਵਾਸ ਕਰੋਗੇ।" ਮੈਨੂੰ ਲੱਗਦਾ ਸੀ ਕਿ ਉਹ ਮੇਰੇ ਵਿਸ਼ਵਾਸ ਵਿਚ ਆ ਰਹੀ ਹੈ।

'ਗੱਲ ਅਸਲ ਵਿਚ ਇਹ ਐ ਕਿ ਇਕ ਦਿਨ ਮੇਰਾ ਸੁੱਤੀ ਪਈ ਦਾ ਸੁਪਨੇ ਵਿਚ ਪਿਸ਼ਾਬ ਨਿਕਲ ਗਿਆ। ਮੈਂ ਸ਼ਰਮ ਦੇ ਮਾਰੇ ਬਿਸਤਰਾ ਨਾ ਸੁਕਾਇਆ ਸਗੋਂ ਬਾਕੀ ਬਿਸਤਰਿਆਂ ਵਿਚ ਇੱਕਠਾ ਕਰ ਦਿੱਤਾ।' ਹੁਣ ਪਿਸ਼ਾਬ ਦੀ ਬੋਅ ਆਉਂਦੀ ਸੀ ਆਪਣੀ ਸ਼ਰਮ ਨੂੰ ਲਕੋਣ ਲਈ ਮੈਂ ਆਖ ਦਿੱਤਾ ਕਿ ਮੇਰਾ ਬਿਸਤਰਾ ਵੀ ਗਿੱਲਾ ਸੀ ਤਾਂ ਸਾਰੇ ਪਰਿਵਾਰ ਨੇ ਦੇਖਿਆ। ਸਾਰੇ ਵਹਿਮ ਕਰਨ ਲੱਗੇ। ਬਾਬਾ ਵਡਭਾਗ ਨੂੰ ਤੁਰ ਪਏ। ਇਸੇ ਤਰ੍ਹਾਂ ਸਬਜ਼ੀ ਵਿਚ ਨਮਕ ਤਾਂ ਅਚਾਨਕ ਹੀ ਕਿਧਰੇ ਤੇਜ਼ ਪੈ ਗਿਆ ਪਰ ਸਾਰੇ ਪਰਿਵਾਰ ਨੂੰ ਪਰੇਤ ਦੇ ਸਾਏ ਦਾ ਸ਼ੱਕ ਪੈਣ ਲੱਗ ਪਿਆ। ਮੈਨੂੰ ਧੱਕੇ ਨਾਲ ਚੌਕੀਆਂ ਭਰਵਾ ਕੇ ਲਿਆਏ ਤੇ......।' ਇਸ ਤੋਂ ਬਾਅਦ ਉਸਨੇ ਗੁੱਸੇ ਵਿਚ ਦੰਦ ਪੀਸੇ ਜਿਵੇਂ ਕੋਈ ਨਫਰਤਯੋਗ ਗੱਲ ਯਾਦ ਆ ਗਈ ਹੋਵੇ।

'ਅੱਜ ਤੋਂ ਬਾਅਦ ਧੌਲੀਧਾਰ ਜਾਣਾ ਪੱਕੇ ਤੌਰ ਤੇ ਬੰਦ ਕਰਵਾ ਦਿਆਂਗੀ।' ਮੈਂ ਕਿਹਾ

'ਪਰ ਇਹ ਦੱਸ, ਜਦੋਂ ਬਾਕੀ ਪਰਿਵਾਰ ਨੂੰ ਉਥੇ ਸ਼ਰਧਾ ਹੈ ਤਾਂ ਤੁਹਾਨੂੰ ਨਫਰਤ ਕਿਉਂ? ਨਾਲੇ ਆਖਦੇ ਉਥੇ ਜਾ ਕੇ ਤੁਹਾਡੇ ਵਿਚੋਂ ਪਰੇਤ ਬੋਲਿਆ।' ਮੈਂ ਪੁੱਛਿਆ।

"ਸੁਆਹ ਸੱਤਾਂ ਚੁਲ੍ਹਿਆਂ ਦੀ, ਮੈਂ ਤਾਂ ਉੱਥੇ ਬਿਲਕੁਲ ਨਾ ਜਾਵਾਂ। ਮੈਨੂੰ ਧੱਕੇ ਨਾਲ ਲੈ ਕੇ ਗਏ। ਸਾਡੇ ਗੁਆਂਢ ਵਿਚ ਇਕ ਕਾਫੀ ਸਤਿਕਾਰਿਆ ਜਾਣ ਵਾਲਾ ਆਦਮੀ ਹੈ ਜੋ ਰਿਸ਼ਤੇ ਵਿਚੋਂ ਮੇਰਾ ਜੇਠ ਲੱਗਦੈ ਤੇ ਜੇਕਰ ਉਹ ਗਲੀ ਵਿਚ ਖੜਾ ਹੋਵੇ ਤਾਂ ਅਸੀਂ ਨੀਵੀਂ ਪਾ ਕੇ ਲੰਘ ਜਾਂਦੀਆਂ ਤੇ ਸਿਰ ਵੀ ਨੰਗਾ ਨਹੀ ਕਰਦੀਆਂ ਪਰ ਸਾਰੇ ਪਰਿਵਾਰ ਨੇ ਮੈਨੂੰ ਉਸ ਆਦਮੀ ਸਾਹਮਣੇ ਨੰਗੀ ਕਰਕੇ ਧੱਕੇ ਨਾਲ ਨਹਾਇਆ। ਬੱਸ ਮੈਨੂੰ ਫੇਰ ਆਪਣੇ ਆਪ ਤੋਂ ਘਿਣ ਜਿਹੀ ਆਈ ਤੇ ਨਾਲੇ ਜਦੋਂ ਧੱਕੇ ਨਾਲ ਧਾਰ ਹੇਠਾਂ ਕਰਦੇ ਨੇ ਤੇ ਮਾਰਦੇ ਨੇ ਤੇ ਕੌਣ ਨਹੀਂ ਬੋਲੇਗਾ? ਮੈਂ ਵੀ ਜਾਣ ਬੁੱਝ ਕੇ ਬੋਲੀ।" ਦੱਸਦਿਆਂ ਉਸਦਾ ਸਾਹ ਚੜ੍ਹ ਰਿਹਾ ਸੀ।

"ਜਾਣੀ ਪਰਿਵਾਰ ਨੇ ਤੁਹਾਨੂੰ ਮਾਨਸਿਕ ਰੋਗੀ ਧੌਲੀਧਾਰ ਲਿਜਾ ਕੇ ਬਣਾਇਆ। ਫੇਰ ਇਹ ਘਟਨਾਵਾਂ ਤੁਹਾਡੇ ਤੋਂ ਆਪ ਹੋਣ ਲੱਗੀਆਂ ! ਹੈਨਾ।" ਮੈਂ ਉਸ ਨੂੰ ਮਨਾਇਆ।

"ਹਾਂ ਫੇਰ ਜਦੋਂ ਇਨ੍ਹਾਂ ਨੇ ਸ਼ੱਕ ਹੀ ਮੇਰੇ ਤੇ ਕਰਨਾ ਸੀ ਤਾਂ ਮੈਂ ਪਿਸ਼ਾਬ ਵੀ ਕਰਦੀ ਰਹੀ ਤੇ ਨਮਕ ਵੀ ਪਾਂਦੀ ਰਹੀ।" ਉਹ ਸਾਫ ਮੰਨ ਗਈ।

"ਬੱਸ ਦੀਦੀ ਮੈਂ ਸਮਝ ਗਈ ਕਿ ਤੁਹਾਡੇ ਨਾਲ ਬੇਇਨਸਾਫ਼ੀ ਹੋਈ ਹੈ"। ਅੱਜ ਤੋਂ ਬਾਅਦ ਤੁਹਾਨੂੰ ਕੋਈ ਧੌਲੀਧਾਰ ਨਹੀ ਲਿਜਾਏਗਾ। ਇਸ ਉਪਰੰਤ ਸਾਰੇ ਪਰਿਵਾਰ ਨੂੰ ਸਮਝਾਇਆ ਤੇ ਉਨ੍ਹਾਂ ਹਮੇਸ਼ਾ ਲਈ ਧੌਲੀਧਾਰ ਜਾਣ ਤੋਂ ਤੋਬਾ ਕੀਤੀ।

***

ਚੇਲਿਆਂ ਦੀਆਂ ਕਰਤੂਤਾਂ

ਅੱਜ ਤੋਂ 10 ਕੁ ਸਾਲ ਪਹਿਲਾਂ ਦੀ ਗੱਲ ਹੈ ਕਿ ਯੂਨੀਵਰਸਿਟੀ ਵਿਚ ਪੜ੍ਹ ਰਿਹਾ ਵਿਦਿਆਰਥੀ ਮੇਰੇ ਪਤੀ ਰਾਜਿੰਦਰ ਪਾਸ ਆਇਆ ਤੇ ਦੱਸਿਆ ਕਿ ਉਸਦੀ ਰਿਸ਼ਤੇਦਾਰੀ ਵਿਚ ਇਕ ਲੜਕੀ ਮਾਨਸਿਕ ਰੋਗੀ ਹੈ, ਜੋ ਆਪਣੇ ਹੱਥਾਂ ਤੇ ਦੰਦੀਆਂ ਵੱਢਦੀ ਹੈ ਤੇ ਫੇਰ ਉਸਨੂੰ ਦੰਦਲ ਪੈ ਜਾਂਦੀ ਹੈ। ਰਾਜਿੰਦਰ ਉਸ ਲੜਕੇ ਨਾਲ ਹੀ ਚਲਾ ਗਿਆ ਤੇ ਪਰਿਵਾਰ ਨਾਲ ਗੱਲਬਾਤ ਕੀਤੀ। ਲੜਕੀ ਦਾ ਮਾਮਲਾ ਸੀ, ਸੋ ਜ਼ਿਆਦਾ ਪੁੱਛ ਗਿੱਛ ਲਈ ਲੜਕੀ ਨੂੰ ਲੈ ਕੇ ਪਟਿਆਲੇ ਆਉਣ ਲਈ ਕਹਿ ਕੇ ਉਹ ਵਾਪਸ ਆ ਗਏ।

ਅਗਲੇ ਦਿਨ ਲੜਕੀ ਨੂੰ ਮਾਂ ਅਤੇ ਚਾਚੀਆਂ-ਤਾਈਆਂ ਪਟਿਆਲੇ ਲੈ ਆਈਆਂ। ਲੜਕੀ ਦੀ ਉਮਰ ਮਸਾਂ 13 ਸਾਲ ਸੀ। ਬਾਪ ਵਿਦੇਸ਼ ਚਲਾ ਗਿਆ ਸੀ ਤੇ ਮਾਂ ਦੋ ਬੱਚਿਆਂ ਨਾਲ ਪਿੰਡ ਰਹਿ ਰਹੀ ਸੀ। ਨੇੜੇ ਤਾਏ-ਚਾਚਿਆਂ ਦੇ ਘਰ ਸਨ। ਦੇਖਣ ਵਿਚ ਲੜਕੀ 18-19 ਸਾਲ ਦੀ ਭਰ ਮੁਟਿਆਰ ਲੱਗਦੀ ਸੀ ਤੇ ਚੰਗੀ ਸੁਨੱਖੀ ਸੀ। ਮਾਂ ਤੋਂ ਪਤਾ ਲੱਗਿਆ ਕਿ ਦੌਰੇ ਦੀ ਸ਼ੁਰੂਆਤ ਦੰਦੀਆਂ ਵੱਢਣ ਤੋਂ ਸ਼ੁਰੂ ਹੋਈ ਹੈ। ਲੜਕੀ ਆਪਣੇ ਹੱਥਾਂ ਤੇ ਦੰਦੀਆਂ ਵੱਢਦੀ, ਵਾਲ ਪੁੱਟਦੀ ਤੇ ਉਸਨੂੰ ਦੰਦਲ ਪੈ ਜਾਂਦੀ ਤੇ ਜਦੋਂ ਚੇਲਿਆਂ ਆਦਿ ਕੋਲ ਲੈ ਜਾਂਦੇ ਤਾਂ ਠੀਕ ਹੋ ਜਾਂਦੀ। ਇੰਜ 2-3 ਦਿਨ ਲੰਘ ਜਾਂਦੇ ਤੇ ਫੇਰ ਉਹੀ ਦੌਰੇ, ਸਿਆਣੇ ਦੇ ਜਾਣਾ ਤੇ ਠੀਕ ਹੋਣਾ। ਇਹ ਉਸ ਘਰ ਦਾ ਇਹ ਰੁਟੀਨ ਬਣ ਚੁੱਕਾ ਸੀ।

ਮੈਂ ਲੜਕੀ ਦੇ ਹੱਥਾਂ ਉਤੇ ਦੰਦੀਆਂ ਦੇ ਨਿਸ਼ਾਨ ਵੇਖੇ। ਦੰਦੀਆਂ ਕਾਰਨ ਹਥੇਲੀਆਂ ਤੇ ਗੰਢਾਂ ਬੱਝ ਚੁੱਕੀਆਂ ਸਨ। ਅਸੀਂ ਲੜਕੀ ਨੂੰ ਵਡਿਆ ਕੇ ਸਾਰੀ ਕਹਾਣੀ ਪੁੱਛੀ।

ਕਾਰਨ :- ਅਸਲ ਵਿਚ ਲੜਕੀ ਦਾ ਪਿਓ ਵਿਦੇਸ਼ ਚਲਾ ਗਿਆ ਸੀ। ਪਿਛੋਂ ਮਾਂ ਨੇ ਕਾਮੁਕ ਲੋੜ ਨੂੰ ਮੁੱਖ ਰੱਖਦਿਆਂ ਇਕ ਆਦਮੀ ਨਾਲ ਕਾਮ-ਸਬੰਧ ਬਣਾ ਲਏ ਤੇ ਇੰਜ ਲੜਕੀ ਰੋਜ਼ ਮਾਂ ਦੀਆਂ ਹਰਕਤਾਂ ਵੇਖਦੀ, ਸਮੇਂ ਤੋਂ ਪਹਿਲਾਂ ਹੀ ਮੁਟਿਆਰ ਹੋ ਗਈ। 10-11 ਸਾਲ ਦੀ ਉਮਰ ਵਿਚ ਭਰ ਜੁਆਨ ਹੋ ਗਈ। ਹੁਣ ਕੁੜੀ ਆਪਣੀ ਕਾਮੁਕ ਤ੍ਰਿਪਤੀ ਕਿਵੇਂ ਕਰੇ? ਉਸ ਨੂੰ ਦੰਦਲਾਂ ਪੈਣ ਲੱਗੀਆਂ। ਤਾਏ-ਚਾਚਿਆਂ ਨਾਲ ਸਲਾਹ ਕਰਕੇ ਮਾਂ ਨੇ ਸਿਆਣਿਆਂ ਦੇ ਲਿਜਾਣਾ ਠੀਕ ਸਮਝਿਆ ਕਿਉਂਕਿ ਦੰਦਲ

ਵਿਚ ਲੜਕੀ ਅੱਖਾਂ ਚੜ੍ਹਾ ਜਾਂਦੀ ਤੇ ਓਪਰੀ ਕਸਰ ਜਾਪਦੀ।

ਉਨ੍ਹਾਂ ਕਈ ਸਿਆਣੇ ਬਦਲੇ ਤੇ ਅਖੀਰ ਇਕ ਨੌਜਆਨ ਚੇਲਾ ਜੋ ਬੜੀ ਬਦਮਾਸ਼ ਕਿਸਮ ਦਾ ਸੀ, ਨੇ ਲੜਕੀ ਨਾਲ ਕਾਮ-ਸਬੰਧ ਬਣਾ ਲਏ। ਕੱਚੀ ਉਮਰ ਵਿਚ ਚੇਲਿਆਂ ਨੇ ਲੜਕੀ ਨੂੰ ਬੁਰੀ ਤਰ੍ਹਾਂ ਸਰੀਰਕ ਤੇ ਮਾਨਸਿਕ ਤੌਰ ਤੇ ਅਤ੍ਰਿਪਤ ਕਰ ਦਿੱਤਾ। ਹਿਸਟੀਰੀਏ ਕਾਰਨ ਲੜਕੀ ਤੇ ਚੇਲਿਆਂ ਦੀ ਕੁੱਟਮਾਰ ਦਾ ਕੋਈ ਅਸਰ ਨਾ ਹੁੰਦਾ ਤੇ ਹੁਣ ਹਾਲਤ ਇਥੋਂ ਤੱਕ ਪਹੁੰਚ ਗਈ ਸੀ ਕਿ 13 ਸਾਲ ਦੀ ਉਮਰ ਵਿਚ ਹੀ ਉਸਨੂੰ ਕਾਮ-ਸਬੰਧਾਂ ਤੋਂ ਸਰੀਰਕ ਸੰਤੁਸ਼ਟੀ ਮਿਲਣੀ ਬੰਦ ਹੋ ਗਈ ਸੀ। ਸਿੱਟੇ ਵਜੋਂ ਉਹ ਆਪਣੇ ਹੱਥਾਂ ਤੇ ਦੰਦੀਆਂ ਵੱਢਦੀ ਤੇ ਬੇਹੋਸ਼ ਹੋ ਜਾਂਦੀ। ਚੇਲੇ ਪਾਸ ਆ ਕੇ ਕਾਮ ਪੂਰਤੀ ਮਗਰੋਂ ਇਕ ਅੱਧਾ ਦਿਨ ਲੰਘਦਾ ਫੇਰ ਉਹੀ ਹਾਲ।

ਸੋ ਲੜਕੀ ਨੂੰ ਡਾਕਟਰ ਤੋਂ ਦਵਾਈ ਦਿਵਾਈ ਗਈ ਤੇ ਅੱਗੇ ਤੋਂ ਮਾਂ ਨੂੰ ਸਿਆਣਿਆਂ ਦੇ ਲਿਜਾਣ ਤੋਂ ਸਖਤ ਮਨਾਹੀ ਕੀਤੀ ਗਈ।

***

ਭਾਗ ਦੂਜਾ

ਔਰਤ ਦੀ ਜ਼ਿੰਦਗੀ
ਦਾ
ਵਿਗਿਆਨਕ ਵਿਸ਼ਲੇਸ਼ਣ

ਔਰਤਾਂ ਦੇ ਮਾਨਸਿਕ ਰੋਗਾਂ ਦੀਆਂ ਕਹਾਣੀਆਂ ਪੜ੍ਹਨ ਤੋਂ ਬਾਅਦ ਭਾਵੇਂ ਔਰਤ ਰੋਗਾਂ ਦੇ ਪਿੱਛੇ ਕੰਮ ਕਰਦੇ ਉਘੜੇ-ਦੁਘੜੇ ਕਾਰਨ ਤਾਂ ਉਜਾਗਰ ਹੋ ਗਏ ਹੋਣਗੇ ਪਰ ਵਿਧੀਵਤ ਰੂਪ ਵਿਚ ਜਾਣਨ ਲਈ ਔਰਤ ਦੀ ਸਮੁੱਚੀ ਸਥਿਤੀ ਨੂੰ ਵਾਚਣ ਦੀ ਲੋੜ ਹੈ। ਅਗਲਿਆਂ ਪੰਨਿਆਂ ਤੇ ਇਸ ਸਬੰਧੀ ਵਿਚਾਰ ਚਰਚਾ ਕੀਤੀ ਜਾ ਰਹੀ ਹੈ।

ਜੀਵ-ਵਿਗਿਆਨਕ ਅਧਾਰ

ਡਾਰਵਿਨ ਨੇ ਮਨੁੱਖ ਦੇ ਜੀਵ-ਵਿਗਿਆਨਕ ਵਿਕਾਸ ਕ੍ਰਮ ਨੂੰ ਸਾਹਮਣੇ ਲਿਆ ਕੇ ਇਹ ਸਿੱਧ ਕਰ ਦਿੱਤਾ ਸੀ ਕਿ ਮਨੁੱਖ ਜਾਨਵਰ ਜਗਤ ਤੋਂ ਹੀ ਵਿਕਾਸ ਕਰਕੇ ਅੱਜ ਦੀ ਉਚ ਚੇਤਨ ਅਵਸਥਾ ਵਿਚ ਪਹੁੰਚਿਆ ਹੈ। ਇਸ ਕਾਰਨ ਸਮਾਜ-ਵਿਗਿਆਨੀ ਸਮਾਜ ਦੇ ਵਰਤਾਰਿਆਂ ਬਾਰੇ ਸਮਝਣ ਲਈ ਅਕਸਰ ਜਾਨਵਰ ਜਗਤ ਵੱਲ ਝੁਕਦੇ ਹਨ। ਇਸੇ ਪ੍ਰਸੰਗ ਵਿਚ ਔਰਤ ਮਰਦ ਸਬੰਧਾਂ ਨੂੰ ਵੀ ਵਿਭਿੰਨ ਚਿੰਤਕਾਂ ਨੇ ਆਪਣੇ ਚਿੰਤਨ ਦਾ ਵਿਸ਼ਾ ਬਣਾ ਲਿਆ। ਲੰਮਾ ਸਮਾਂ ਇਹ ਦਲੀਲ ਦਿੱਤੀ ਜਾਂਦੀ ਰਹੀ ਕਿ ਔਰਤ ਮਰਦ ਤੋਂ ਸਿਰਫ ਮਨੁੱਖੀ ਸਮਾਜ ਵਿਚ ਹੀ ਨੀਵੀ ਨਹੀਂ ਸਗੋਂ ਜਾਨਵਰ ਜਗਤ ਵਿਚ ਵੀ ਸਾਰੀਆਂ ਮਾਦਾਵਾਂ ਨਰਾਂ ਅਧੀਨ ਹੁੰਦੀਆਂ ਹਨ। ਪਰ ਜਾਨਵਰ ਜਗਤ ਦਾ ਨੇੜਿਉਂ ਕੀਤਾ ਸਰਵੇਖਣ ਇਹ ਦਰਸਾਉਂਦਾ ਹੈ ਕਿ ਨਰ ਅਤੇ ਮਾਦਾ ਦੀ ਸਥਿਤੀ ਸਾਰਿਆਂ ਜਾਨਵਰਾਂ 'ਚ ਸਮਾਨ ਨਹੀਂ । ਜੇ ਇਕ ਪਾਸੇ ਨਰ ਦੀ ਪ੍ਰਭੁਸੱਤਾ ਹੈ ਅਤੇ ਸਰੀਰਕ ਅਨੁਪਾਤ ਲੰਮਾ ਸਮਾਂ ਜਿਉਂਦੇ ਰਹਿਣਾ ਅਤੇ ਸਰੀਰ ਦਾ ਭਾਰ ਆਦਿ ਜੇ ਕਿਤੇ ਨਰ ਵਿਚ ਜ਼ਿਆਦਾ ਹੈ ਤਾਂ ਕਿਤੇ ਮਾਦਾ ਵਿਚ। ਸੋ ਜੀਵ ਵਿਗਿਆਨਕ ਤੌਰ ਤੇ ਨਰ ਅਤੇ ਮਾਦਾ ਵੱਖਰੇ ਤਾਂ ਹਨ ਪਰ ਇਨ੍ਹਾਂ ਦੀ ਵੱਖਰਤਾ ਵਿਚ ਮਾਦਾ ਕਮਜ਼ੋਰ ਹੋਵੇ ਇਹ ਹਰ ਹਾਲਤ ਵਿੱਚ ਜ਼ਰੂਰੀ ਨਹੀਂ ਹੈ।

ਔਰਤ ਮਰਦ ਦੇ ਸਰੀਰਕ ਸਬੰਧਾਂ ਤੋਂ ਉਤਪੰਨ ਹੋਣ ਵਾਲੇ ਬੱਚਿਆਂ ਪ੍ਰਤੀ ਪੁਰਾਣੇ ਦ੍ਰਿਸ਼ਟੀਕੋਣ ਅਨੁਸਾਰ ਔਰਤ ਦਾ ਬਹੁਤਾ ਰੋਲ ਨਹੀਂ ਮੰਨਿਆ ਜਾਂਦਾ ਸੀ ਸਗੋਂ ਸਮਝਿਆ ਜਾਂਦਾ ਸੀ ਕਿ ਸਿਰਫ ਮਰਦ ਹੀ ਗੁਣਾਂ ਨੂੰ ਨਿਰਧਾਰਤ ਕਰਦਾ ਹੈ। ਅਰਸਤੂ ਦੇ ਸਿਧਾਂਤ ਅਨੁਸਾਰ ਵੀਰਜ ਅਤੇ ਮਾਹਵਾਰੀ ਦੇ ਖ਼ੂਨ ਨਾਲ ਬੱਚੇ ਦੀ ਪੈਦਾਇਸ਼ ਹੁੰਦੀ ਹੈ ਪਰ ਮਰਦ ਨੂੰ ਹੀ ਗੁਣਾਂ ਦਾ ਵਾਹਕ ਸਮਝਿਆ ਜਾਂਦਾ ਹੈ। ਆਧੁਨਿਕ ਖੋਜਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਮਨੁੱਖੀ ਬੱਚੇ ਦੇ ਗੁਣ ਮਾਤਾ-ਪਿਤਾ ਦੋਹਾਂ ਵੱਲੋਂ ਬਰਾਬਰੀ ਦੇ ਆਧਾਰ ਤੇ ਨਿਰਧਾਰਤ ਕੀਤੇ ਜਾਂਦੇ ਹਨ। ਪਰ ਫੇਰ ਵੀ ਮਰਦ ਸ਼ੁਕਰਾਣੂ ਚੁਸਤ ਅਤੇ ਔਰਤ ਦੇ ਅੰਡੇ ਨੂੰ ਸੁਸਤ ਮੰਨਿਆ ਜਾਂਦਾ ਰਿਹਾ। ਔਰਤ ਅਤੇ ਮਰਦ ਆਪਣੇ ਵੱਲੋਂ ਪੈਦਾ ਕੀਤੇ ਜਾਣ ਵਾਲੇ ਗਮੀਟ, ਸ਼ੁਕਰਾਣੂ ਦਾ ਅੰਡਾ ਹੁੰਦੇ ਹਨ, ਉਨ੍ਹਾਂ ਦੀ ਅੰਦਰੂਨੀ ਬਣਤਰ ਇਕੋ ਜਿਹੀ ਹੁੰਦੀ ਹੈ ਅਤੇ ਉਹ ਅਨੁਵੰਸ਼ਿਕ ਗੁਣਾਂ ਦੇ ਵਾਹਕ ਗੁਣਸੂਤਰਾਂ ਦੀ

ਇਕੋ ਜਿੰਨੀ ਗਿਣਤੀ ਰਖਦੇ ਹਨ। ਮੈਂਡਲ ਦੇ ਅਨੁਵੰਸ਼ਿਕਤਾ ਸਬੰਧੀ ਨਿਯਮ ਦਰਸਾਉਂਦੇ ਹਨ ਕਿ ਬੱਚੇ ਦੇ ਗੁਣ ਨਿਰਧਾਰਤ ਕਰਨ ਵਿਚ ਦੋਹਾਂ ਲਿੰਗਾਂ ਦਾ ਹਿੱਸਾ ਬਰਾਬਰ ਹੁੰਦਾ ਹੈ। ਕਿਸੇ ਨੂੰ ਵੀ ਉਤਮ ਨਹੀਂ ਮੰਨਿਆ ਜਾ ਸਕਦਾ। ਨਾ ਤਾਂ ਅੰਡਾ ਹੀ ਸ਼ੁਕਰਾਣੂ ਨੂੰ ਖਾਂਦਾ ਹੈ ਅਤੇ ਨਾ ਹੀ ਸ਼ੁਕਰਾਣੂ ਅੰਡੇ ਨੂੰ ਤੋੜਦਾ ਹੈ। ਅੰਡੇ ਦੀ ਸੁਸਤੀ, ਸ਼ੁਕਰਾਣੂ ਦੀ ਚੁਸਤੀ ਨੂੰ ਸਮੁੱਚੇ ਸਮਾਜਿਕ ਵਿਵਹਾਰ ਤੇ ਢੁਕਾਉਣਾ ਮਰਦ ਮਨ ਦੀਆਂ ਘੜੀਆਂ ਗੱਲਾਂ ਹਨ। ਅਸਲ ਵਿਚ ਨਿਸ਼ੇਚਤ ਅੰਡੇ ਵਿਚ ਦੋਹਾਂ ਦੀ ਹਸਤੀ ਮਿਟ ਜਾਂਦੀ ਹੈ। ਸ਼ੁਕਰਾਣੂ ਦੇ ਮੇਲ ਤੋਂ ਬਿਨਾਂ ਅੰਡੇ ਦਾ ਭਰੂਣ ਵਿਚ ਬਦਲ ਸਕਣਾ ਅਸੰਭਵ ਹੈ। ਦੂਜੇ ਪਾਸੇ ਅੰਡੇ ਤੋਂ ਬਿਨ੍ਹਾਂ ਸ਼ੁਕਰਾਣੂ ਦਾ ਹੋਣਾ ਫਜ਼ੂਲ ਹੈ। ਸ਼ੁਕਰਾਣੂ ਦਾ ਮਾਦਾ ਸਰੀਰ ਅੰਦਰ ਜਾ ਕੇ ਅੰਡੇ ਨੂੰ ਨਿਸ਼ੇਚਤ ਕਰਨਾ, ਬਾਅਦ ਵਿਚ ਅੰਡੇ ਦਾ ਭਰੂਣ ਵਿਚ ਪਲਣਾ ਕੁਦਰਤੀ ਪ੍ਰਕਿਰਿਆ ਹੈ। ਇਸ ਨੂੰ ਮਰਦ ਦੇ ਚੁਸਤ ਅਤੇ ਔਰਤ ਦੇ ਸਾਂਭ ਸੰਭਾਲ ਕਰਨ ਵਾਲੀ ਵਜੋਂ ਰੂਪਕੀ ਪੱਧਰ ਤੇ ਢੁਕਾਉਣਾ ਮੂਰਖਤਾ ਤੋਂ ਸਿਵਾਏ ਕੁਝ ਨਹੀਂ। ਸੋ ਔਰਤ ਨੂੰ ਜ਼ਮੀਨ ਅਤੇ ਮਰਦ ਵੀਰਯ ਨੂੰ ਬੀਜ ਸਮਝਣਾ 'ਮਰਦ' ਹਉਮੈ ਦੀਆਂ ਫੋਕੀਆਂ ਹੰਕਾਰੀ ਗੱਲਾਂ ਹਨ। ਬੱਚੇ ਦੇ ਸਾਰੇ ਗੁਣਾਂ ਵਿਚ ਦੋਹਾਂ ਦਾ ਬਰਾਬਰ ਦਾ ਹਿੱਸਾ ਹੁੰਦਾ ਹੈ। ਸਗੋਂ ਜ਼ਮੀਨ ਭਾਵ ਔਰਤ ਦੀ ਕੁੱਖ ਵਾਧੂ ਭੂਮਿਕਾ ਨਿਭਾਉਂਦੀ ਹੈ।

ਔਰਤ ਦੀ ਸਰੀਰਕ ਬਣਤਰ ਨਾਲ ਸਬੰਧਤ ਪੱਖ ਨੂੰ ਵਿਚਾਰਦਿਆਂ ਇਕ ਹੋਰ ਮਹੱਤਵਪੂਰਨ ਤੱਥ ਬਾਰੇ ਵੀ ਸਰੀਰ ਵਿਗਿਆਨ ਦੇ ਪੱਖੋਂ ਜਾਣ ਲੈਣਾ ਬਿਹਤਰ ਹੋਵੇਗਾ ਕਿ ਪੈਦਾ ਹੋਣ ਵਾਲੀ ਸੰਤਾਨ ਦੇ ਲਿੰਗ ਨਿਰਧਾਰਨ ਦਾ ਫੈਸਲਾ ਕਿਸ ਤਰ੍ਹਾਂ ਹੁੰਦਾ ਹੈ। ਪੰਜਾਬੀ ਔਰਤਾਂ ਦੀ ਸਥਿਤੀ ਦੇ ਸਬੰਧ ਵਿਚ ਇਹ ਪ੍ਰਸ਼ਨ ਹੋਰ ਵੀ ਮਹੱਤਵਪੂਰਨ ਹੈ ਕਿਉਂਕਿ ਔਰਤ ਨੂੰ ਕੁੜੀ ਜੰਮਣ ਤੇ ਅਕਸਰ ਹੀ ਤਾਅਨਿਆਂ ਮਿਹਣਿਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਜਿਵੇਂ ਅਸੀਂ ਪਹਿਲਾਂ ਜਾਣਿਆ ਹੈ ਕਿ ਔਰਤ ਅਤੇ ਮਰਦ ਵੱਲੋਂ ਆਪਣੇ ਅੰਡੇ ਅਤੇ ਸ਼ੁਕਰਾਣੂ ਰਾਹੀਂ ਇਕੋ ਜਿੰਨੇ ਗੁਣਸੂਤਰ ਸਾਂਝੇ ਕੀਤੇ ਜਾਂਦੇ ਹਨ ਜਿਸ ਕਾਰਨ ਬੱਚੇ ਦੇ ਗੁਣ ਦੋਹਾਂ ਵੱਲੋਂ ਇਕੋ ਜਿੰਨੇ ਨਿਰਧਾਰਤ ਕੀਤੇ ਜਾਂਦੇ ਹਨ। ਵਿਗਿਆਨੀਆਂ ਨੇ ਲਿੰਗ ਨਿਰਧਾਰਤ ਕਰਨ ਵਾਲੇ ਗੁਣਸੂਤਰ ਦੀਆਂ ਦੋ ਕਿਸਮਾਂ ਨੂੰ ਵਾਈ (Y) ਅਤੇ ਐਕਸ (X) ਦੇ ਨਾਂ ਦਿੱਤੇ ਹਨ। ਔਰਤ ਦੇ ਅੰਡੇ ਵਿਚ ਕੇਵਲ ਇਕੋ ਕਿਸਮ ਦਾ (X) ਗੁਣਸੂਤਰ ਹੁੰਦਾ ਹੈ ਜਦੋਂ ਕਿ ਮਰਦ ਦੇ ਸ਼ੁਕਰਾਣੂਆਂ ਵਿਚ ਅੱਧੇ ਐਕਸ (X) ਅਤੇ ਅੱਧੇ ਵਾਈ (Y) ਵਾਲੇ ਗੁਣਸੂਤਰ ਹੁੰਦੇ ਹਨ। ਜੇ ਔਰਤ ਦੇ ਅੰਡੇ, ਜੋ ਕਿ ਹਮੇਸ਼ਾ ਐਕਸ (X) ਗੁਣਸੂਤਰ ਰਖਦੇ ਹਨ, ਨਾਲ ਮਰਦ ਦਾ ਐਕਸ (X) ਗੁਣ ਵਾਲਾ ਸ਼ੁਕਰਾਣੂ ਮਿਲੇ ਤਾਂ ਸੰਤਾਨ ਮਾਦਾ ਹੋਵੇਗੀ ਅਤੇ ਜੇ ਵਾਈ (Y) ਮਿਲੇ ਤਾਂ ਬੱਚਾ ਨਰ ਪੈਦਾ ਹੋਵੇਗਾ। ਇਨ੍ਹਾਂ ਦੇ ਮੇਲ ਸਬੰਧੀ ਕੁਦਰਤ ਦਾ ਸਿਧਾਂਤ ਕੰਮ ਕਰਦਾ ਹੈ। ਮਨਚਾਹੀ ਸੰਤਾਨ ਪੈਦਾ ਕਰਨਾ ਕੁਦਰਤ ਦੀ ਆਪਣੀ ਪ੍ਰਕਿਰਿਆ ਅਨੁਸਾਰ ਸੰਭਵ ਨਹੀਂ ਹੈ। ਕੁੜੀ ਜਾਂ ਮੁੰਡਾ ਮਹਿਜ ਇਤਫਾਕਵਸ ਹੈ ਅਤੇ ਇਹ ਇਤਫਾਕ ਕੁਦਰਤ ਦੇ

ਹੱਥ ਹੈ। (ਇਸ ਸਬੰਧੀ ਆਧੁਨਿਕ ਖੋਜਾਂ ਦਰਸਾਉਂਦੀਆਂ ਹਨ ਕਿ ਮਰਦ ਦੇ ਐਕਸ (X) ਅਤੇ ਵਾਈ (Y) ਸ਼ੁਕਰਾਣੂਆਂ ਦੀ ਚਾਲ ਵਿਚ ਫਰਕ ਹੁੰਦਾ ਹੈ, ਇਸ ਨਾਲ ਦੋਹਾਂ ਵਿਚ ਮਸਨੂਈ ਢੰਗ ਨਾਲ ਨਿਖੇੜ ਕੀਤਾ ਜਾ ਸਕਦਾ ਹੈ ਅਤੇ ਇਸ ਮਸਨੂਈ ਨਿਖੇੜ ਤੋਂ ਬਾਅਦ ਮਸਨੂਈ ਗਰਭ ਧਾਰਨ ਕਰਨ ਨਾਲ ਮਨਚਾਹੀ ਸੰਤਾਨ ਲਈ ਜਾ ਸਕਦੀ ਹੈ ਪ੍ਰੰਤੂ ਸਮਾਜਿਕ ਪੱਖ ਤੋਂ ਅਜਿਹਾ ਕਰਨਾ ਉਚਿਤ ਨਹੀਂ ਹੋਵੇਗਾ।) ਇਸ ਪ੍ਰਕਾਰ ਕੁੜੀ ਜਾਂ ਮੁੰਡਾ ਜੰਮਣ ਵਿਚ ਔਰਤ ਜਾਂ ਮਰਦ ਦਾ ਕੋਈ ਹੱਥ ਨਹੀਂ ਹੈ। ਹਾਂ ਜੇ ਕੁਦਰਤ ਦੀ ਇਸ ਪ੍ਰਕਿਰਿਆ ਨੂੰ ਧਿਆਨ ਨਾਲ ਦੇਖੀਏ ਤਾਂ ਇਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਜੇ ਲਿੰਗ ਨਿਰਧਾਰਤ ਕਰਨਾ ਵਾਲਾ ਐਕਸ (X) ਜਾਂ ਵਾਈ (Y) ਗੁਣਸੂਤਰ ਮਰਦ ਵੱਲੋਂ ਜਾਂਦਾ ਹੈ ਤਾਂ ਹੋਣ ਵਾਲੀ ਸੰਤਾਨ ਦੇ ਲਿੰਗ ਨਿਰਧਾਰਤ ਸਬੰਧੀ ਮਰਦ ਹੀ ਜ਼ਿੰਮੇਵਾਰ ਹੋ ਸਕਦਾ ਹੈ, ਔਰਤ ਬਿਲਕੁਲ ਨਹੀਂ। ਭਾਵੇਂ ਇਸ ਸੰਤਾਨ ਦੀ ਲਿੰਗ ਨਿਰਧਾਰਨ ਕਰਨਾ ਵਾਲਾ ਗੁਣਸੂਤਰ ਜਾਂਦਾ ਮਰਦ ਵਾਲੇ ਪਾਸਿਉਂ ਹੀ ਹੈ। ਔਰਤ ਉਤੇ ਕੁੜੀ ਜੰਮਣ 'ਤੇ ਕੀਤਾ ਜਾਂਦਾ ਮਾਨਸਿਕ ਜਬਰ ਕਿੰਨਾ ਗਲਤ ਅਤੇ ਹਾਸੋਹੀਣਾ ਹੈ, ਇਹ ਸਵੈ-ਸਪਸ਼ਟ ਹੀ ਹੈ।

ਔਰਤ ਅਤੇ ਮਰਦ ਦੇ ਕਾਮੁਕ ਰਿਸ਼ਤੇ ਨੂੰ ਜੀਵ-ਵਿਗਿਆਨਕ ਆਧਾਰਾਂ ਤੇ ਦੇਖੀਏ ਤਾਂ ਪਤਾ ਚਲਦਾ ਹੈ ਕਿ ਔਰਤ ਉਪਰ ਬੱਚੇ ਨੂੰ ਜਨਮ ਦੇਣ ਦੀ ਕੁਦਰਤ ਵੱਲੋਂ ਠੋਸੀ ਜ਼ਿੰਮੇਵਾਰੀ ਹੋਣ ਕਾਰਨ ਸਰੀਰਕ ਬਣਤਰ ਮਰਦ ਨਾਲੋਂ ਵੱਖਰੀ ਹੁੰਦੀ ਹੈ। ਉਹ ਮੁਟਿਆਰ ਹੋਣ ਤੇ ਹਰ ਮਹੀਨੇ ਮਾਹਵਾਰੀ ਸਮੇਂ ਜੋ ਦਰਦ ਉਠਾਉਂਦੀ ਹੈ, ਉਹ ਦਰਦ ਇਕ ਬੱਚੇ ਨੂੰ ਧਾਰਨ ਕਰਨ ਦੀ ਕੁਦਰਤੀ ਤਿਆਰੀ ਦੇ ਫਲਸਰੂਪ ਪੈਦਾ ਹੁੰਦਾ ਹੈ। ਇਸ ਪ੍ਰਕਾਰ ਉਸ ਦਾ ਜਣੇਪੇ ਸਮੇਂ ਸਰੀਰਕ ਤਕਲੀਫ ਉਠਾਉਣ ਵਿਚ ਮਰਨ ਦਾ ਵੀ ਡਰ ਸ਼ਾਮਿਲ ਰਹਿੰਦਾ ਹੈ। ਇਸ ਤੋਂ ਬਾਅਦ ਬੱਚੇ ਨੂੰ ਮਾਂ ਵੱਲੋਂ ਆਪਣਾ ਦੁੱਧ ਪਿਲਾਉਣ ਆਦਿ ਉਸ ਦੇ ਜ਼ਿੰਮੇ ਲੱਗੀਆਂ ਕੁਦਰਤੀ ਜ਼ਿੰਮੇਵਾਰੀਆਂ ਹਨ। ਸੋ ਔਰਤ ਮਨੁੱਖੀ ਨਸਲ ਨੂੰ ਅੱਗੇ ਤੋਰਨ ਲਈ ਆਪਣੇ ਉਪਰ ਕੁਦਰਤ ਵੱਲੋਂ ਲਗਾਈਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦੀ ਹੈ। ਇਸੇ ਕਾਰਨ ਉਸ ਦਾ ਸਰੀਰਕ ਵਿਕਾਸ ਵੱਖਰੀ ਦਿਸ਼ਾ ਵੱਲ ਹੁੰਦਾ ਹੈ।

ਔਰਤ ਅਤੇ ਮਰਦ ਦੇ ਆਪਸੀ ਸਬੰਧਾਂ ਬਾਰੇ ਗੱਲ ਕਰਦਿਆਂ ਜਦੋਂ ਅਸੀਂ ਔਰਤ ਦੀ ਜੀਵ-ਵਿਗਿਆਨਕ ਪੱਖੋਂ ਬਣਤਰ ਨੂੰ ਵਾਚਦੇ ਹਾਂ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਔਰਤ ਅਤੇ ਮਰਦ ਵਿਚ ਸਰੀਰਕ ਬਣਤਰ ਪੱਖੋਂ ਵਿਭਿੰਨਤਾਵਾਂ ਹਨ। ਔਰਤ ਦਾ ਸਰੀਰਕ ਵਿਕਾਸ ਬੱਚੇ ਨੂੰ ਜਨਮ ਦੇਣ ਦੀਆਂ ਲੋੜਾਂ ਅਨੁਸਾਰ ਹੋਇਆ ਹੋਣ ਕਾਰਨ, ਉਹ ਕਈ ਖੇਤਰਾਂ ਵਿਚ ਮਰਦ ਦੇ ਮੁਕਾਬਲੇ ਪਛੜ (ਵੱਖਰੀ ਹੋ) ਜਾਂਦੀ ਹੈ। ਔਰਤ ਆਪਣੀ ਜ਼ਿੰਦਗੀ ਤੇ ਆਪਣੇ ਸਰੀਰ ਦਾ ਬਹੁਤਾ ਭਾਗ ਸਮੁੱਚੀ ਨਸਲ ਨੂੰ ਅੱਗੇ ਤੋਰਨ ਵਿਚ ਸਮਰਪਿਤ ਕਰਦੀ ਹੈ, ਜਦੋਂ ਕਿ ਮਰਦ ਆਪਣੀ ਨਿੱਜੀ ਜ਼ਿੰਦਗੀ ਅਤੇ ਸਰੀਰ ਦਾ ਬਹੁਤਾ ਘੱਟ ਭਾਗ ਸਮੁੱਚੀ ਨਸਲ ਨੂੰ ਅੱਗੇ ਤੋਰਨ ਵਿਚ ਸਮਰਪਿਤ ਕਰਦਾ ਹੈ। ਇਸੇ

ਲਈ ਮਰਦ ਜ਼ਿੰਦਗੀ ਦੇ ਹੋਰ ਖੇਤਰਾਂ ਵਿਚ ਅੱਗੇ ਵਧ ਜਾਂਦਾ ਹੈ। ਪਰ ਉਸ ਨੇ ਇਨ੍ਹਾਂ ਖੇਤਰਾਂ ਵਿਚ ਅੱਗੇ ਵੱਧ ਜਾਣ ਨੂੰ ਹੀ ਆਪਣੀ ਸ਼੍ਰੇਸ਼ਟਤਾ ਦੇ ਪ੍ਰਮਾਣ ਵਜੋਂ ਵਰਤਿਆ ਹੈ, ਜਦੋਂ ਕਿ ਉਸਨੇ ਆਪਣੀ ਹੀ ਨਸਲ ਦੀ ਦੂਜੀ ਜਿਣਸ ਦੀ ਦੇਣ ਨੂੰ ਛੁਟਿਆ ਕੇ ਦੇਖਣਾ ਸ਼ੁਰੂ ਕਰ ਦਿੱਤਾ ਹੈ।

ਮਨੋਵਿਗਿਆਨ ਆਧਾਰ

ਔਰਤ ਦਾ ਸਰੀਰ ਹੀ ਉਸ ਦੀ ਚੇਤਨਾ ਨੂੰ ਨਿਰਧਾਰਤ ਨਹੀਂ ਕਰਦਾ ਸਗੋਂ ਉਸ ਨੂੰ ਸਮਾਜ ਵਿਚੋਂ ਹਾਸਲ ਹੋਈ ਚੇਤਨਾ ਵੀ ਉਸ ਦੀ ਵਿਅਕਤੀਗਤ ਚੇਤਨਾ ਨੂੰ ਨਿਰਧਾਰਤ ਕਰਦੀ ਹੈ। ਸਗੋਂ ਵਧੇਰੇ ਠੀਕ ਸ਼ਬਦਾਂ ਵਿਚ ਔਰਤ ਦਾ ਸਰੀਰ ਬਾਹਰਮੁਖੀ ਹਾਲਤਾਂ ਦੇ ਅਨੁਭਵ ਕਰਕੇ ਜੋ ਚੇਤਨਾ ਬਣਾਉਂਦਾ ਹੈ, ਉਹੀ ਉਸ ਦੀ ਚੇਤਨਾ ਨਹੀਂ ਸਗੋਂ ਉਸ ਨੂੰ ਮਾਨਸਿਕ ਵਿਚਾਰ ਵੀ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਮਿਲਦੇ ਹਨ। ਇਸ ਕਾਰਨ ਔਰਤ ਦੀ ਚੇਤਨਾ ਨੂੰ ਨਿਰਧਾਰਤ ਕਰਨ ਵਾਲਾ ਉਸ ਦਾ ਸਰੀਰ ਹੀ ਨਹੀਂ ਸਗੋਂ ਸਰੀਰ ਤੋਂ ਬਾਹਰ ਵੀ ਕੁਝ ਹੈ, ਜਿਹੜਾ ਭਾਵੇਂ ਆਧਾਰ ਰੂਪ ਵਿਚ ਸਰੀਰ 'ਤੇ ਹੀ ਆਧਾਰਤ ਹੈ। ਇਸ ਲਈ ਸੈਮੋਨ-ਡੀ-ਬੇਵਰ (Simone De Beauvoir) ਆਖਦੀ ਹੈ ਕਿ ਇਹ ਕੁਦਰਤ ਨਹੀਂ ਜੋ ਔਰਤ ਨੂੰ ਪਰਿਭਾਸ਼ਤ ਕਰਦੀ ਹੈ ਸਗੋਂ ਇਹ ਉਹ ਆਪ ਹੈ ਜੋ ਆਪਣੇ ਆਪ ਨੂੰ ਕੁਦਰਤ ਨਾਲ ਵਿਹਾਰ ਕਰਦਿਆਂ ਆਪਣੇ ਢੰਗ ਨਾਲ ਭਾਵਨਾਤਮਿਕ ਜੀਵਨ ਵਿਚ ਮਹਿਸੂਸ ਕਰਦੀ ਹੈ।

ਔਰਤ ਦੀ ਚੇਤਨਾ ਨੂੰ ਪ੍ਰਭਾਵਿਤ ਕਰਨ ਵਾਲਾ ਅਹਿਮ ਤੱਤ ਉਸ ਦੇ ਉਪਰ ਜਨਮ ਤੋਂ ਹੀ ਪੈਣ ਵਾਲੇ ਮਨੋ-ਵਿਗਿਆਨਕ ਪ੍ਰਭਾਵ ਹਨ। ਆਰੰਭ ਤੋਂ ਹੀ ਲਿੰਗ-ਭੇਦ ਰਾਹੀਂ ਉਸਨੂੰ ਸਿਖਾਇਆ ਜਾਂਦਾ ਹੈ ਕਿ ਆਹ ਕਰਨਾ ਹੈ' 'ਔਹ ਨਹੀਂ ਕਰਨਾ'। ਆਰੰਭ ਤੋਂ ਹੀ ਉਸ ਨੂੰ ਆਉਣ ਵਾਲੇ ਸਮੇਂ ਲਈ ਤਿਆਰ ਕੀਤਾ ਜਾਂਦਾ ਹੈ। ਬਚਪਨ ਵਿਚ ਹੀ ਮਾਂ-ਬਾਪ ਉਸ ਨੂੰ ਸਹੁਰੇ ਘਰ ਇਕ ਔਰਤ ਵਜੋਂ ਪ੍ਰਵਾਨ ਹੋਣ ਲਈ ਸਿੱਖਿਆ ਦੇਣੀ ਸ਼ੁਰੂ ਕਰ ਦਿੰਦੇ ਹਨ। ਉਸ ਦੀ ਸੁਚੇਤ ਅਤੇ ਅਚੇਤ ਪੱਧਰ ਤੇ ਚੱਲ ਰਹੀ ਇਹ ਟ੍ਰੇਨਿੰਗ ਉਸ ਉਪਰ ਪ੍ਰਭਾਵਸ਼ਾਲੀ ਢੰਗ ਨਾਲ ਅਸਰ ਪਾਉਂਦੀ ਹੈ। ਉਹ ਆਪਣੇ ਆਪ ਨੂੰ ਇਕ ਆਦਰਸ਼ਕ ਪਤਨੀ ਦੇ ਤੌਰ ਤੇ ਢਾਲਣਾ ਸ਼ੁਰੂ ਕਰ ਦਿੰਦੀ ਹੈ। ਉਸਨੂੰ ਆਪਣੇ ਆਪ ਲਈ ਜਿਉਂਣ ਦੀ ਥਾਂ ਕਿਸੇ ਹੋਰ ਲਈ ਜਿਉਣ ਦਾ ਪਾਠ ਪੜ੍ਹਵਾਇਆ ਜਾਂਦਾ ਹੈ। ਮਰਦ ਆਪਣੇ ਆਪ ਲਈ ਜਿਉਂਦਾ ਹੈ ਜਾਂ ਆਪਣੇ ਕਬੀਲੇ, ਦੇਸ਼ ਲਈ ਪਰ ਔਰਤ ਕੇਵਲ ਆਪਣੇ ਮਰਦ ਲਈ ਜਿਉਂਦੀ ਹੈ। ਇਹ ਨਿਰੰਤਰ ਸਮਾਜਕ ਸਿੱਖਿਆ ਉਸ ਦਾ ਮਾਨਸਿਕ ਸੰਰਚਨਾ ਬਣਾਉਣ ਵਿਚ ਅਹਿਮ ਹਿੱਸਾ ਪਾਉਂਦੀ ਹੈ। ਇਸ ਪ੍ਰਕਾਰ ਔਰਤ ਦੀ ਚੇਤਨਾ ਨੂੰ ਢਾਲਣ ਵਿਚ ਮਨੋਵਿਗਿਆਨਕ ਕਾਰਨ ਸ਼ਕਤੀਸ਼ਾਲੀ ਕਾਰਕ ਵਜੋਂ ਕੰਮ ਕਰਦੇ ਹਨ।

***

ਇਤਿਹਾਸਕ ਆਧਾਰ
(ਇਤਿਹਾਸਕ ਪਦਾਰਥਵਾਦੀ ਦ੍ਰਿਸ਼ਟੀਕੋਣ)

ਇਤਿਹਾਸਕ ਵਿਧੀ ਰਾਹੀਂ ਔਰਤ ਦੀ ਦਸ਼ਾ ਨੂੰ ਜਾਣਨ ਲਈ ਸਾਨੂੰ ਇਤਿਹਾਸਕ ਪੱਖ ਤੋਂ ਦੋ ਦਿਸ਼ਾਵਾਂ ਵੱਲ ਤੁਰਨਾ ਪੈਂਦਾ ਹੈ। ਇਕ ਪਾਸੇ ਤਾਂ ਇਹ ਕਿ ਸਮਾਜ ਦੇ ਵੱਖ-ਵੱਖ ਪੜਾਵਾਂ ਤੇ ਔਰਤ ਦੀ ਸਮਾਜਿਕ ਸਥਿਤੀ ਕਿਹੋ ਜਿਹੀ ਰਹੀ, ਇਸ ਦਾ ਇਤਿਹਾਸਕ ਪਰਿਪੇਖ ਅਤੇ ਦੂਸਰਾ ਪਦਾਰਥਵਾਦ ਦੀ ਦ੍ਰਿਸ਼ਟੀ ਜੋ ਸਮੁੱਚੇ ਮਨੁੱਖੀ ਸਮਾਜ ਦੇ ਇਤਿਹਾਸ ਨੂੰ ਵੇਖਣ ਦੀ ਪਦਾਰਥਵਾਦੀ ਵਿਧੀ ਹੈ। ਅਸੀਂ ਇਥੇ ਮਨੁੱਖੀ ਸਮਾਜ ਦੇ ਇਤਿਹਾਸ ਦੀ ਪਦਾਰਥਵਾਦੀ ਵਿਧੀ ਰਾਹੀਂ ਸਮਾਜ ਵਿਚ ਔਰਤ ਦੇ ਰੁਤਬੇ ਦੇ ਬਦਲਦੇ ਇਤਿਹਾਸ ਵੱਲ ਧਿਆਨ ਦੇਵਾਂਗੇ। ਇਤਿਹਾਸਕ ਪਦਾਰਥਵਾਦ ਦੀ ਦ੍ਰਿਸ਼ਟੀ ਤੋਂ ਮਨੁੱਖੀ ਸਮਾਜ ਨੂੰ ਦਰਸਾਉਣ ਵਾਲੀ ਪੁਸਤਕ ਫਰੈਡਰਿਕ ਏਂਗਲਜ਼ ਦੀ 'ਟੱਬਰ, ਨਿੱਜੀ ਜਾਇਦਾਦ ਤੇ ਰਾਜ ਦਾ ਮੁੱਢ' ਹੈ, ਜੋ ਅੱਗੋਂ ਲੂਈ ਐਚ. ਮਾਰਗਨ ਦੀਆਂ ਖੋਜਾਂ ਤੇ ਆਧਾਰਤ ਹੈ। ਏਂਗਲਜ਼ ਨੇ ਸਮੁੱਚੇ ਸਮਾਜ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ।

1. ਵਹਿਸ਼ੀਪੁਣੇ ਦਾ ਯੁੱਗ
2. ਬਰਬਰੀਅਤ ਦਾ ਯੁੱਗ
3. ਸਭਿਅਤ ਦਾ ਯੁੱਗ

ਅੱਗੇ ਵਹਿਸ਼ੀਪੁਣੇ ਦੇ ਯੁੱਗ ਨੂੰ ਉਸ ਨੇ ਤਿੰਨ ਭਾਗਾਂ ਵਿਚ ਵੰਡਿਆ ਹੈ।

ਮੁਢਲਾ ਪੜਾਅ, ਜਿਸ ਬਾਰੇ ਸਾਨੂੰ ਕੋਈ ਤੱਥਗਤ ਜਾਣਕਾਰੀ ਨਹੀਂ, ਸਿਰਫ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਜਦੋਂ ਮਨੁੱਖ ਪਸ਼ੂ ਜਗਤ ਤੋਂ ਆਪਣੇ ਆਪ ਨੂੰ ਨਿਖੇੜ ਰਿਹਾ ਸੀ, ਉਸ ਸਮੇਂ ਇਹ ਯੁੱਗ ਸੀ। ਵਹਿਸ਼ੀਪੁਣੇ ਦੇ ਵਿਚਕਾਰਲੇ ਸਮੇਂ ਪੱਥਰ ਦੇ ਅਣਘੜ ਸੰਦ ਵਰਤਣ ਅਤੇ ਅੱਗ ਬਾਲਣ ਦਾ ਹੁਨਰ ਆ ਚੁੱਕਾ ਸੀ। ਕੁਦਰਤੀ ਤੌਰ ਤੇ ਪ੍ਰਾਪਤ ਖਾਧ-ਖੁਰਾਕ ਦੇ ਨਾਲ ਸ਼ਿਕਾਰ ਵੀ ਮਨੁੱਖ ਦਾ ਹਿੱਸਾ ਬਣਦਾ ਜਾਂਦਾ ਸੀ। ਵਹਿਸ਼ੀਪੁਣੇ ਦਾ ਮਗਰਲਾ ਪੜਾਅ ਤੀਰ-ਕਮਾਨ ਦੀ ਕਾਢ ਨਾਲ ਸ਼ੁਰੂ ਹੋਇਆ। ਇਸ ਸਮੇਂ ਬੇੜੀ ਦੀ ਈਜਾਦ ਵੀ ਸ਼ਾਇਦ ਹੋ ਚੁੱਕੀ ਹੋਵੇ।

ਇਸ ਤੋਂ ਅਗਲਾ ਬਰਬਰੀਅਤ ਦੇ ਯੁੱਗ ਦਾ ਹੈ। ਇਸ ਨੂੰ ਵੀ ਏਂਗਲਜ਼ ਨੇ ਤਿੰਨ ਭਾਗਾਂ ਵਿਚ ਵੰਡਿਆ ਹੈ।

(ੳ) ਮੁਢਲਾ ਪੜਾਅ

(ਅ) ਵਿਚਕਾਰਲਾ ਪੜਾਅ

(ੲ) ਮਗਰਲਾ ਪੜਾਅ

ਬਰਬਰੀਅਤ ਦੇ ਮੁਢਲੇ ਪੜਾਅ ਦਾ ਆਰੰਭ ਮਿੱਟੀ ਦੇ ਭਾਂਡੇ ਬਨਾਉਣ ਤੋਂ ਹੋਇਆ। ਉਸ ਸਮੇਂ ਜਾਨਵਰਾਂ ਨੂੰ ਪਾਲਣਾ ਅਤੇ ਬੂਟਿਆਂ ਨੂੰ ਬੀਜਣਾ ਸ਼ੁਰੂ ਹੋ ਚੁੱਕਿਆ ਹੋਵੇਗਾ। ਇਸ ਸਮੇਂ ਸਾਰੀਆਂ ਜਾਤੀਆਂ ਦਾ ਵਿਕਾਸ ਬਿਲਕੁਲ ਇਕੋ ਜਿਹੇ ਢੰਗ ਨਾਲ ਨਹੀਂ ਹੋਇਆ। ਕੁਝ ਭੂਗੋਲਿਕ ਖਿੱਤਿਆਂ ਦੀਆਂ ਜਾਤੀਆਂ ਪਸ਼ੂ-ਪਾਲਣ ਵਿੱਚ ਅੱਗੇ ਲੰਘ ਗਈਆਂ ਅਤੇ ਕੁਝ ਬਿਜਾਈ ਵਿਚ। ਪਰ ਸਬੂਤ ਮਿਲਦੇ ਹਨ ਕਿ ਪਸ਼ੂ ਪਾਲਣਾ ਪਹਿਲਾਂ ਆਰੰਭ ਹੋਇਆ ਅਤੇ ਬਿਜਾਈ ਬਾਅਦ ਵਿਚ ਹੋਂਦ ਵਿਚ ਆਈ। ਬਰਬਰੀਅਤ ਦਾ ਮਗਰਲਾ ਪੜਾਅ ਕੱਚੇ ਲੋਹੇ ਨੂੰ ਪਿਘਲਾ ਕੇ ਸਾਫ ਕੀਤੇ ਜਾਣ ਤੋਂ ਸ਼ੁਰੂ ਹੋਇਆ। ਇਸੇ ਨਾਲ ਹੀ ਵੱਡੇ ਪੱਧਰ ਤੇ ਜ਼ਮੀਨ ਨੂੰ ਵਾਹੁਣਾ ਸੰਭਵ ਹੋਇਆ। ਇਹ ਸਮੁੱਚੇ ਵਿਕਾਸ ਨੂੰ ਏਂਗਲਜ਼ ਇਉਂ ਸੂਤਰਬੱਧ ਕਰਦਾ ਹੈ, **'ਵਹਿਸ਼ੀਪੁਣੇ ਦਾ ਯੁੱਗ - ਜਿਸ ਵਿਚ ਮਨੁੱਖ ਕੁਦਰਤ ਦੇ ਭੰਡਾਰੇ ਵਿਚੋਂ ਵਧੇਰੇ ਉਹੋ ਵਸਤਾਂ ਪ੍ਰਾਪਤ ਕਰਦਾ ਸੀ, ਜਿਹੜੀਆਂ ਖਾਣ ਪਾਣ ਲਈ ਤਿਆਰ ਮਿਲਦੀਆਂ ਸਨ, ਮਨੁੱਖ ਵਧੇਰੇ ਅਜਿਹੇ ਸੰਦ ਤਿਆਰ ਕਰਦਾ ਸੀ, ਜਿਨ੍ਹਾਂ ਨਾਲ ਇਨ੍ਹਾਂ ਚੀਜ਼ਾਂ ਨੂੰ ਪ੍ਰਾਪਤ ਕਰਨ ਵਿਚ ਸੌਖ ਹੋਵੇ। ਬਰਬਰੀਅਤ ਦਾ ਯੁੱਗ - ਜਿਸ ਵਿਚ ਮਨੁੱਖ ਨੇ ਪਸ਼ੂ ਪਾਲਣਾ ਤੇ ਖੇਤੀ ਕਰਨਾ ਭਾਵ ਆਪਣੀ ਮਿਹਨਤ ਨਾਲ ਕੁਦਰਤ ਦੀ ਉਪਜਾਇਕਤਾ ਨੂੰ ਵਧਾਉਣ ਦਾ ਢੰਗ ਸਿੱਖਿਆ। ਸਭਿਅਤਾ ਦਾ ਯੁੱਗ - ਜਿਸ ਵਿਚ ਮਨੁੱਖ ਨੇ ਕੁਦਰਤ ਦੀਆਂ ਦਾਤਾਂ ਤੋਂ ਵਧੇਰੇ ਕੰਮ ਲੈਣਾ ਸਿੱਖ ਲਿਆ ਅਤੇ ਸਨਅਤ ਤੇ ਕਲਾਵਾਂ ਦੀ ਜਾਣਕਾਰੀ ਪ੍ਰਾਪਤ ਕਰ ਲਈ।'**

ਏਂਗਲਜ਼ ਦਰਸਾਉਂਦਾ ਹੈ ਕਿ ਸਮਾਜ ਦੇ ਵਿਕਾਸ ਅਤੇ ਤਕਨੀਕ ਦਾ ਬੜਾ ਸਿੱਧਾ ਸਬੰਧ ਹੈ। ਟੱਬਰ ਦਾ ਵਿਕਾਸ ਵੀ ਵੱਖੋ ਵੱਖ ਇਤਿਹਾਸਕ ਪੜਾਵਾਂ ਰਾਹੀਂ ਹੋਂਦ ਵਿਚ ਆਇਆ। ਅਰੰਭਕ ਸਮੇਂ ਵਿਚ ਪਹਿਲਾ ਪੜਾਅ ਸਹਿਗੋਤਰਤਾ ਦਾ ਸੀ, ਉਸ ਸਮੇਂ ਕਿਸੇ ਝੁੰਡ ਦੇ ਸਾਰੇ ਔਰਤ ਮਰਦ ਇਕ ਦੂਸਰੇ ਦੇ ਪਤੀ ਪਤਨੀ ਸਨ ਪਰ ਛੇਤੀ ਹੀ ਇਹ ਵੰਡ ਪੀੜ੍ਹੀਆਂ ਤਕ ਸੀਮਤ ਹੋ ਗਈ ਹੋਵੇਗੀ। ਯਾਨਿ ਕਿ ਮਾਪਿਆਂ ਤੇ ਬੱਚਿਆਂ ਦੇ ਆਪੋ ਵਿਚ ਜਿਨਸੀ ਸਬੰਧਾਂ ਦਾ ਰਿਵਾਜ ਬੰਦ ਹੋਇਆ ਤਾਂ ਇਸ ਤੋਂ ਦੂਜਾ ਕਦਮ ਇਹ ਸੀ ਕਿ ਭੈਣ-ਭਰਾਵਾਂ ਵਿਚ ਵੀ ਇਹ ਸਬੰਧ ਖਤਮ ਕੀਤਾ ਗਿਆ। ਪਰ ਇਹ ਕੰਮ ਪਹਿਲੇ ਦੇ ਮੁਕਾਬਲੇ ਕਿਤੇ ਵਧੇਰੇ ਔਖਾ ਸੀ ਕਿਉਂਕਿ ਪਹਿਲਾਂ ਉਮਰ ਅਸਰ-ਅੰਦਾਜ਼ ਹੁੰਦੀ ਸੀ ਪਰ ਇਸ ਵਿਚ ਭੈਣ-ਭਰਾਵਾਂ ਦੀ ਇਕੋ ਉਮਰ ਹੋਣ ਕਾਰਨ ਇਹ ਬੰਦਿਸ਼ ਲਾਉਣੀ ਔਖੀ ਸੀ। ਫਿਰ ਵੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਮਨੁੱਖ ਨੇ ਕਿਵੇਂ ਨਾ ਕਿਵੇਂ ਇਹ ਸਮਝ ਲਿਆ ਸੀ ਕਿ ਆਪੋ ਵਿਚੀ ਸੰਤਾਨ ਪੈਦਾ ਕਰਨੀ ਸਮੁੱਚੀ ਨਸਲ ਲਈ ਮਾੜੀ ਹੈ। ਇੱਕ ਪਾਸੇ ਤਾਂ ਇਹ ਆਪਸੀ ਈਰਖਾ ਨੂੰ ਜਨਮ ਦਿੰਦੀ ਹੈ,

ਦੂਜੇ ਪਾਸੇ ਕੁਦਰਤੀ ਚੋਣ ਦੇ ਸਿਧਾਂਤ ਅਨੁਸਾਰ ਜੀਵ-ਵਿਕਾਸ ਪੱਖੋਂ ਮਾਰੂ ਸੀ। ਇਸ ਕਾਰਨ ਇਸ ਤੇ ਉਘੜੇ ਦੁੱਗੜੇ ਢੰਗਾਂ ਨਾਲ ਬੰਧਨ ਲਗਾਉਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ ਜਿਵੇਂ ਕਿ ਏਂਗਲਜ਼ ਲਿਖਦਾ ਹੈ, "ਬਹੁਤ ਨੇੜੇ ਦੇ ਰਿਸ਼ਤੇਦਾਰਾਂ ਵਿਚ ਵਿਆਹ ਕਰਨ ਅਤੇ ਬੱਚੇ ਪੈਦਾ ਕਰਨ ਦੇ ਰਿਵਾਜ ਉੱਤੇ ਬੰਦਿਸ਼ ਲਾਉਣ ਦਾ ਜਜ਼ਬਾ ਵਾਰ-ਵਾਰ ਅਸਰ ਪਾਉਂਦਾ ਰਿਹਾ। ਪਰ ਉਦੇਸ਼ ਦੀ ਸਪਸ਼ਟਤਾ ਦਾ ਅਨੁਭਵ ਨਾ ਹੋਣ ਕਾਰਨ ਉਹ ਆਪਣੇ ਆਪ ਭਾਵ ਹਨ੍ਹੇਰੇ ਵਿਚ ਰਾਹ ਟਟੋਲਦੇ ਹੋਏ ਅਗਾਂਹ ਵਧਦਾ ਹੈ।" ਇਸ ਲਈ ਇਕ ਟੋਲੀ ਦੂਸਰੀ ਟੋਲੀ ਨਾਲ ਸਬੰਧ ਬਣਾਉਂਦੀ ਤਾਂ ਇਕ ਟੋਲੀ ਦਾ ਦੂਸਰੀ ਟੋਲੀ ਨਾਲ ਵਿਆਹ ਹੁੰਦਾ। ਇਕ ਟੋਲੀ ਦੀਆਂ ਔਰਤਾਂ ਦੂਜੀ ਟੋਲੀ ਦੀਆਂ ਸਾਂਝੀਆਂ ਪਤਨੀਆਂ ਸਨ। ਇਸੇ ਸਮੇਂ ਪੀੜ੍ਹੀ ਜਾਂ ਨਸਲ ਮਾਂ ਵੱਲੋਂ ਤੁਰਦੀ ਸੀ ਕਿਉਂਕਿ ਬੱਚੇ ਨੂੰ ਜਨਮ ਦੇਣ ਕਾਰਨ ਮਾਂ ਬਾਰੇ ਹੀ ਪੱਕਾ ਨਿਰਨਾ ਹੋ ਸਕਦਾ ਸੀ, ਬੱਚੇ ਦੇ ਬਾਪ ਬਾਰੇ ਪੱਕ ਨਾਲ ਨਹੀਂ ਕਿਹਾ ਜਾ ਸਕਦਾ ਸੀ।

ਜੋੜਾ ਬਣਾ ਕੇ ਰਹਿਣ ਦਾ ਰਿਵਾਜ ਟੋਲੀ ਵਿਆਹ ਸਮੇਂ ਹੀ ਪ੍ਰਚੱਲਤ ਹੋ ਚੁੱਕਾ ਸੀ। ਮਰਦ ਤੇ ਔਰਤ ਜੋੜਾ ਬਣਾ ਕੇ ਰਹਿੰਦੇ ਸਨ ਪਰ ਉਹ ਇਸ ਵਿਆਹ ਰਿਸ਼ਤੇ ਨੂੰ ਜਦੋਂ ਚਾਹੁਣ ਸੌਖਿਆਂ ਹੀ ਤੋੜ ਸਕਦੇ ਸਨ। ਇਸ ਸਮੇਂ ਸੰਤਾਨ ਦਾ ਸਬੰਧ ਮਾਂ ਨਾਲ ਸੀ, ਮਾਤਰੀ ਪ੍ਰਧਾਨ ਗਣ ਕਬੀਲਾ ਸਮਾਜ ਦੀ ਇਕਾਈ ਹੋਣ ਕਾਰਨ ਮਰਦ ਗਣ ਵਿਚ ਬਾਹਰੋਂ ਆਉਂਦੇ ਸਨ। ਝਗੜੇ ਦਾ ਹਾਲਤ ਵਿਚ ਮਰਦ ਨੂੰ ਆਪਣੇ ਹਥਲੇ ਸੰਦ ਲੈ ਕੇ ਗਣ ਤੋਂ ਬਾਹਰ ਜਾਣਾ ਪੈਂਦਾ ਸੀ ਤੇ ਬੱਚੇ ਮਾਂ ਕੋਲ ਹੀ ਰਹਿੰਦੇ ਸਨ। ਇਸ ਕਾਰਨ ਸਮਾਜ ਵਿਚ ਔਰਤ ਦਾ ਇੱਜ਼ਤਦਾਰ ਸਥਾਨ ਸੀ। ਪਰ ਇਸ ਸਮੇਂ ਤਕਨੀਕ ਵਿਕਸਤ ਹੋ ਰਹੀ ਸੀ, ਉਸ ਨੇ ਸਮਾਜੀ ਬਣਤਰ ਤੇ ਆਪਣਾ ਅਸਰ ਪਾਉਣਾ ਸ਼ੁਰੂ ਕਰ ਦਿੱਤਾ। ਬਰਬਰੀਅਤ ਦੇ ਵਿਚਕਾਰਲੇ ਸਮੇਂ ਤਕ ਜਦੋਂ ਇਕ ਕਬੀਲਾ ਦੂਜੇ ਕਬੀਲੇ ਨੂੰ ਫਤਿਹ ਕਰਦਾ ਸੀ ਤਾਂ ਉਸ ਦਾ ਮਕਸਦ ਸਿਰਫ ਕੁਦਰਤੀ ਧਰਤੀ ਤੇ ਕਬਜ਼ਾ ਕਰਨਾ ਹੁੰਦਾ ਸੀ। ਮਨੁੱਖ ਇਨ੍ਹਾਂ ਲਈ ਕਿਸੇ ਪੱਖੋਂ ਵੀ ਕੋਈ ਜ਼ਿਆਦਾ ਮਹੱਤਵ ਨਹੀਂ ਰੱਖਦੇ ਸਨ। ਉਹ ਉਨ੍ਹਾਂ ਨੂੰ ਆਪਣੇ ਕਬੀਲੇ ਵਿਚ ਮਿਲਾ ਲੈਂਦੇ ਸਨ ਕਿਉਂਕਿ ਹਰ ਮੱਨੁਖ ਆਪਣੇ ਜਿਉਂਦੇ ਰਹਿਣ ਜੋਗੀ ਹੀ ਖੁਰਾਕ ਪੈਦਾ ਕਰਦਾ ਸੀ। ਪਰ ਇਸ ਤੋਂ ਬਾਅਦ ਲੋਹੇ ਦੀ ਖੋਜ ਨਾਲ ਫਸਲ ਬੀਜਣ ਦੀ ਤਕਨੀਕ ਉਨਤ ਹੋਣ ਨਾਲ ਇੱਕ ਮਨੁੱਖ ਆਪਣੀ ਲੋੜ ਤੋਂ ਵੱਧ ਉਤਪਾਦਨ ਕਰਨ ਦੇ ਸਮੱਰਥ ਹੋ ਗਿਆ, ਜੋ ਕਿਸੇ ਹੋਰ ਨੂੰ ਦਿੱਤਾ ਜਾ ਸਕਦਾ ਸੀ ਜਾਂ ਕਿਸੇ ਹੋਰ ਤੋਂ ਖੋਹਿਆ ਜਾ ਸਕਦਾ ਸੀ। ਇਸ ਸਮੇਂ ਹੀ ਗੁਲਾਮਦਾਰੀ ਪ੍ਰਥਾ ਦਾ ਆਰੰਭ ਹੋਇਆ ਅਤੇ ਪੁਰਾਣਾ ਮਾਤਰੀ ਪ੍ਰਧਾਨ ਜੋੜਾ ਵਿਆਹ ਵਿਚ ਇਸ ਨੇ ਫ਼ੈਸਲਾਕੁੰਨ ਪ੍ਰਭਾਵ ਪਾਇਆ। ਹੁਣ ਜੋੜਾ ਵਿਆਹ ਟੁੱਟਣ ਦੀ ਹਾਲਤ ਵਿਚ ਮਰਦ ਨੂੰ ਪਹਿਲਾਂ ਵਾਂਗ ਆਪਣੇ ਸੰਦ ਲੈ ਕੇ ਤੁਰ ਜਾਣਾ ਔਖਾ ਲੱਗਿਆ ਕਿਉਂਕਿ ਹੁਣ ਵਾਧੂ ਜਾਇਦਾਦ ਦੀ ਵੀ ਸਮੱਸਿਆ ਸੀ ਅਤੇ ਇਸ ਦੇ ਨਾਲ ਹੀ ਜੋੜਾ ਵਿਆਹ ਦੇ ਹੁਣ ਤੱਕ ਦੇ

ਵਿਕਾਸ ਅਨੁਸਾਰ ਇਹ ਕਿਸੇ ਹੱਦ ਤੱਕ ਸੰਭਵ ਹੋ ਚੁੱਕਿਆ ਸੀ ਕਿ ਬਹੁਤ ਸਾਰੇ 'ਪਿਉਆਂ' ਵਿਚੋਂ 'ਪਿਉ' ਨੂੰ ਵੱਧ ਪ੍ਰਵਾਨਤ ਮੰਨਿਆ ਜਾ ਸਕੇ। ਇਸੇ ਸਮੇਂ ਹੀ ਸਮਾਜ ਦਾ ਵਿਕਾਸ ਨਵੀਆਂ ਦਿਸ਼ਾਵਾਂ ਵੱਲ ਚੱਲ ਪਿਆ। ਵੰਸ਼ ਮਾਂ ਦੀ ਥਾਂ ਪਿਉ ਵੱਲੋਂ ਚੱਲਣ ਲੱਗ ਪਿਆ। ਜਾਇਦਾਦ ਵਾਂਗ ਬੱਚਿਆਂ ਉਪਰ ਵੀ ਉਸ ਦਾ ਅਧਿਕਾਰ ਹੋ ਗਿਆ। ਇਸ ਸਬੰਧੀ ਏਂਗਲਜ਼ ਨੇ ਲਿਖਿਆ ਹੈ ਕਿ "ਔਰਤਾਂ ਤੋਂ ਨਸਲ ਦੀ ਲੜੀ ਅਤੇ ਮਾਂ ਤੋਂ ਵਿਰਾਸਤ ਪਾਉਣ ਦਾ ਅਧਿਕਾਰ ਖਤਮ ਹੋ ਗਿਆ। ਅਤੇ ਇਸ ਦੇ ਟਾਕਰੇ ਵਿਚ ਮਰਦਾਂ ਤੋਂ ਨਸਲ ਦੀ ਲੜੀ ਤੇ ਪਿਉ ਤੋਂ ਵਿਰਾਸਤ ਪਾਉਣ ਦਾ ਅਧਿਕਾਰ ਸਥਾਪਤ ਹੋ ਗਿਆ। ਸਭਿਆ ਕੌਮਾਂ ਵਿਚ ਇਹ ਇਨਕਲਾਬ ਕਦੋਂ ਤੇ ਕਿਵੇਂ ਹੋਇਆ, ਇਸ ਬਾਰੇ ਅਸੀਂ ਕੁਝ ਨਹੀਂ ਜਾਣਦੇ। ਇਹ ਪੂਰਵ-ਇਤਿਹਾਸ ਦੀ ਗੱਲ ਹੈ। ਇਸ ਦੇ ਅਸੀਂ ਸਿੱਧੇ ਪ੍ਰਮਾਣ ਨਹੀਂ ਜੁਟਾ ਸਕਦੇ ਸਿਰਫ ਪੁਰਾਤਨ ਕਬੀਲਿਆਂ ਦੀਆਂ ਚਿੰਨ੍ਹ ਰੂਪ ਵਿਚ ਬਚੀਆਂ, ਰਸਮਾਂ ਰਿਵਾਜਾਂ ਤੋਂ ਅਨੁਮਾਨ ਲਗਾ ਸਕਦੇ ਹਾਂ। **ਇਸ ਤਬਦੀਲੀ ਨੂੰ ਏਂਗਲਜ਼ 'ਮਾਤਰੀ ਅਧਿਕਾਰਾਂ ਦਾ ਖਾਤਮਾ' ਤੇ ਔਰਤਾਂ ਦੀ ਸੰਸਾਰ ਵਿਆਪੀ ਇਤਿਹਾਸਕ ਹਾਰ ਵਜੋਂ ਬਿਆਨਦਾ ਹੈ।**

ਜੋੜਾ ਵਿਆਹ ਨੇ ਬੜੀ ਛੇਤੀ ਉਨਤੀ ਕੀਤੀ ਤੇ ਇਹ ਇਕ ਪਤੀ ਵਿਆਹ ਪ੍ਰਬੰਧ ਵਿਚ ਬਦਲ ਗਿਆ, ਜਿਸ ਵਿਚ ਔਰਤ ਦਾ ਤਾਂ ਹਰ ਹਾਲਤ ਵਿਚ ਇਕ ਹੀ ਪਤੀ ਹੋ ਸਕਦਾ ਸੀ ਪਰ ਮਰਦ ਇਕ ਤੋਂ ਵੱਧ ਵਿਆਹ ਕਰਵਾ ਸਕਦਾ ਸੀ, ਵਿਆਹ ਬਾਹਰੇ ਸਬੰਧ ਰੱਖ ਸਕਦਾ ਸੀ ਜਾਂ ਫੇਰ ਵੇਸਵਾਗਮਨੀ ਕਰ ਸਕਦਾ ਸੀ। ਆਮ ਸਮਾਜ ਭਾਵੇਂ ਇਕ ਪਤੀ ਵਿਆਹ ਨੂੰ 'ਇਕ ਪਤੀ-ਇਕ ਪਤਨੀ' ਦੇ ਜੋੜੇ ਵਿਆਹ ਵਜੋਂ ਖਿਆਲਦਾ ਹੈ ਪਰ ਇਨ੍ਹਾਂ ਸਬੰਧਾਂ ਵਿਚ ਅਮੀਰ ਆਦਮੀ ਕਈ ਵਿਆਹ ਕਰਵਾ ਸਕਦਾ ਹੈ ਤੇ ਗਰੀਬ ਅਜਿਹਾ ਨਹੀਂ ਕਰ ਸਕਦਾ।

ਇਸ ਨੂੰ ਸਮੁੱਚੇ ਰੂਪ ਵਿੱਚ ਇਸ ਤਰ੍ਹਾਂ ਵੀ ਆਖਿਆ ਜਾ ਸਕਦਾ ਹੈ ਕਿ ਵਹਿਸ਼ਤ ਦੇ ਯੁੱਗ ਵਿਚ ਟੋਲੀ ਵਿਆਹ, ਬਰਬਰੀਅਤ ਦੇ ਯੁੱਗ ਵਿਚ ਜੋੜਾ ਵਿਆਹ ਤੇ ਸਭਿਅਤਾ ਦੇ ਯੁੱਗ ਵਿਚ ਇਕ ਵਿਆਹ, ਜਿਸ ਵਿਚ ਵਿਭਚਾਰ ਅਤੇ ਵੇਸਵਾਗਮਨੀ ਵੀ ਜੁੜੇ ਰਹਿੰਦੇ ਸਨ, ਪ੍ਰਚੱਲਿਤ ਰਹੇ। ਏਂਗਲਜ਼ ਨੇ ਲੂਈ ਐਚ. ਮਾਰਗਨ ਦੀਆਂ ਖੋਜਾਂ ਨੂੰ ਮਾਰਕਸ ਦੇ ਵਿਚਾਰਾਂ ਦੇ ਪ੍ਰਭਾਵ ਅਧੀਨ ਵੇਖਦਿਆਂ ਸਿੱਟਾ ਕੱਢਿਆ ਕਿ ਆਰੰਭਕ ਸਮੇਂ ਵਿਚ, ਜਿਸ ਨੂੰ ਉਹ ਵਹਿਸ਼ਤ ਦਾ ਯੁੱਗ ਆਖਦਾ ਹੈ, ਉਸ ਸਮੇਂ ਇਕ ਕਬੀਲੇ. ਟੋਲੀ, ਝੁੰਡ, ਸਮੂਹ ਦੇ ਸਾਰੇ ਔਰਤ ਮਰਦ ਉਮਰ ਦੇ ਵਖਰੇਵੇਂ ਤੋਂ ਬਿਨ੍ਹਾਂ ਇਕ ਦੂਜੇ ਦੇ ਪਤੀ ਪਤਨੀ ਸਨ ਜਾਂ ਵਧੇਰੇ ਠੀਕ ਸ਼ਬਦਾਂ ਵਿਚ, ਉਨ੍ਹਾਂ ਵਿਚ ਸਰੀਰਕ ਸਬੰਧ ਸੰਭਵ ਸਨ ਪਰ ਜਲਦੀ ਹੀ ਇਕੋ ਟੋਲੀ ਵਿਚ ਉਮਰ ਅਨੁਸਾਰ ਫਰਕ ਕੀਤਾ ਜਾਣ ਲੱਗ ਪਿਆ ਭਾਵ ਮਾਂ-ਪੁੱਤ ਤੇ ਪਿਉ-ਧੀ ਦੇ ਰਿਸ਼ਤੇ ਵਿਚ ਰੋਕ ਲੱਗ ਗਈ ਤੇ ਇਸ ਤੋਂ ਬਾਅਦ ਇਕ ਟੋਲੀ ਦਾ ਦੂਜੀਆਂ ਟੋਲੀਆਂ ਨਾਲ ਵਿਆਹ ਹੋਣਾ ਸ਼ੁਰੂ ਹੋਇਆ ਤੇ ਇਸ

ਵਿਆਹ ਤੋਂ ਹੀ ਜੋੜਾ ਵਿਆਹ ਉਤਪੰਨ ਹੋਇਆ, ਪਰ ਇਸ ਜੋੜਾ ਵਿਆਹ ਦੇ ਵਿਚ ਨਸਲ ਮਾਂ ਤੋਂ ਹੀ ਤੁਰਦੀ ਸੀ। ਇਸੇ ਸਮੇਂ ਹੀ ਨਿੱਜੀ ਜਾਇਦਾਦ ਪੈਦਾ ਹੋ ਚੁੱਕੀ ਸੀ, ਜਿਸ ਕਾਰਨ ਮਰਦ ਅੰਦਰ ਆਪਣੀ ਪ੍ਰਮਾਣਤ ਸੰਤਾਨ ਉਤਪੰਨ ਕਰਨ ਦੀ ਲਾਲਸਾ ਪੈਦਾ ਹੋਈ, ਜਿਸ ਕਾਰਨ ਉਸਨੇ ਮਾਤਰੀ ਪ੍ਰਧਾਨ ਗਣ ਦੀ ਥਾਂ ਪਿਤਰੀ ਪ੍ਰਧਾਨ ਗਣ ਸਥਾਪਤ ਕੀਤਾ। ਸੋ ਏਂਗਲਜ਼ ਅਨੁਸਾਰ ਇਹ ਨਿੱਜੀ ਜਾਇਦਾਦ ਹੀ ਹੈ ਜੋ ਔਰਤ ਦੀ ਗੁਲਾਮੀ ਦਾ ਕਾਰਨ ਬਣੀ। ਉਹ ਇਸਦਾ ਹੱਲ 'ਕਮਿਊਨਿਜ਼ਮ' ਸੁਝਾਉਂਦਾ ਹੈ, ਜਿਸ ਵਿਚ ਨਿੱਜੀ ਜਾਇਦਾਦ ਨਹੀਂ ਹੋਵੇਗੀ ਅਤੇ ਵਿਆਹ ਸਹੀ ਅਰਥਾਂ ਵਿਚ ਪਿਆਰ ਵਿਆਹ ਹੋਣਗੇ।

ਔਰਤ ਦੀ ਚੇਤਨਾ ਨੂੰ ਵਿਕਸਤ ਕਰਨ ਵਿਚ ਏਂਗਲਜ਼ ਦੇ ਸੂਤਰਬੱਧ ਕੀਤੇ ਟੱਬਰ ਦੇ ਕ੍ਰਮਵਾਰ ਵਿਕਾਸ ਦਾ ਕਾਫੀ ਹੱਥ ਹੈ। ਘੱਟੋ-ਘੱਟ ਏਂਗਲਜ਼ ਨੇ ਔਰਤ ਨੂੰ ਮੁੱਢ ਤੋਂ ਹੀ ਗੁਲਾਮ ਮੰਨਣ ਵਾਲੀ ਵਿਚਾਰਧਾਰਾ ਨੂੰ ਜੜੋਂ ਉਖੇੜ ਦਿੱਤਾ। ਆਧੁਨਿਕ ਔਰਤ ਦੀ ਚੇਤਨਾ ਵਿਚ ਏਂਗਲਜ਼ ਦੇ ਦਿਖਾਏ ਵਿਕਾਸ ਕ੍ਰਮ ਦੀ ਖਾਸੀ ਛਾਪ ਹੈ, ਪਰ ਇਸ ਦੇ ਬਾਵਜੂਦ ਕੁਝ ਉਨ੍ਹਾਂ ਨੁਕਤਿਆਂ ਦਾ ਧਿਆਨ ਦਿਵਾਉਣਾ ਜ਼ਰੂਰੀ ਹੈ, ਜੋ ਏਂਗਲਜ਼ ਨੇ ਨਹੀਂ ਦਰਸਾਏ।

ਸਭ ਤੋਂ ਪਹਿਲੀ ਗੱਲ ਕਿ ਏਂਗਲਜ਼ ਔਰਤ ਦੀ ਗੁਲਾਮੀ ਨੂੰ ਨਿੱਜੀ ਜਾਇਦਾਦ ਨਾਲ ਜੋੜਦਾ ਹੈ ਅਤੇ ਇਸ ਦੀ ਮੁਕਤੀ ਵੀ ਇਸ ਦੇ ਖਾਤਮੇ ਵਿਚ ਹੀ ਦੇਖਦਾ ਹੈ ਪਰ ਜੇ ਅਸੀਂ ਸਮਾਜ ਇਤਿਹਾਸ ਦੇ ਵਿਕਾਸ ਨੂੰ ਤਕਨੀਕ ਦੀ ਉਨਤੀ ਰਾਹੀਂ ਦੇਖੀਏ ਤਾਂ ਪਤਾ ਲਗਦਾ ਹੈ ਕਿ ਜਦੋਂ ਤਕਨੀਕ ਅਜੇ ਉਨਤ ਨਹੀਂ ਸੀ ਹੋਈ ਤਦ ਹਰ ਮਨੁੱਖ ਆਪਣੇ ਖਾਣ ਜੋਗਾ ਆਪ ਹੀ ਪੈਦਾ ਕਰਦਾ ਸੀ ਤਾਂ ਉਸ ਸਮੇਂ ਸਭ ਬਰਾਬਰ ਸਨ, ਪਰ ਜਦੋਂ ਬਾਅਦ ਵਿਚ ਤਕਨੀਕ ਦੀ ਉਨਤੀ ਨਾਲ ਇਹ ਸੰਭਵ ਹੋਇਆ ਕਿ ਮਨੁੱਖ ਆਪਣੀ ਸ਼ਕਤੀ ਦੁਆਰਾ ਆਪਣੇ ਖਾਣ ਤੋਂ ਵੱਧ ਵੀ ਪੈਦਾ ਕਰ ਸਕਣ ਦੇ ਸਮਰੱਥ ਹੋਇਆ ਤਾਂ ਕੰਮ ਵੰਡ ਵਧੇਰੇ ਪੱਕੀ ਹੋ ਗਈ। ਪਰ ਇਸ ਸਮੇਂ ਦੀ ਤਕਨੀਕ ਕਾਫੀ ਸਰੀਰਕ ਸ਼ਕਤੀ ਮੰਗਦੀ ਸੀ, ਜਿਸ ਕਾਰਨ ਮਰਦ ਹਾਵੀ ਹੋ ਗਿਆ। ਬੱਚੇ ਪੈਦਾ ਕਰਨ ਦੇ ਜੀਵ-ਵਿਗਿਆਨਕ ਕੰਮ ਕਾਰਨ ਔਰਤ ਦੀ ਸਰੀਰਕ ਸਮਰੱਥਾ ਘੱਟ ਸੀ, ਇਸ ਕਾਰਨ ਉਹ ਦੂਜੈਲੇ ਸਥਾਨ ਤੇ ਰਹੀ। ਪਰ ਆਧੁਨਿਕ ਸਮੇਂ ਵਿੱਚ ਤਕਨੀਕ ਦੀ ਵਧੇਰੇ ਉਨਤੀ ਨਾਲ ਅਜਿਹੀਆਂ ਮਸ਼ੀਨਾਂ ਹੋਂਦ ਵਿਚ ਆਈਆਂ ਜਿੰਨਾਂ ਨੂੰ ਚਲਾਉਣ ਵਿੱਚ ਲਗਦੀ ਸ਼ਕਤੀ ਔਰਤ ਦੀ ਘੱਟ ਘੱਟ ਸ਼ਕਤੀ ਤੋਂ ਵੀ ਘੱਟ ਸੀ ਤਾਂ ਸਮਾਜਿਕ ਖੇਤਰ ਵਿਚ ਬਰਾਬਰ ਦੇ ਯੋਗਦਾਨ ਅਨੁਸਾਰ ਬਰਾਬਰ ਦੇ ਸਥਾਨ ਉਤਪੰਨ ਹੋ ਗਏ। ਸੋ ਜਾਪਦਾ ਹੈ ਕਿ ਨਿੱਜੀ ਜਾਇਦਾਦ ਦੇ ਹੁੰਦਿਆਂ ਵੀ ਔਰਤ ਆਜ਼ਾਦ ਹੋ ਸਕਦੀ ਹੈ।

ਦੂਸਰੇ ਪਾਸੇ ਏਂਗਲਜ਼ ਨੇ ਵਿਆਹ-ਪ੍ਰਬੰਧ ਦੇ ਵਿਕਾਸ ਵਿਚ ਸਿਰਫ ਨਿੱਜੀ ਜਾਇਦਾਦ ਨੂੰ ਹੀ ਪ੍ਰਮੁੱਖ ਰੱਖਿਆ ਹੈ। ਉਹ ਇਸ ਦੇ ਮਨੋ-ਵਿਗਿਆਨਕ ਪੱਖਾਂ ਨੂੰ ਅਤੇ

ਮਨੁੱਖ ਦੀ ਇਸ ਸਮਝ ਨੂੰ ਕਿ ਨਸਲ ਦੇ ਅੰਦਰੋ ਅੰਦਰ ਵਿਆਹ ਨਸਲ ਵਿਗਿਆਨਕ ਪੱਖ ਤੋਂ ਨੁਕਸਦਾਰ ਹੋਣ ਕਰਕੇ ਛੱਡੇ ਹੋਣਗੇ, ਨਜ਼ਰ-ਅੰਦਾਜ਼ ਕਰਦਾ ਹੈ, ਪਰ ਫੇਰ ਵੀ ਏਂਗਲਜ਼ ਦੀ ਦੇਣ ਪੁਰਾਣੇ ਸੋਚਣ ਪ੍ਰਬੰਧ ਨੂੰ ਉਲਟਾਉਣ ਅਤੇ ਤੱਥ ਆਧਾਰਤ ਬਾਹਰਮੁਖੀ ਵਿਧੀ ਵਿਕਸਤ ਕਰਨ ਕਕਰੇ ਮਹਾਨ ਹੈ। ਇਤਿਹਾਸਕ ਪਦਾਰਥਵਾਦ ਦੇ ਨੁਕਤੇ ਤੋਂ ਉਸ ਦੁਆਰਾ ਕੱਢਿਆਂ ਸਿੱਟਿਆਂ ਵਿਚ ਊਣਤਾਈ ਹੋ ਸਕਦੀ ਹੈ, ਪਰ ਇਸ ਦੇ ਬਾਵਜੂਦ ਉਸ ਵੱਲੋਂ ਕੱਢੇ ਸਿੱਟੇ ਅਤੇ ਦਰਸਾਈ ਵਿਧੀ ਦੋਨੋਂ ਹੀ ਔਰਤ ਮੁਕਤੀ ਦੇ ਸਬੰਧ ਵਿਚ ਮਹੱਤਵਪੂਰਨ ਹਨ।

ਸੰਸਾਰ ਭਰ ਵਿਚ ਔਰਤਾਂ ਦਾ ਸਥਿਤੀ ਦਾ ਇਤਿਹਾਸ

ਔਰਤ ਦੀ ਸਥਿਤੀ ਦੇ ਇਤਿਹਾਸ ਤੇ ਨਜ਼ਰ ਮਾਰਿਆਂ ਸਾਨੂੰ ਵਿਭਿੰਨ ਰਿਸ਼ਤਿਆਂ ਦੇ ਪ੍ਰਬੰਧ ਤੇ ਪਰਿਵਾਰਕ ਬਣਤਰਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਔਰਤ ਦੀ ਸਥਿਤੀ ਵੱਖ-ਵੱਖ ਹੈ। ਸ਼ਿਕਾਰੀ ਯੁੱਗ ਵਿਚ ਔਰਤ ਦੀ ਸੈਂਥਿਤੀ, ਖੇਤੀਬਾੜੀ ਸਮਾਜਾਂ ਨਾਲੋਂ ਭਿੰਨ ਸੀ। ਖੇਤੀਬਾੜੀ ਸਮਾਜਾਂ ਵਿਚ ਔਰਤ ਮਨੁੱਖੀ ਜ਼ਿੰਦਗੀ ਨੂੰ ਜਨਮ ਦੇਣ ਵਾਲੀ, ਮਰਦ ਦੀ ਸਹਾਇਕ ਸੀ ਅਤੇ ਨਾਲ ਹੀ ਉਤਪਾਦਕਤਾ ਦਾ ਚਿੰਨ੍ਹ ਵੀ ਸੀ। ਪੂਰਵ-ਇਤਿਹਾਸ ਬਾਰੇ ਤਾਂ ਸਾਡੇ ਅਨੁਮਾਨ ਕਲਪਨਾ ਆਧਾਰਤ ਹੀ ਹਨ, ਪਰ ਪੁਰਾਣੀਆਂ ਸਭਿਅਤਾਵਾਂ ਜਿੰਨ੍ਹਾਂ ਵਿਚੋਂ ਏਸ਼ੀਆ ਮਾਈਨਰ, ਬੇਬੀਲਾਨ ਅਤੇ ਮਿਸਰ ਆਦਿ ਵਿਚ MOTHER GODDES ਦੀ ਵੱਖ ਵੱਖ ਨਾਵਾਂ ਥੱਲੇ ਪੂਜਾ ਹੋਣ ਦੇ ਪੱਕੇ ਪ੍ਰਮਾਣ ਮਿਲਦੇ ਹਨ। ਇਹ ਉਤਪਾਦਕਤਾ ਦੀ ਦੇਵੀ ਹੋਣ ਕਾਰਨ ਮਨੁੱਖੀ ਮਨ ਵਿਚ ਚੰਗੀ ਤਰ੍ਹਾਂ ਟਿਕੀ ਹੋਈ ਸੀ। ਰੋਮ ਅਤੇ ਯੂਨਾਨ ਦੀਆਂ ਪੁਰਾਣ ਕਥਾਵਾਂ ਵਿਚ ਇਸ ਦੇ ਚੰਗੇ ਹਵਾਲੇ ਮਿਲਦੇ ਹਨ। ਇਨਸਾਈਕਲੋਪੀਡੀਆ ਬ੍ਰਿਟੇਨਕਾ ਅਨੁਸਾਰ 1800 ਪੂਰਵ ਈਸਵੀ ਵਿਚ ਬੇਬੀਲਾਨ ਦੀਆਂ ਔਰਤਾਂ ਉੱਚੇ ਰੁਤਬੇ ਨੂੰ ਮਾਣਦੀਆਂ ਸਨ ਅਤੇ ਉਸ ਸਮੇਂ ਇਕ ਪ੍ਰਥਾ ਪ੍ਰਚਲਤ ਸੀ। ਜੋ ਔਰਤ ਤਲਾਕ ਲੈਣਾ ਚਾਹੁੰਦੀ ਸੀ ਤਾਂ ਉਹ ਦਾਜ ਵਾਪਸ ਲਿਜਾ ਸਕਦੀ ਸੀ ਅਤੇ ਔਰਤ ਮਰਦ ਨੂੰ ਜ਼ੁਲਮ ਜਾਂ ਵਿਆਹ ਬਾਹਰੇ ਸਬੰਧਾਂ ਕਾਰਨ ਤਲਾਕ ਦੇ ਸਕਦੀ ਸੀ। ਬੱਚਿਆਂ ਉਪਰ ਵੀ ਮਾਂ ਦਾ ਹੀ ਅਧਿਕਾਰ ਸੀ। ਔਰਤ ਦੇ ਅਧਿਕਾਰ ਇੱਥੋਂ ਤਕ ਸਨ ਕਿ ਉਹ ਗਵਾਹੀ ਦੇਣ ਤੋਂ ਇਲਾਵਾ ਜੱਜ ਦੇ ਅਹੁਦੇ 'ਤੇ ਵੀ ਬੈਠ ਸਕਦੀ ਸੀ।

ਪੁਰਾਣੇ ਮਿਸਰ ਵਿਚ ਔਰਤਾਂ ਦੀ ਸਥਿਤੀ ਬਾਰੇ ਯੂਨਾਨੀ ਇਤਿਹਾਸਕਾਰ ਹੀਰੋਡੋਟਸ (Herodotus) ਲਿਖਦਾ ਹੈ ਕਿ ਮਿਸਰ ਵਿਚ ਔਰਤ ਪ੍ਰਧਾਨ ਸਮਾਜ ਸੀ ਅਤੇ ਉਥੇ ਕਈ ਰਾਣੀਆਂ ਨੇ ਰਾਜ ਕੀਤਾ। ਇਥੋਂ ਪਤਾ ਚਲਦਾ ਹੈ ਕਿ ਹੀਰੋਡੋਟਸ ਦੇ ਆਪਣੇ ਦੇਸ਼ ਯੂਨਾਨ ਵਿਚ ਔਰਤਾਂ ਦੀ ਸਥਿਤੀ ਮਾੜੀ ਹੀ ਹੋਵੇਗੀ ਤਾਂ ਉਸ ਦੇ ਮਹਾਂਕਾਵਿ ਵਿਚ ਔਰਤ ਦੀ ਸਥਿਤੀ ਠੀਕ ਹੈ। ਸਪਾਰਟਾ ਵਿਚ ਔਰਤਾਂ ਮਰਦਾਂ ਨਾਲ ਖੇਡਾਂ ਵਿਚ ਵੀ ਹਿੱਸਾ ਲੈ ਸਕਦੀਆਂ ਸਨ ਜਦੋਂ ਕਿ ਪੁਰਾਤਨ ਰੋਮ ਵਿਚ ਔਰਤ ਦੀ

ਸਥਿਤੀ ਗੁਲਾਮਾਂ ਵਾਲੀ ਸੀ।

ਇਸਾਈ ਧਰਮ ਨੇ ਵੀ ਔਰਤ ਨੂੰ ਦੂਜੈਲੇ ਸਥਾਨ ਤੇ ਹੀ ਰੱਖਿਆ ਹੈ। ਇਸਾਈ ਧਰਮ ਮੁਤਾਬਕ ਭਾਵੇਂ ਇਹ ਵੀ ਸਮਝਿਆ ਜਾਂਦਾ ਹੈ ਕਿ ਪਰਮਾਤਮਾ ਦੀ ਨਜ਼ਰ ਵਿਚ ਤਾਂ ਔਰਤ ਦੀ ਆਤਮਾ ਸਮਾਨ ਹੈ ਪਰ ਆਦਮੀ ਨੂੰ ਧਰਤੀ ਉੱਤੇ ਸੁੱਟਣ ਵਾਲੀ ਔਰਤ ਹੋਣ ਦੀ ਮਿੱਥ ਉਹ ਆਧਾਰ ਜੁਟਾਉਂਦੀ ਹੈ, ਜਿਸ ਉਪਰ ਔਰਤ ਨੂੰ ਰਾਹ ਤੋਂ ਭਟਕਾਉਣ ਵਾਲੀ ਸਥਾਪਤ ਕੀਤਾ ਜਾਂਦਾ ਰਿਹਾ ਹੈ। ਇਸੇ ਪ੍ਰਭਾਵ ਅਧੀਨ ਔਰਤ ਦੀ ਸਥਿਤੀ ਦੂਜੇ ਦਰਜੇ ਦੀ ਹੀ ਰਹੀ।

ਯੂਰਪ ਦੇ ਪੁਨਰ-ਜਾਗਰਣ ਸਮੇਂ ਇਕ ਪਾਸੇ ਤਾਂ ਯੂਨਾਨ ਅਤੇ ਰੋਮ ਦੇ ਪੁਰਾਣੇ ਮਾਡਲਾਂ ਨੂੰ ਮੁੜ ਉਸਾਰਨ ਕਾਰਨ ਵਿਚਾਰਧਾਰਕ ਤੌਰ ਤੇ ਔਰਤ ਨੂੰ ਦਬਾਉਣ ਦੀ ਵਿਚਾਰਧਾਰਾ ਉਤਪੰਨ ਹੋਈ, ਦੂਜੇ ਪਾਸੇ ਨਵੀਆਂ ਤਕਨੀਕਾਂ ਦੇ ਪੈਦਾ ਹੋਣ ਨਾਲ, ਨਵੇਂ ਯੁੱਗ ਦਾ ਆਰੰਭ ਸ਼ੁਰੂ ਹੋਇਆ। ਫਰਾਂਸ ਦੀ ਕ੍ਰਾਂਤੀ ਨੇ ਔਰਤਾਂ ਦੀ ਸਥਿਤੀ ਤੇ ਅਚੇਤ ਹੀ ਹਾਂ ਪੱਖੀ ਪ੍ਰਭਾਵ ਪਾਇਆ। ਉਦਯੋਗਿਕ ਵਿਕਾਸ ਨੇ ਇਕ ਪਾਸੇ ਤਾਂ ਔਰਤਾਂ ਨੂੰ ਘਰ ਦੀ ਚਾਰਦਿਵਾਰੀ ਤੋਂ ਮੁਕਤ ਕਰਵਾਇਆ, ਦੂਜੇ ਪਾਸੇ ਉਨ੍ਹਾਂ ਉਪਰ ਦੂਹਰਾ ਕੰਮ ਦਾ ਬੋਝ ਪਾ ਦਿੱਤਾ। ਇਸ ਸਮੇਂ ਸੰਸਾਰ ਪੱਧਰ ਤੇ ਆਪਸੀ ਸੰਚਾਰ ਵਧਣ ਨਾਲ, ਨਵੀਂ ਤਕਨੀਕ ਨਾਲ, ਨਵੇਂ ਵਿਚਾਰਾਂ ਦਾ ਆਰੰਭ ਹੋਣਾ ਸ਼ੁਰੂ ਹੋਇਆ ਹੈ ਅਤੇ ਔਰਤ ਦੀ ਸਥਿਤੀ ਪਹਿਲਾਂ ਦੇ ਮੁਕਾਬਲੇ ਤੇਜ਼ੀ ਨਾਲ ਸੁਧਰਨ ਲੱਗੀ ਹੈ। ਭਾਵੇਂ ਇਹ ਤਬਦੀਲੀ ਸਾਰੇ ਦੇਸ਼ਾਂ, ਸਾਰੇ ਵਰਗਾਂ ਵਿਚ ਇਕ ਸਮਾਨ ਨਹੀ ਹੈ, ਪਰ ਔਰਤ ਪੱਖੀ ਤਬਦੀਲੀਆਂ ਕਿਸੇ ਨੇ ਕਿਸੇ ਪੱਧਰ ਤੇ ਜ਼ਰੂਰ ਹੋ ਰਹੀਆਂ ਹਨ।

ਭਾਰਤੀ ਔਰਤ ਦੀ ਸਥਿਤੀ ਦਾ ਇਤਿਹਾਸ

ਪੂਰਵ ਇਤਿਹਾਸਕ ਕਾਲ ਵਿਚ ਭਾਰਤੀ ਔਰਤ ਦੀ ਸਥਿਤੀ ਬਾਰੇ ਅਸੀਂ ਅਨੁਮਾਨ ਹੀ ਲਗਾ ਸਕਦੇ ਹਾਂ। ਸਮਝਿਆ ਜਾਂਦਾ ਹੈ ਕਿ ਉਸ ਸਮੇਂ ਮਾਤਰੀ ਅਧਿਕਾਰ ਸੀ ਅਤੇ ਔਰਤਾਂ ਦੀ ਸਥਿਤੀ ਪ੍ਰਮੁੱਖ ਸੀ। ਪੁਰਾਣੀ ਖੁਦਾਈ ਤੋ ਪ੍ਰਾਪਤ ਮੂਰਤੀਆਂ ਵਿਚ ਔਰਤਾਂ ਦੀ ਸਥਿਤੀ ਦੇਵੀ ਵਾਲੀ ਵੀ ਹੈ। ਪਰੰਤੂ ਜੇ ਅਸੀਂ ਉਨ੍ਹਾਂ ਜਾਤੀਆਂ ਦਾ ਅਧਿਐਨ ਕਰੀਏ ਜੋ ਅੱਜ ਜੀਵਤ ਹਨ, ਪਰ ਜਿੰਨ੍ਹਾਂ ਦਾ ਰਹਿਣ ਪੱਧਰ ਅਜੇ ਵੀ ਸਭਿਅਤਾ ਤੋਂ ਅਭਿੱਜ ਹੈ, ਤਾਂ ਜ਼ਿਆਦਾ ਠੀਕ ਹੋਵੇਗਾ। ਆਸ਼ਾ ਰਾਣੀ ਵੋਹਰਾ ਭਾਰਤੀ ਆਦਮ ਸਮਾਜ ਨੂੰ ਤਿੰਨ ਵਰਗਾਂ ਵਿਚ ਵੰਡਦੀ ਹੈ। ਪਹਿਲੀ ਸਥਿਤੀ, ਜਿਸ ਵਿਚ ਔਰਤ ਦੀ ਸਥਿਤੀ ਉੱਚੀ ਹੈ। ਇਸ ਅਧੀਨ ਆਸਾਮ ਦੀਆਂ ਪਹਾੜੀਆਂ ਵਿਚ ਪਾਏ ਜਾਣ ਵਾਲੇ, 'ਖਾਸਾ' ਅਤੇ 'ਗਾਰੋ' ਨਾਮੀ ਮਾਤਰੀ ਪ੍ਰਧਾਨ ਕਬੀਲੇ ਹਨ, ਜਿਨ੍ਹਾਂ ਵਿਚ ਪਤੀ ਨੂੰ ਪਤਨੀ ਦੇ ਘਰ ਰਹਿਣਾ ਪੈਂਦਾ ਹੈ ਤੇ ਵੰਸ਼ ਪਤਨੀ ਦੀ ਤਰਫੋਂ ਚਲਦਾ ਹੈ। ਇਹ ਲੋਕ ਦੇਵਤਿਆਂ ਦੀ ਥਾਂ ਦੇਵੀਆਂ ਦੀ ਪੂਜਾ ਕਰਦੇ ਹਨ। ਪੁਰਸ਼ ਖੇਤੀ ਦੇ ਨਾਲ ਭੋਜਨ ਪਕਾਉਣ ਅਤੇ ਬੱਚਿਆਂ ਦੀ ਦੇਖ ਭਾਲ ਵੀ ਕਰਦੇ ਹਨ। ਜਦੋਂ ਕਿ ਇਸਤਰੀਆਂ ਬਾਹਰ

ਦੇ ਕੰਮ ਕਰਦੀਆਂ ਹਨ। ਮਾਲਾਬਾਰ ਤੇ ਨਾਯਰ ਵੀ ਮਾਤਰੀ ਪ੍ਰਧਾਨ ਪਰਿਵਾਰ ਹਨ। ਆਸ਼ਾ ਰਾਣੀ ਵੋਹਰਾ ਜ਼ੋਰ ਦੇ ਕੇ ਲਿਖਦੀ ਹੈ ਕਿ ਭਾਰਤ ਵਿਚ ਪੀਲੀਭੀਤ ਅਤੇ ਨੈਨੀਤਾਲ ਦੀ ਤਰਾਈ ਵਿਚ ਥਾਰੂ ਨਾਮਕ ਜਾਤੀ ਨਿਵਾਸ ਕਰਦੀ ਹੈ, ਜੋ ਭਾਵੇਂ ਪਿਤਾ ਵੰਸ਼ੀ ਹੈ, ਪਰ ਉਥੇ ਮਰਦਾਂ ਦੀ ਸਥਿਤੀ ਗੁਲਾਮੀ ਵਾਲੀ ਹੈ। ਦੂਜੀ ਸਥਿਤੀ ਔਰਤ ਦੀ ਮੱਧਮ ਸਥਿਤੀ ਵੱਲ ਸੰਕੇਤ ਕਰਦੀ ਹੈ, ਮੱਧ ਭਾਰਤ ਦੀਆਂ, ਗੋਂੜ, ਸੰਥਾਲ, ਜੁਆਰਾ ਅਤੇ ਮੂਕੀ ਆਦਿ ਜਨ-ਜਾਤੀਆਂ ਵਿੱਚ ਔਰਤ ਮਰਦ ਸਮਾਨ ਅਧਿਕਾਰ ਦੇ ਮਾਲਕ ਹਨ। ਬਾਲ ਵਿਆਹਾਂ ਦਾ ਰਿਵਾਜ ਨਹੀਂ ਹੈ, ਵਿਧਵਾ ਵਿਆਹ ਮਾਨਤਾ ਪ੍ਰਾਪਤ ਹੈ। ਵਿਆਹ ਲੜਕੇ, ਲੜਕੀ ਦੀ ਪਰਸਪਰ ਰਜ਼ਾਮੰਦੀ ਨਾਲ ਬਹੁਤਾ ਕਰਕੇ ਹੁੰਦਾ ਹੈ। ਘਰ ਅਤੇ ਬਾਹਰ ਸਾਰਿਆਂ ਥਾਵਾਂ ਤੇ ਇਸਤਰੀ ਪੁਰਸ਼ ਮੋਢੇ ਨਾਲ ਮੋਢਾ ਮਿਲਾ ਕੇ ਕੰਮ ਕਰਦੇ ਦਿਖਾਈ ਦਿੰਦੇ ਹਨ। ਗੋਂਡ ਕਬੀਲੇ ਵਿਚ ਵਿਆਹ ਤੋਂ ਪਹਿਲਾਂ ਕਾਮ-ਸਬੰਧ ਪ੍ਰਚਲਤ ਹਨ। ਇਨ੍ਹਾਂ ਉਪਰਲੀਆਂ ਦੋਵਾਂ ਸਥਿਤੀਆਂ ਦੇ ਮੁਕਾਬਲੇ ਨਿਮਨ ਸਥਿਤੀ ਵਾਲੇ ਉਦਾਹਰਣ ਵਿਚੋਂ ਜੋਨਸਾਰ ਬਾਬਰ ਦੀ 'ਖਸ' ਅਤੇ ਦੱਖਣੀ ਭਾਰਤ ਦੀ ਨੀਲਗਿਰੀ ਪਹਾੜੀਆਂ ਵਿਚ ਰਹਿਣ ਵਾਲੀ 'ਟੋਡਾ' ਜਾਤੀ ਦੀ ਉਦਾਹਰਣ ਹੈ, ਜਿੱਥੇ ਕਈ ਭਰਾ ਰਲ ਕੇ ਇਕ ਪਤਨੀ ਰੱਖਦੇ ਹਨ। ਉਥੇ ਔਰਤਾਂ ਦੀ ਸਥਿਤੀ ਕੋਈ ਬਿਹਤਰ ਨਹੀਂ ਹੈ। ਆਸ਼ਾ ਰਾਣੀ ਵੋਹਰਾ ਆਦਿਮ ਸਮਾਜਾਂ ਦੇ ਇਸ ਸੰਖੇਪ ਅਧਿਐਨ ਬਾਅਦ ਸਿੱਟਾ ਕੱਢਦਿਆਂ ਲਿਖਦੀ ਹੈ ਕਿ 'ਅਨੇਕ ਪੱਧਰ ਤੇ ਭਿੰਨਤਾਵਾਂ ਦੇ ਬਾਵਜੂਦ ਆਦਿ ਸਮਾਜਾਂ ਜਾਂ ਵਣਵਾਸੀਆਂ ਵਿਚ ਇਸਤਰੀ ਦੀ ਸਥਿਤੀ ਸਭਿਆ ਅਤੇ ਉਨਤ ਸਮਾਜਾਂ ਤੋਂ ਕਾਫ਼ੀ ਬਿਹਤਰ ਹੈ।

ਵੈਦਿਕ ਯੁੱਗ

ਆਦਿ ਸਮਾਜ ਦੇ ਬਾਅਦ ਵੈਦਿਕ ਯੁੱਗ ਆਰੰਭ ਹੁੰਦਾ ਹੈ। ਇਸ ਦੇ ਲਈ ਅਧਾਰ ਰੂਪ ਵਿਚ ਸਾਡੇ ਕੋਲ ਮੁੱਖ ਸੋਮਾ ਆਰੀਆਂ ਦਾ ਆਰੰਭਕ ਗ੍ਰੰਥ 'ਰਿਗਵੇਦ' ਹੀ ਹੈ, ਜਿਸ ਤੋਂ ਅਸੀਂ ਉਸ ਸਮਾਜ ਦੀ ਝਲਕ ਪ੍ਰਾਪਤ ਕਰ ਸਕਦੇ ਹਾਂ। ਉਸ ਸਮੇਂ ਇਸਤਰੀਆਂ ਤੇ ਉਚ-ਸਿੱਖਿਆ ਪ੍ਰਾਪਤ ਰਕਨ ਤੇ ਕੋਈ ਪਾਬੰਦੀ ਨਹੀਂ ਸੀ। ਰਿਗਵੇਦ ਦੇ ਕਈ ਮੰਤਰ ਇਸਤਰੀਆਂ ਦੁਆਰਾ ਲਿਖੇ ਹਨ। ਉਸ ਸਮੇਂ ਧਨ ਦੀ ਦੇਵੀ ਲਕਸ਼ਮੀ, ਗਿਆਨ ਦੀ ਦੇਵੀ ਸਰਸਵਤੀ ਅਤੇ ਸ਼ਕਤੀ ਦੀ ਦੇਵੀ ਦੁਰਗਾ ਸੀ। ਅਸੀਂ ਜਾਣਦੇ ਹਾਂ ਕਿ ਦੇਵੀ-ਦੇਵਤੇ ਮਨੁੱਖ ਆਪਣੇ ਅਮਲੀ ਜੀਵਨ ਅਨੁਸਾਰ ਹੀ ਕਲਪਦਾ ਹੈ। ਇਹ ਦੇਵੀਆਂ ਉਸ ਸਮੇਂ ਦੇ ਸਮਾਜ ਵਿਚ ਔਰਤ ਦੀ ਸਥਿਤੀ ਨੂੰ ਦਰਸਾਉਂਦੀਆਂ ਹਨ। ਸਭ ਤੋਂ ਵੱਧ ਪ੍ਰਮਾਤਮਾ ਦੇ ਸਵਰੂਪ 'ਅਰਧ ਨਾਰੀਸ਼ਵਰ' ਦੀ ਸੰਕਲਪਨਾ ਵੀ ਇਸਤਰੀ-ਪੁਰਸ਼ ਦੇ ਸਮਾਨ ਅਧਿਕਾਰ ਵੱਲ ਸੰਕੇਤ ਕਰਦੀ ਹੈ। ਵਿਆਹ ਤੇ ਕੋਈ ਰੋਕ ਨਹੀਂ ਸੀ। ਇਸਤਰੀ ਨੂੰ ਨਿਯੋਗ ਦਾ ਅਧਿਕਾਰ ਵੀ ਸੀ। ਸੁਅੰਬਰ ਵੀ ਪ੍ਰਚੱਲਤ ਸੀ । ਜੇਕਰ ਸਮਾਨ ਅਧਿਕਾਰ ਨਾ ਵੀ ਹੋਣ ਪਰ ਨਿਸ਼ਚੇ ਹੀ ਸਮਾਜਕ ਰੁਤਬਾ ਘੱਟ ਘੱਟ ਹੀਣਤਾ

ਵਾਲਾ ਨਹੀਂ ਸੀ। ਅਪਾਲਾ, ਸਵਿੱਤਰੀ, ਯਮੀ, ਕਾਮਯਨੀ ਆਦਿ ਨਾਂ ਰਿਗਵੇਦ ਵਿਚ ਮਿਲਦੇ ਹਨ, ਜੋ ਉਸ ਸਮੇਂ ਦੀਆਂ ਪ੍ਰਮੁੱਖ ਔਰਤਾਂ ਸਨ।

ਉਤਰ ਵੈਦਿਕ ਕਾਲ

ਉਪਨਿਸ਼ਦਾਂ ਅਤੇ ਬ੍ਰਾਹਮਣ ਦੇ ਰਚਣ ਕਾਲ ਸਮੇਂ ਵਿਚ ਇਸਤਰੀਆਂ ਨੂੰ ਸਿੱਖਿਆ ਗ੍ਰਹਿਣ ਕਰਨ ਦੀ ਸੁਵਿਧਾ ਸੀ ਪਰ ਹੁਣ ਉਹ ਸਿੱਖਿਆ ਰਿਸ਼ਤੇਦਾਰਾਂ ਦੇ ਘਰ ਪ੍ਰਾਪਤ ਕਰਦੀਆਂ ਸਨ ਤੇ ਉਨ੍ਹਾਂ ਦਾ ਧਾਰਮਿਕ, ਦਾਰਸ਼ਨਿਕ ਬਹਿਸਾਂ ਵਿਚ ਭਾਗ ਲੈਣਾ ਜਾਰੀ ਸੀ। ਮਾਰਗੀ ਦਾ ਯਾਗਵਲਕ ਰਿਸ਼ੀ ਤੋਂ ਪ੍ਰਸ਼ਨ ਪੁੱਛਣ ਦਾ ਪ੍ਰਸੰਗ ਪ੍ਰਸਿੱਧ ਹੈ। ਇਸ ਸਮੇਂ ਪੁਰਸ਼ ਦੂਜੇ ਰਾਜਾਂ ਨੂੰ ਜਿੱਤਣ ਅਤੇ ਔਰਤਾਂ ਖੇਤੀ ਕਰਨ, ਕੱਪੜੇ ਬੁਣਨ ਅਤੇ ਹੋਰ ਸਾਜ-ਸਮਾਨ ਤਿਆਰ ਕਰਨ ਵਿਚ ਲੱਗੇ ਹੋਏ ਸਨ। ਇਸ ਸਮੇਂ ਬਹੁ ਪਤਨੀ ਪ੍ਰਥਾ ਤੇ 'ਅਨੁਲੋਮ ਵਿਆਹ ਪ੍ਰਥਾ' ਵਧਣ ਲੱਗੀ। ਇਸੇ ਸਮੇਂ ਹੀ ਔਰਤ ਦੀ ਗਿਰਾਵਟ ਸ਼ੁਰੂ ਹੋਈ। ਮਹਾਂਕਾਵਿਕ ਕਾਲ ਤੱਕ ਉਸ ਦੀ ਗਿਰਾਵਟ ਆਪਣੇ ਰਾਹੇ ਪੈ ਚੁੱਕੀ ਸੀ। ਉਸ ਨੂੰ ਤਪ ਤਿਆਗ, ਨਿਮਰਤਾ, ਪਤੀ ਸੇਵਾ, ਗ੍ਰਹਿ ਸੁਆਮੀ ਆਦਿ ਦੇ ਗੁਣਾਂ ਨਾਲ ਜੋੜਿਆ ਜਾਣ ਲੱਗ ਪਿਆ। ਰਮਾਇਣ ਅਤੇ ਮਹਾਂਭਾਰਤ ਵਿੱਚ ਔਰਤ ਦੀ ਸਥਿਤੀ ਪਹਿਲਾਂ ਨਾਲੋਂ ਕਾਫੀ ਨੀਵੀਂ ਚਲੀ ਗਈ। ਸੀਤਾ ਨੂੰ ਗਰਭਵਤੀ ਹਾਲਤ ਵਿਚ ਘਰੋਂ ਕੱਢ ਦੇਣਾ ਅਤੇ ਦਰੋਪਦੀ ਨੂੰ ਜੂਏ ਵਿਚ ਹਾਰ ਦੇਣਾ ਇਸ ਦੇ ਪ੍ਰਤੱਖ ਪ੍ਰਮਾਣ ਜੁਟਾਏ ਜਾ ਸਕਦੇ ਹਨ। ਇਸ ਸਮੇਂ ਬਹੁ-ਪਤਨੀ ਵਿਆਹ, ਵਿਆਹ ਤੇ ਰੋਕ, ਛੋਟੀ ਉਮਰ ਵਿਚ ਵਿਆਹ, ਉੱਚ ਸਿੱਖਿਆ ਤੋਂ ਵੰਚਿਤਾ ਸ਼ੁਰੂ ਹੋਈ, ਜੋ ਆਪਣੀ ਗਿਰਾਵਟ ਦੀ ਚਰਮ ਸੀਮਾ ਤੇ ਸੰਗਠਤ ਹੋ ਗਈ, ਜਿਸ ਨੂੰ ਮਨੂੰ ਨੇ ਸੂਤਰਬੱਧ ਕੀਤਾ। ਇਥੇ ਸਪਸ਼ਟ ਕਰ ਦੇਣਾ ਯੋਗ ਹੋਵੇਗਾ ਕਿ ਇਹ ਮਨੂੰ ਨਹੀਂ, ਜਿਸ ਨੇ ਔਰਤ ਜਾਤੀ ਨੂੰ ਗੁਲਾਮ ਬਣਾਇਆ, ਸਗੋਂ ਇਹ ਸਮਾਜਿਕ ਸਥਿਤੀ ਸੀ, ਜਿਸ ਨੂੰ ਮਨੂੰ ਨੇ ਤਾਂ ਬੱਸ ਨਿਯਮਬੱਧ ਰੂਪ ਵਿਚ ਲਿਖਿਆ। ਇਸ ਤੋਂ ਬਾਅਦ ਔਰਤਾਂ ਦੀ ਗਿਰਾਵਟ ਵਧਦੀ ਗਈ। ਅੱਠਵੀਂ ਨੌਂਵੀਂ ਸਦੀ ਵਿੱਚ 'ਹੂਨ' 'ਸ਼ੱਕ' ਆਦਿ ਜਾਤੀਆਂ ਦੇ ਹਮਲਿਆਂ ਉਪਰੰਤ ਇਸਤਰੀ ਦੀ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਤੇ ਹੋਰ ਪਾਬੰਧੀ ਲਗਾਈ ਗਈ। ਮੱਧਕਾਲ ਵਿਚ ਮੁਗਲਾਂ ਦੇ ਹਮਲਿਆਂ ਨਾਲ ਤਾਂ ਹਿੰਦੂ ਬ੍ਰਾਹਮਣਾਂ ਨੇ ਆਪਣੀ ਰਕਤ-ਸ਼ੁਧੀ ਲਈ ਅਤੇ ਅਧੀਨਗੀ ਵਾਲੀ ਸਥਿਤੀ ਵਿਚ ਔਰਤਾਂ ਤੇ ਸ਼ਿਕੰਜਾ ਹੋਰ ਵੀ ਕੱਸ ਦਿੱਤਾ। ਇਸ ਸਮੇਂ ਬਾਲ-ਵਿਆਹ, ਸਿੱਖਿਆ ਦੀ ਪਾਬੰਧੀ, ਪਰਦੇ ਦਾ ਆਰੰਭ, ਸਤੀ ਪ੍ਰਥਾ ਦੇ ਆਮ ਪ੍ਰਚਲਨ ਕਾਰਨ ਨੀਵੇਂ ਵਰਗਾਂ ਤੋਂ ਛੁੱਟ ਮੱਧ-ਵਰਗ ਤੇ ਉੱਚ ਵਰਗ ਦੀਆਂ ਔਰਤਾਂ ਮੁਕੰਮਲ ਤੌਰ ਤੇ ਘਰ ਦੀ ਚਾਰਦਿਵਾਰੀ ਵਿਚ ਬੰਦ ਹੋ ਗਈਆਂ। ਦੱਖਣੀ ਭਾਰਤ ਵਿਚ ਮੁਕਾਬਲਤਨ ਹਮਲਿਆਂ ਦਾ ਘੱਟ ਅਸਰ ਹੋਣ ਕਾਰਨ ਕੁਝ ਰਿਆਇਤਾਂ ਮਿਲਦੀਆਂ ਰਹੀਆਂ ਸਨ।

ਅੰਗਰੇਜ਼ਾਂ ਦੇ ਆਗਮਨ ਨਾਲ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਔਰਤ ਦੇ

ਦੁਆਲੇ ਉਸਰੀ ਬੰਧਨਾਂ ਦੀ ਦੀਵਾਰ ਸਮਾਜ ਸੁਧਾਰਕਾਂ ਦੀਆਂ ਕੋਸ਼ਿਸ਼ਾਂ ਦੁਆਰਾਂ ਬਦਲਦੀਆਂ ਪ੍ਰਸਥਿਤੀਆਂ ਦੁਆਰਾ ਪੋਲੀ ਹੋ ਕੇ ਢਹਿ ਢੇਰੀ ਹੋ ਗਈ। ਆਜ਼ਾਦੀ ਦੀ ਲੜਾਈ ਵਿਚ ਔਰਤਾਂ ਨੇ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਲੜਾਈ ਵਿਚ ਸਾਥ ਦਿੱਤਾ। ਇਸ ਸਮੇਂ ਵਿਧਵਾ ਵਿਆਹ ਦੇ ਮੁੜ ਪ੍ਰਚਲਨ, ਸਤੀ ਤੇ ਰੋਕ, ਬਾਲ-ਵਿਆਹ ਤੇ ਪਾਬੰਦੀ ਅਤੇ ਹੋਰ ਔਰਤ ਪੱਖੀ ਅਧਿਕਾਰ ਸਾਹਮਣੇ ਆਉਣੇ ਸ਼ੁਰੂ ਹੋਏ।

ਇਸ ਤਰ੍ਹਾਂ ਔਰਤ ਦੀ ਬਦਲਦੀ ਸਥਿਤੀ ਨੂੰ ਆਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਬਾਅਦ ਵਿਚ ਵੰਡ ਤੇ ਦੇਖਿਆ ਜਾ ਸਕਦਾ ਹੈ। ਆਜ਼ਾਦੀ ਤੋਂ ਪਹਿਲਾਂ ਔਰਤ ਆਪਣੇ ਆਪ ਵਿਚ ਜਾਗਰਤ ਹੋਈ। ਸਮਾਜ ਸੁਧਾਰਕਾਂ ਅਤੇ ਰਾਜਸੀ ਨੇਤਾਵਾਂ ਦਾ ਇਸ ਪਾਸੇ ਧਿਆਨ ਗਿਆ। ਆਜ਼ਾਦੀ ਤੋਂ ਬਾਅਦ ਔਰਤ ਨੂੰ ਸਾਰੇ ਕਾਨੂੰਨੀ ਅਧਿਕਾਰ ਪ੍ਰਾਪਤ ਹੋ ਗਏ, ਪਰ ਸਮਾਜਿਕ ਪਰੰਪਰਾਵਾਂ ਨੇ ਹਾਲੇ ਤੱਕ ਔਰਤ ਨੂੰ ਪੂਰਨ ਆਜ਼ਾਦ ਨਹੀਂ ਕੀਤਾ। ਹੁਣ ਉਹ ਆਪਣੀ ਸਮਾਜਿਕ ਆਜ਼ਾਦੀ ਲਈ ਕਈ ਪੱਧਰਾਂ ਤੇ ਕਈ ਢੰਗਾਂ ਨਾਲ ਜੂਝ ਰਹੀ ਹੈ।

***

ਕਿਰਤ, ਤਕਨੀਕ ਅਤੇ ਔਰਤ ਦੀ ਸਥਿਤੀ

ਸਮੁੱਚੇ ਸਮਾਜ ਲਈ ਕੀਤੇ ਜਾਣ ਵਾਲੇ ਕੰਮਾਂ ਵਿਚ ਔਰਤ ਦੇ ਕੀਤੇ ਕੰਮਾਂ ਦੇ ਯੋਗਦਾਨ ਦਾ ਅਨੁਪਾਤ ਉਸ ਦੇ ਸਮਾਜਿਕ ਰੁਤਬੇ ਲਈ ਕਿਸੇ ਨਾ ਕਿਸੇ ਪੱਧਰ ਤੇ ਜ਼ਿੰਮੇਵਾਰ ਹੁੰਦਾ ਹੈ। ਹਰ ਸਭਿਆਚਾਰ ਦੋ ਲਿੰਗਾਂ ਵਿਚ ਆਪਣੇ ਢੰਗ ਨਾਲ ਕੰਮ ਵੰਡ ਕਰਦਾ ਹੈ। ਕਈ ਸਭਿਆਚਾਰਾਂ ਵਿਚ ਜੋ ਕੰਮ ਮਰਦ ਕਰਦਾ ਹੈ, ਹੋਰ ਕਿਸੇ ਸਭਿਆਚਾਰ ਵਿਚ ਉਹੀ ਕੰਮ ਔਰਤ ਵੀ ਕਰਦੀ ਹੈ। ਪਰ ਆਮ ਕਰਕੇ ਪੂਰਵ ਉਦਯੋਗਿਕ ਸਮਾਜਾਂ ਵਿਚ ਥੋੜੇ ਬਹੁਤੇ ਫਰਕ ਨਾਲ ਔਰਤ ਘਰੇਲੂ ਅਤੇ ਮਰਦ ਬਾਹਰਲੇ ਕੰਮ ਕਰਦਾ ਹੈ, ਜਿਨ੍ਹਾਂ ਵਿਚੋਂ ਪ੍ਰਮੁੱਖ ਖੇਤੀਬਾੜੀ ਹੈ। ਇਸ ਪਿੱਛੇ ਸ਼ਾਇਦ ਔਰਤ ਦੀ ਸਰੀਰਕ ਸਮਰੱਥਾ ਦੀ ਦੁਰਬਲਤਾ ਕੰਮ ਕਰਦੀ ਹੈ।

ਮਾਰਕਸਵਾਦੀ ਦਰਸ਼ਨ ਅਨੁਸਾਰ ਔਰਤ ਦੀ ਆਜ਼ਾਦੀ ਦਾ ਮਸਲਾ ਸਿੱਧੇ ਤੌਰ 'ਤੇ ਉਸ ਦੇ ਸਮਾਜਿਕ ਉਤਪਾਦਨ ਵਿਚ ਹਿੱਸਾ ਲੈਣ ਨਾਲ ਜੁੜਿਆ ਹੋਇਆ ਹੈ ਕਿ ਜਿਸ, ਵਿਅਕਤੀ ਦਾ ਸਮਾਜਿਕ ਉਤਪਾਦਨ ਵਿਚ ਜ਼ਿਆਦਾ ਯੋਗ ਹੋਵੇਗਾ, ਉਹ ਸਮਾਜਿਕ ਤੌਰ ਤੇ ਵਧੇਰੇ ਪ੍ਰਵਾਨ ਹੋਵੇਗਾ, ਭਾਵ ਸਮਾਜ ਵਿਚ ਉਸ ਦਾ ਮਾਣ-ਤਾਣ ਵਧੇਰੇ ਹੋਵੇਗਾ। ਇਸ ਦੇ ਨਾਲ ਹੀ ਔਰਤ ਦੀ ਮੁਕੰਮਲ ਆਜ਼ਾਦੀ ਨੂੰ ਨਿੱਜੀ ਜਾਇਦਾਦ ਦੇ ਖਾਤਮੇ ਨਾਲ ਜੋੜਿਆ ਜਾਂਦਾ ਹੈ।

ਸਾਡੀ ਸਮਝ ਅਨੁਸਾਰ ਮਾਰਕਸਵਾਦੀ ਦਰਸ਼ਨ ਦਾ ਇਹ ਖਿਆਲ ਤਾਂ ਦਰੁਸਤ ਹੈ ਕਿ ਸਮਾਜਿਕ ਰੁਤਬਾ ਕਿਰਤ ਨਾਲ ਜੁੜਿਆ ਹੋਇਆ ਹੈ ਪਰ ਇਸ ਤੋਂ ਅੱਗੇ ਪਹਿਲੀ ਗੱਲ ਤਾਂ ਇਹ ਕਾਫੀ ਮਹੱਤਵਪੂਰਨ ਹੈ ਕਿ ਔਰਤ ਦੀ ਆਜ਼ਾਦੀ ਵੀ ਅਸਲ ਵਿਚ ਵਿਗਿਆਨਕ ਤਕਨੀਕ ਦੀ ਉਨਤੀ ਨਾਲ ਸ਼ੁਰੂ ਹੋਈ। ਜਦੋਂ ਉਦਯੋਗਿਕ ਸਮਾਜ ਵਿਚ ਕਿਸੇ ਮਸ਼ੀਨ ਤੇ ਕੰਮ ਕਰਨ ਦੀ ਸ਼ਕਤੀ, ਔਰਤ ਦੀ ਵੱਧ ਤੋਂ ਵੱਧ ਸ਼ਕਤੀ ਤੋਂ ਕਿਤੇ ਘੱਟ ਹੀ ਲੋੜੀਂਦੀ ਰਹੀ ਤਾਂ ਉਹ ਮਸ਼ੀਨ ਰਾਹੀਂ ਮਰਦ ਦੀ ਕਿਰਤ ਸ਼ਕਤੀ ਦੇ ਬਰਾਬਰ ਆ ਗਈ। ਇਸ ਪ੍ਰਕਾਰ ਔਰਤ ਦੀ ਆਜ਼ਾਦੀ ਦਾ ਰਸਤਾ ਤਕਨੀਕ ਨੇ ਵੀ ਦਰਸਾਇਆ ਹੈ।

ਦੂਸਰਾ ਜਿਵੇਂ ਅਸੀਂ ਔਰਤ ਦੀ ਜੀਵ-ਵਿਗਿਆਨਕ ਬਣਤਰ ਤੇ ਚਰਚਾ ਕਰਦਿਆਂ ਦੱਸਿਆ ਹੈ ਕਿ ਔਰਤ ਆਪਣੀ ਜ਼ਿੰਦਗੀ ਦੀ ਸ਼ਕਤੀ ਦਾ ਕਾਫੀ ਹਿੱਸਾ ਮਾਂ

ਬਣਨ ਤੇ ਲਗਾਉਂਦੀ ਹੈ। ਇਸ ਕਾਰਨ, ਉਸ ਦੀ ਸਮਾਜਿਕ ਕੰਮ (ਭੌਤਿਕ ਉਤਪਾਦਨ) ਕਰਨ ਦੀ ਸ਼ਕਤੀ, ਮਰਦ ਮੁਕਾਬਲੇ ਘਟ ਜਾਂਦੀ ਹੈ। ਇਸ ਦਾ ਹੱਲ ਕਈ ਪੱਧਰਾਂ ਤੇ ਹੈ। ਜਨਮ-ਨਿਯੰਤਰਣ ਵਿਧੀਆਂ ਦੇ ਹੋਂਦ ਵਿਚ ਆਉਣ ਨਾਲ ਕਈ ਸਮੱਸਿਆਵਾਂ ਦਾ ਹੱਲ ਹੋ ਗਿਆ ਹੈ। ਇਕ ਪਾਸੇ ਤਾਂ ਉਹ ਅਣਲੋੜੀਦੀ ਮਾਂ ਬਣਨ ਤੋਂ ਬਚ ਗਈ, ਦੂਜੇ ਪਾਸੇ ਉਹ ਮਰਦ ਵਾਂਗ ਹੀ ਸਰੀਰਕ ਆਨੰਦ ਲੈਣ ਲਈ ਸੁਤੰਤਰ ਹੋ ਗਈ। ਪਹਿਲਾਂ ਉਹ ਮਾਂ-ਬਣਨ ਲਈ ਨਾ ਚਾਹੁੰਣ ਤੇ ਵੀ ਬੰਧੇਜੀ ਸੀ, ਪਰ ਹੁਣ ਇਸ ਮੁਸ਼ਕਲ ਦਾ ਹੱਲ ਲੱਭ ਲਿਆ ਹੈ। ਇਸ ਪ੍ਰਕਾਰ ਉਸ ਦੀ ਸੁਤੰਤਰਤਾ ਦਾ ਦੂਜਾ ਪੜਾਅ ਤਕਨੀਕ ਦੀ ਉਨਤੀ ਨਾਲ ਹੀ ਸ਼ੁਰੂ ਹੁੰਦਾ ਹੈ।

ਇਸ ਪ੍ਰਕਾਰ ਤਕਨੀਕ ਤੇ ਆਧਾਰਤ ਨਵੀਂ ਸੋਚ ਨੇ ਜਨਮ ਲਿਆ। ਹੁਣ ਔਰਤ ਦੇ ਮਾਂ ਬਣਨ ਨੂੰ ਨਵੇਂ ਸਿਰਿਓਂ ਫੇਰ ਮਾਨਤਾ ਮਿਲਣੀ ਸ਼ੁਰੂ ਹੋਈ। ਮਨੋਵਿਗਿਆਨੀ, ਜੀਵ ਵਿਗਿਆਨੀ, ਸਮਾਜ-ਵਿਗਿਆਨੀ ਔਰਤ ਦੇ ਮਾਂ ਬਣਨ ਦੇ ਕੰਮ ਨੂੰ ਪ੍ਰਮੁੱਖ ਸਮਾਜਿਕ ਕਿਰਤ ਵਜੋਂ ਮਾਨਤਾ ਦਿਵਾਉਣ ਲਈ ਯਤਨਸ਼ੀਲ ਹਨ। ਔਰਤ ਦੇ ਸਿੱਧੇ ਸਮਾਜਿਕ ਕੰਮ ਖਾਸ ਕਰਕੇ ਉਸ ਦੇ ਭੌਤਿਕ ਕੰਮ ਦੇ ਨਾਲ ਹੀ ਉਸ ਦੇ ਮਾਂ ਬਣਨ ਦੇ ਕੰਮ ਨੂੰ ਬਰਾਬਰ ਮਾਨਤਾ ਮਿਲ ਜਾਣ ਤੇ ਉਸ ਦੀ ਆਜ਼ਾਦੀ ਜਾਂ ਮੁਕਤੀ ਦਾ ਨਵਾਂ ਦਰਵਾਜਾ ਖੁੱਲ੍ਹੇਗਾ।

ਨਾਰੀ-ਮੁਕਤੀ ਅਸਲ ਵਿਚ ਮਰਦਾਂ ਵਾਲਾ ਕੰਮ ਅਤੇ ਮਰਦ ਦੇ ਬਰਾਬਰ ਸਮੱਰਥਾ ਵਿਚ ਕਰਨ ਵਿਚ ਨਹੀਂ ਹੈ, ਸਗੋਂ ਸਿਰਫ ਔਰਤ ਵਾਲੇ ਕੰਮ ਭਾਵ ਮਾਂ ਬਣਨ ਨੂੰ, ਮਾਂ ਵਾਲੇ ਫਰਜ਼/ਕੰਮ ਨੂੰ ਮਰਦ ਵਾਲੇ ਕੰਮ ਦੇ ਬਰਾਬਰ ਦੀ ਮਾਨਤਾ ਦਿਵਾਉਣਾ ਵੀ ਹੈ। ਇਸ ਪਾਸੇ ਚੇਤਨਾ ਦੇ ਬੀਜ ਬੀਜੇ ਜਾ ਰਹੇ ਹਨ, ਛੇਤੀ ਹੀ ਨਵੇਂ ਵਿਚਾਰਾਂ ਦੀ ਫਸਲ ਉਗੇਗੀ ਅਤੇ ਸਮਾਨਤਾ ਦਾ ਫਲ ਲੱਗੇਗਾ।

***

ਨਾਰੀਵਾਦ ਅਤੇ ਨਾਰੀ-ਮੁਕਤੀ ਲਹਿਰ

ਨਾਰੀਵਾਦ ਦੇ ਜਨਮ ਤੋਂ ਪਹਿਲਾਂ ਹੀ ਇਸ ਦਾ ਆਧਾਰ ਤਿਆਰ ਹੋ ਚੁੱਕਾ ਸੀ ਤੇ ਪੱਛਮ ਵਿਚ ਨਾਰੀਵਾਦ ਸ਼ਬਦ ਦੇ ਵਰਤੋਂ ਵਿਚ ਆਉਣ ਤੋਂ ਪਹਿਲਾਂ, 'ਔਰਤ ਦੇ ਹੱਕਾਂ' ਅਤੇ 'ਔਰਤ ਦੀ ਆਜ਼ਾਦੀ' ਲਈ 'ਔਰਤ ਦੀ ਲਹਿਰ' ਵਰਗੇ ਸ਼ਬਦ ਪ੍ਰਚੱਲਤ ਸਨ। ਔਰਤ ਲਹਿਰ ਦਾ ਅਰਥ ਸੀ, ਔਰਤਾਂ ਦਾ ਸਮਾਜ ਸੇਵਾ ਦਾ ਕੰਮ, ਸਿਵਲ ਅਧਿਕਾਰ, ਸਮਾਜਿਕ ਆਜ਼ਾਦੀ, ਉੱਚ ਵਿਦਿਆ, ਵੱਖ-ਵੱਖ ਕਿੱਤਿਆਂ ਵਿਚ ਪ੍ਰਵੇਸ਼ ਅਤੇ ਵੋਟ ਦਾ ਅਧਿਕਾਰ। ਪੂਰਵ ਪ੍ਰਚਲਤ ਸਾਰੇ ਸ਼ਬਦ ਹੀ ਸਮੁੱਚੀਆਂ ਔਰਤਾਂ ਨੂੰ ਅਤੇ ਉਸਦੀਆਂ ਸਮੱਸਿਆਵਾਂ ਨੂੰ ਕਲਾਵੇ ਵਿਚ ਲੈਂਦੇ ਹਨ, ਜਦੋਂ ਕਿ ਨਾਰੀਵਾਦ ਸਿਰਫ ਖਾਸ ਮੱਤ ਦੀਆਂ ਧਾਰਨੀ ਔਰਤਾਂ ਤੱਕ ਸੀਮਤ ਹੋ ਗਿਆ।

ਨਾਰੀਵਾਦ ਦੀ ਆਧੁਨਿਕ ਸੰਕਲਪਨਾ ਵਿਚ ਤਿੰਨ ਪ੍ਰਧਾਨ ਤੱਤ ਹਨ :

ਪਹਿਲਾ ਤੱਤ : ਦੋਹਾਂ ਲਿੰਗਾਂ ਵਿਚ ਬਰਾਬਰਤਾ, ਪਰ ਇਸ ਬਰਾਬਰਤਾ ਨੂੰ ਲਿੰਗ ਦੀ ਪੂਰਵ ਪ੍ਰਚੱਲਤ ਦਰਜਾਬੰਦੀ ਦੇ ਵਿਰੋਧ ਵਿਚ ਰੱਖ ਕੇ ਸਮਝਣਾ ਵਧੇਰੇ ਸੌਖਾ ਹੈ। ਬਰਾਬਰਤਾ ਤੋਂ ਭਾਵ ਸਮਾਨਤਾ ਨਹੀਂ ਹੈ।

ਦੂਸਰਾ ਤੱਤ : ਔਰਤ ਦੀ ਮੌਜੂਦਾ ਸਥਿਤੀ ਨੂੰ ਸਮਾਜਿਕ ਘਾੜਤ ਮੰਨਣਾ, ਕਿਉਂਕਿ ਜੇ ਸਥਿਤੀ ਨੂੰ ਕੁਦਰਤ ਜਾਂ ਰੱਬੋਂ ਠੋਸੀ ਸਮਝਿਆ ਜਾਵੇ ਤਾਂ ਨਾਰੀਵਾਦ ਦਾ ਆਧਾਰ ਹੀ ਖੁਰ ਜਾਂਦਾ ਹੈ।

ਤੀਜਾ ਤੱਤ : ਔਰਤ ਦਾ ਆਪਣੇ ਆਪ ਨੂੰ ਜੀਵ ਵਿਗਿਆਨਕ ਤੌਰ ਤੇ ਵੱਖਰੇ ਸਮਝਣਾ ਸਗੋਂ ਇਕ ਸਮਾਜਿਕ ਸਮੂਹ ਵਜੋਂ ਮਹਿਸੂਸ ਕਰਨਾ ਵੀ ਸ਼ਾਮਲ ਹੈ। ਇਸ ਪ੍ਰਕਾਰ ਨਾਰੀਵਾਦ ਉਸ ਵਿਚਾਰਧਾਰਾ ਨੂੰ ਕਿਹਾ ਜਾ ਸਕਦਾ ਹੈ, ਜਿਹੜੀ ਔਰਤਾਂ ਨਾਲ ਸਬੰਧਤ ਹੋਵੇ।

ਨਾਰੀਵਾਦ ਸ਼ਬਦ 1910 ਇਕ ਅਣਜਾਣਿਆ ਸ਼ਬਦ ਸੀ, ਜੋ 1913 ਵਿਚ ਪਹਿਲੀ ਵਾਰ ਵਰਤਿਆ ਗਿਆ ਅਤੇ ਫੇਰ ਆਮ ਵਰਤੋਂ ਵਿਚ ਆਉਣ ਲੱਗ ਗਿਆ। ਨਾਰੀਵਾਦ ਦਾ ਨਿਸ਼ਾਨਾ ਮਰਦਾਂ ਅਤੇ ਔਰਤਾਂ ਦਾ ਮਾਨਸਿਕ ਵਤੀਰਾ ਬਦਲਣਾ ਸੀ। ਮਾਰੀਆ ਜੈਨੀ ਹੋ ਅਨੁਸਾਰ- 'ਅਸੀਂ ਉਸ ਸ਼ਬਦ ਦੀ ਭਾਲ ਵਿਚ ਸੀ, ਜਿਹੜਾ ਇਸ ਤੱਥ ਦੀ ਤਸਦੀਕ ਕਰੇ ਕਿ ਔਰਤਾਂ ਬਦਲ ਰਹੀਆਂ ਹਨ। ਨਾਰੀਵਾਦ ਅਸਲ ਵਿਚ ਸਾਡੇ ਤੇ ਥੋਪ ਦਿੱਤਾ ਗਿਆ ਹੈ, ਕਿਸੇ ਵੀ ਹੋਰ ਸ਼ਬਦ ਵਾਂਗ ਜਿਹੜਾ ਔਰਤ ਦੇ

ਵਿਕਾਸ ਵੱਲ ਦੀਆਂ ਕੋਸ਼ਿਸ਼ਾਂ ਨੂੰ ਪ੍ਰਗਟਾਉਂਦਾ ਹੈ।' 1914 ਵਿਚ ਨਿਊਯਾਰਕ ਦੀ ਇਕ ਔਰਤ ਹੈਨਰੇਥਾ ਰੋਡਮੈਨ (Honretha Rodman) ਨੇ 'ਫੈਮਨਿਸਟ ਅਲਾਇੰਸ' (Feminist Alliance) ਨਾਂ ਦਾ ਗਰੁੱਪ ਬਣਾਇਆ ਜੋ ਵਿਆਹ ਕਰਾਉਣ ਉਤੇ ਔਰਤਾਂ ਨੂੰ ਸਕੂਲ ਟੀਚਰ ਦੀ ਨੌਕਰੀ ਤੋਂ ਜੁਆਬ ਦੇਣ ਦੀ ਨੀਤੀ ਦੇ ਵਿਰੁੱਧ ਸ਼ੁਰੂ ਹੋਇਆ ਸੀ। ਇਸ ਦੇ ਵਿਰੋਧੀਆਂ ਨੇ ਨਾਰੀਵਾਦ ਨੂੰ ਉਲਟੇ ਰੁੱਖ ਇਉਂ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਕਿ 'ਨਾਰੀਵਾਦ ਮਮਤਾ ਤੋਂ ਸੱਖਣਾ, ਖੁੱਲ੍ਹੇ ਪਿਆਰ, ਸੌਖਾ ਤਲਾਕ, ਆਰਥਿਕ ਆਜ਼ਾਦੀ ਅਤੇ ਹੋਰ ਪਤਨਮੁਖੀ ਅਤੇ ਵਾਧੂ ਸਿਧਾਤਾਂ ਦਾ ਹੱਕੀ ਹੈ।"

ਚਾਰਲੋਟ ਪਰਕਿਨਜ਼ ਗਿਲਮੈਨ ਅਨੁਸਾਰ ਨਾਰੀਵਾਦ ਸਾਰੇ ਸੰਸਾਰ ਦੀਆਂ ਔਰਤਾਂ ਦਾ ਸਮਾਜਿਕ ਜਾਗਰਣ ਹੈ। ਨੈਸ਼ਨਲ ਅਮਰੀਕਨ ਵੋਮੈਨ ਸਫਰੇਜ਼ ਐਸੋਸੀਏਸ਼ਨ ਦੀ ਨੇਤਾ ਕੈਰੀ ਚੈਪਨ ਕੈਟ ਨੇ 1914 ਵਿਚ ਨਾਰੀਵਾਦ ਦੀ ਪਰਿਭਾਸ਼ਾ ਕਰਦਿਆਂ ਲਿਖਿਆ ਕਿ ਨਾਰੀਵਾਦ ਔਰਤਾਂ ਅਤੇ ਮਨੁੱਖੀ ਆਜ਼ਾਦੀ ਵਿਚਕਾਰ ਕਨੂੰਨ ਅਤੇ ਰੀਤੀ ਰਿਵਾਜਾਂ ਦੀਆਂ ਬਨਾਵਟੀ ਰੋਕਾਂ ਵਿਰੁੱਧ ਸੰਸਾਰ ਪੱਧਰ ਦਾ ਵਿਦਰੋਹ ਹੈ। ਇਸ ਦਾ ਖਾਸ ਲੱਛਣ ਹੈ ਕਿ ਇਸ ਦਾ ਕੋਈ ਨੇਤਾ ਜਾਂ ਸੰਸਥਾ ਨਹੀਂ ਹੈ, ਸਗੋਂ ਇਹ ਆਪਣੇ ਆਪ ਵਿਚ ਆਪ ਮੁਹਾਰੇ ਫੁੱਟੀ ਲਹਿਰ ਸੀ। ਇਸ ਦੇ ਬਾਹਰ ਮੁਖੀ ਲੱਛਣ ਸਥਾਨਕਤਾ ਦੇ ਵਖਰੇਵਿਆਂ ਨਾਲ ਭਰਪੂਰ ਸਨ।

ਨਾਰੀਵਾਦ ਔਰਤ ਦੇ ਵੋਟ ਅਧਿਕਾਰ ਦੀ ਮੰਗ ਕਰਦੀ ਸੀ, ਪਰ ਜੋ ਵੀ ਵੋਟ ਅਧਿਕਾਰ ਦੀ ਮੰਗ ਕਰੇ ਉਹ ਜ਼ਰੂਰੀ ਨਹੀਂ ਕਿ ਨਾਰੀਵਾਦੀ ਹੀ ਹੋਵੇ। ਨਾਰੀਵਾਦ ਤਾਂ ਵੋਟ ਅਧਿਕਾਰ ਨੂੰ ਇਕ ਸੰਦ ਵਜੋਂ, ਇਕ ਪੜਾਅ ਵਜੋਂ ਸਮਝਦਾ ਹੈ ਜਦੋਂ ਕਿ ਨਾਰੀਵਾਦ ਦਾ ਅੰਤਿਮ ਨਿਸ਼ਾਨਾ ਮੁਕੰਮਲ ਤੌਰ 'ਤੇ ਸਮਾਜਿਕ ਤਬਦੀਲੀ ਹੈ। ਨਾਰੀਵਾਦ ਨੇ ਆਪਣੇ ਇਤਿਹਾਸ ਵਿਚ, ਆਪਣੇ ਕੰਮ ਕਰਨ ਦੇ ਢੰਗ ਅਤੇ ਖੇਤਰ ਅਨੁਸਾਰ ਤਿੰਨ ਮੁੱਖ ਪੜਾਅ ਤਹਿ ਕੀਤੇ ਹਨ। ਪਹਿਲੇ ਪੱਧਰ 'ਤੇ ਔਰਤਾਂ ਨੇ ਆਪਣੇ ਆਪ ਨੂੰ ਜੱਥੇਬੰਦ ਕਰਨ ਦੀ ਕੋਸ਼ਿਸ਼ ਕੀਤੀ। ਇਸ ਪੜਾਅ ਤੇ ਔਰਤਾਂ ਨੇ ਆਪਣੀਆਂ ਉਨ੍ਹਾਂ ਮੁਸ਼ਕਲਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ, ਜੋ ਸਿੱਧੇ ਤੌਰ ਤੇ ਸਿਰਫ ਮਰਦ ਵੱਲੋਂ ਕੀਤੇ ਜਾਂਦੇ ਜ਼ੁਲਮਾਂ ਕਾਰਨ ਹੀ ਸਨ, ਜਿਵੇਂ ਮਰਦ ਵੱਲੋਂ ਔਰਤਾਂ ਨੂੰ ਕੁੱਟਣਾ ਮਾਰਨਾ ਆਦਿ। ਦੂਜੇ ਪੜਾਅ ਤੇ ਔਰਤਾਂ ਨੇ ਮਰਦ ਦੇ ਬਰਾਬਰ ਅਧਿਕਾਰਾਂ ਦੀ ਮੰਗ ਕਰਨੀ ਸ਼ੁਰੂ ਕੀਤੀ। ਇਸ ਤੋਂ ਬਿਨ੍ਹਾਂ ਵੀ ਸਮਾਜਿਕ ਕਿਰਿਆਵਾਂ ਵਿਚ ਬਰਾਬਰ ਦੇ ਕੰਮਾਂ ਅਨੁਸਾਰ ਹੱਕਾਂ ਦੀ ਮੰਗ ਕੀਤੀ। ਤੀਜੀ ਪੱਧਰ ਤੇ ਔਰਤ ਪ੍ਰਤੀ ਸਮਾਜਿਕ ਪੈਮਾਨਿਆਂ ਨੂੰ ਬਦਲਣ ਸਬੰਧੀ ਸੀ ਜਿੰਨਾ ਕਾਰਨ ਔਰਤ ਦੀ ਸਥਿਤੀ ਦੁਜੈਲੀ ਸੀ। ਪਰ ਇਹ ਪੜਾਅ ਇਕ ਦੂਸਰੇ ਤੋਂ ਟੁੱਟੇ ਹੋਏ ਨਹੀਂ, ਸਗੋਂ ਇਕ ਦੂਸਰੇ ਵਿਚ ਰਲੱਗਡ ਹੋਏ ਮਿਲਦੇ ਹਨ।

ਨਾਰੀਵਾਦ ਨੂੰ ਵਿਚਾਰਧਾਰਕ ਆਧਾਰ ਤਿੰਨ ਲਹਿਰਾਂ ਤੋਂ ਪ੍ਰਾਪਤ ਹੋਇਆ। ਪਹਿਲਾਂ ਇਨਲਾਈਟਨਮੈਂਟ ਤਾਰਕਿਕ (Enlightenment Rationalism) ਗਿਆਨ

ਦੀ ਲਹਿਰ ਤੋਂ ਮਿਲਿਆ। ਇਸ ਲਹਿਰ ਨੇ ਜ਼ੋਰ ਦਿੱਤਾ ਕਿ ਕੁਦਰਤੀ ਨਿਆਂ ਦੇ ਹਿਸਾਬ ਨਾਲ ਔਰਤਾਂ ਅਤੇ ਮਰਦ ਬਰਾਬਰ ਹਨ। ਦੂਜੀ ਪ੍ਰਮੁੱਖ ਲਹਿਰ ਪ੍ਰੋਟੈਸਟੈਂਟ (protestant) ਦੀ ਸੀ, ਜੋ ਪੁਰਾਣੇ ਰੂੜੀਵਾਦੀ ਔਰਤ ਦਬਾਉ ਵਿਚਾਰਾਂ ਦੀ ਥਾਂ, ਇਸ ਗੱਲ ਦੀ ਧਾਰਨੀ ਸੀ ਕਿ ਰੱਬ ਦੀ ਨਜ਼ਰ ਵਿਚ ਔਰਤ ਮਰਦ ਬਰਾਬਰ ਹਨ। ਤੀਜਾ ਵੱਡਾ ਆਧਾਰ ਸਮਾਜਵਾਦੀਆਂ ਦੀ ਲਹਿਰ ਦਾ ਸੀ। ਮਾਰਕਸ ਅਤੇ ਉਹਦੇ ਏਂਗਲਜ਼ ਵਰਗੇ ਸਾਥੀਆਂ ਨੇ ਔਰਤਾਂ ਦੇ ਹੱਕਾਂ ਦੀ ਵਕਾਲਤ ਕੀਤੀ।

ਇਹ ਵਿਚਾਰਧਾਰਕ ਕੇਂਦਰ ਸਮੇਂ, ਸਥਾਨ ਅਤੇ ਨੇਤਾਵਾਂ ਨਾਲ ਬਦਲਦੇ ਰਹੇ। ਪਰ ਇਕ ਗੱਲ ਸਪਸ਼ਟ ਸੀ ਕਿ ਨਾਰੀਵਾਦ ਨੇ ਇਨ੍ਹਾਂ ਲਹਿਰਾਂ ਨੂੰ ਆਪਣੇ ਢੰਗ ਨਾਲ ਲਿਆ ਕਿਉਂਕਿ ਨਾਰੀਵਾਦ ਦਾ ਕੰਮ ਖੇਤਰ ਬੜਾ ਚੌੜਾ ਸੀ। ਇਹ ਸਿੱਖਿਆ, ਰੁਜ਼ਗਾਰ, ਕਾਨੂੰਨੀ ਅਧਿਕਾਰ, ਸਮਾਜਕ ਸੁਧਾਰ ਤੋਂ ਲੈ ਕੇ ਨਿੱਜੀ ਵਿਵਹਾਰ ਤੱਕ ਫੈਲਿਆ ਹੋਇਆ ਸੀ। ਇਸ ਲਹਿਰ ਅਧੀਨ ਅਣਵਿਆਹੀਆਂ, ਛੁੱਟੜਾਂ ਅਤੇ ਵਿਧਵਾਵਾਂ ਲਈ ਘਰ, ਸਕੂਲ ਅਤੇ ਕਾਲਜ ਵਰਗੀਆਂ ਸੰਸਥਾਵਾਂ ਦਾ ਨਿਰਮਾਣ ਕਰਨਾ, ਸਿਹਤ ਕੇਂਦਰ ਕਾਇਮ ਕਰਨ ਤੋਂ ਲੈ ਕੇ ਕਿਤਾਬਾਂ, ਪੈਫਲੈਂਟ ਛਾਪਣ ਤਕ ਦਾ ਕੰਮ ਹੱਥ ਵਿਚ ਸੀ।

ਨਾਰੀਵਾਦ ਦੇ ਆਪਣੇ ਸਮੁੱਚੇ ਵਿਕਾਸ ਵਿਚ ਦੋ ਵਿਚਾਰ ਹੋਣ ਕਾਰਨ ਇਕ ਸਵੈ-ਵਿਰੋਧ ਕਾਰਜਸ਼ੀਲ ਰਿਹਾ। ਇਕ ਪਾਸੇ ਤਾਂ ਔਰਤਾਂ ਆਪਣੇ ਆਪ ਨੂੰ ਮਰਦ ਦੇ ਬਰਾਬਰ ਸਮਝਦੀਆਂ ਹੋਈਆਂ, ਬਰਾਬਰ ਹੱਕਾਂ ਦੀ ਮੰਗ ਕਰਦੀਆਂ ਸਨ, ਦੂਜੇ ਪਾਸੇ ਔਰਤਾਂ ਹੋਣ ਕਾਰਨ ਵਿਸ਼ੇਸ਼ ਰਿਆਇਤਾਂ ਦੀ ਮੰਗ ਵੀ ਕਰਦੀਆਂ ਸਨ।

ਅਮਰੀਕਾ ਵਿਚ ਉਦਯੋਗਿਕ ਵਿਕਾਸ ਨਾਲ ਇਕ ਪਾਸੇ ਤਾਂ ਸਮਾਜਕ ਉਤਪਾਦਨ ਦੇ ਕੰਮਾਂ ਵਿਚ ਵਿਭਿੰਨਤਾ ਆਈ, ਦੂਜੇ ਪਾਸੇ ਔਰਤ ਨੇ ਵੱਖੋ ਵੱਖ ਨੌਕਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਔਰਤਾਂ ਦੀ ਪੜ੍ਹਾਈ ਅਤੇ ਨੌਕਰੀ ਨਾਲੋ ਨਾਲ ਚੱਲਣ ਲੱਗੀਆਂ। ਇਸੇ ਸਮੇਂ ਵੋਟ ਅਧਿਕਾਰ ਵੀ ਆਪਣਾ ਪ੍ਰਭਾਵ ਪਾ ਰਿਹਾ ਸੀ। ਔਰਤ ਨੂੰ ਥੋੜ੍ਹਿਆਂ ਪੈਸਿਆਂ ਅਤੇ ਮਨਚਾਹੀਆਂ ਸ਼ਰਤਾਂ ਤੇ ਕੰਮ ਕਰਵਾਇਆ ਜਾਂਦਾ ਸੀ ਪਰ ਛੇਤੀ ਹੀ ਔਰਤਾਂ ਸੰਗਠਿਤ ਹੋਣ ਲੱਗੀਆਂ ਅਤੇ ਮਰਦ ਸਮਾਨ ਤਨਖਾਹ ਅਤੇ ਹੋਰ ਅਧਿਕਾਰਾਂ ਦੀ ਮੰਗ ਕਰਨ ਲੱਗੀਆਂ। ਇਸ ਪ੍ਰਕਾਰ ਨਾਰੀਵਾਦ ਦੀ ਲਹਿਰ ਹੋਰ ਮਜ਼ਬੂਤ ਹੋਈ ਅਤੇ ਅੱਗੇ ਵਧਣ ਲੱਗੀ। ਨਾਰੀਵਾਦ ਅਤੇ ਵੋਟ ਅਧਿਕਾਰ ਦੀ ਇਕ ਮੰਗ ਔਰਤਾਂ ਨੂੰ ਪੱਕੇ ਉਤਪਾਦਨ ਕਰਤਾ ਦੇ ਤੌਰ ਤੇ ਮਾਨਤਾ ਦਿਵਾਉਣਾ ਵੀ ਸੀ ਜੋ ਮਰਦਾਂ ਦੀ ਥਾਂ ਨਹੀਂ ਸਗੋਂ ਸੁਤੰਤਰ ਤੌਰ 'ਤੇ ਮਰਦ ਵਾਂਗ ਹੀ ਕੰਮ ਕਰ ਸਕਦੀ ਸੀ। ਹੁਣ ਕੁਦਰਤੀ ਸਮਾਨ ਅਧਿਕਾਰ ਦੀ ਥਾਂ ਬਰਾਬਰ ਦੀ ਕੰਮ ਕਰਨ ਵਾਲੀ ਵਜੋਂ ਵੀ ਸਮਾਨ ਅਧਿਕਾਰ ਖਾਸ ਕਰਕੇ ਵੋਟ ਦਾ ਅਧਿਕਾਰ ਮੰਗਣ ਦੀ ਲੜੀ ਸ਼ੁਰੂ ਹੋਈ ਤੇ ਨਵਾਂ ਤਰਕ ਦਿੱਤਾ ਜਾਣਾ ਸ਼ੁਰੂ ਹੋਇਆ। ਵੱਖੋ-ਵੱਖ ਦੇਸ਼ਾਂ ਖਾਸ ਕਰਕੇ ਇੰਗਲੈਂਡ ਵਿਚ ਆਪਣੀ ਮੰਗ ਤੇ ਵਧੇਰੇ ਦਬਾਅ ਪਾਉਣ ਲੱਗ ਪਏ। ਨਾਰੀਵਾਦ ਦੀ

ਅਮਰੀਕਾ ਅਤੇ ਪੱਛਮੀ ਦੇਸ਼ਾਂ ਵਿਚ ਆਧਾਰੀ ਲਹਿਰ ਵੋਟ-ਅਧਿਕਾਰ ਲਹਿਰ ਹੀ ਰਹੀ ਕਿਉਂਕਿ ਵੋਟਾਂ ਰਾਹੀਂ ਹੀ ਉਹ ਫੈਸਲੇ ਲਏ ਜਾਂਦੇ ਸਨ, ਜੋ ਸਮਾਜ ਦੇ ਢਾਂਚੇ ਨੂੰ ਪ੍ਰਭਾਵਿਤ ਕਰਦੇ ਸਨ, ਜਿਸ ਵਿੱਚ ਔਰਤਾਂ ਰਹਿੰਦੀਆਂ ਸਨ। ਵੋਟ ਦੇ ਅਧਿਕਾਰ ਪਿੱਛੇ ਕੁਦਰਤੀ ਅਧਿਕਾਰ ਦਾ ਦਰਸ਼ਨ ਕੰਮ ਕਰਦਾ ਸੀ। ਇਹ ਆਮ ਕਰਕੇ ਹੋਰ ਲਹਿਰਾਂ ਜਿਵੇਂ 'ਗੁਲਾਮਦਾਰੀ ਦੇ ਵਿਰੋਧ' ਦੀ ਲਹਿਰ ਦੇ ਨਾਲ ਚੱਲੀ। ਏਸ਼ੀਆਈ ਦੇਸ਼ਾਂ ਵਿਚ ਇਹ ਲਹਿਰ ਕੌਮੀ ਆਜ਼ਾਦੀ ਲਹਿਰ ਦੀ ਸਹਾਇਕ ਵਜੋਂ ਵਧੀ ਫੁੱਲੀ ਅਤੇ ਦੇਸ਼ ਦੀ ਆਜ਼ਾਦੀ ਨਾਲ ਹੀ ਔਰਤਾਂ ਨੂੰ ਵੀ ਬਰਾਬਰ ਦੇ ਅਧਿਕਾਰ ਮਿਲ ਗਏ। ਇਸ ਦਾ ਵਿਰੋਧ ਇਕ ਪਾਸੇ ਤਾਂ ਧਾਰਮਿਕ ਲੋਕਾਂ ਵੱਲੋਂ ਹੋਇਆ ਅਤੇ ਦੂਜੇ ਪਾਸੇ ਉਨ੍ਹਾਂ ਪੂੰਜੀਪਤੀਆਂ ਵੱਲੋਂ ਵੀ ਹੋਇਆ, ਜਿਹੜੇ ਔਰਤਾਂ ਨੂੰ ਬੇਜ਼ੁਬਾਨ ਮਜ਼ਦੂਰ ਤਾਕਤ ਵਜੋਂ ਸਥਾਈ ਰੱਖਣਾ ਚਾਹੁੰਦੇ ਸਨ। ਔਰਤਾਂ ਲਈ ਵੋਟ ਅਧਿਕਾਰ ਲਹਿਰ ਆਪਣੇ ਵੱਖ-ਵੱਖ ਦੇਸ਼ਾਂ ਵਿਚ ਵੱਖਰੇ ਰੂਪਾਂ, ਨੇਤਾਵਾਂ, ਵੱਖਰੇ ਦ੍ਰਿਸ਼ਟੀਕੋਣਾਂ ਦੇ ਬਾਵਜੂਦ, ਔਰਤਾਂ ਲਈ ਵੋਟ ਅਧਿਕਾਰ ਦੇ ਵਿਸ਼ੇ ਦੀ ਸਾਂਝ ਰਖਦੀ ਸੀ। ਇਸ ਲਹਿਰ ਨੇ ਔਰਤਾਂ ਵਿਚ ਜਾਗਰਤੀ ਪੈਦਾ ਕੀਤੀ, ਜਿਸ ਉਪਰ ਬਾਅਦ ਵਿਚ ਨਾਰੀਵਾਦ ਦਾ ਜਨਮ ਹੋਇਆ। ਨਾਰੀਵਾਦ ਵਿਚ ਵੋਟ ਅਧਿਕਾਰ ਲਹਿਰ ਤੋਂ ਬਾਅਦ ਸਮਾਜਵਾਦ ਦੇ ਵਿਚਾਰਾਂ ਨੇ ਪ੍ਰਭਾਵ ਪਾਇਆ। ਔਰਤਾਂ ਆਪਣੇ ਆਪ ਨੂੰ ਮਜ਼ਦੂਰ ਵਰਗ ਨਾਲ ਇਕ ਰੂਪ ਕਰਨ ਲੱਗੀਆਂ ਅਤੇ ਸਮਾਜਵਾਦੀ ਵਿਚਾਰਧਾਰਾ ਦੇ ਧਾਰਨੀ ਲੋਕਾਂ ਦਾ ਔਰਤਾਂ ਦੀ ਲਹਿਰ ਪ੍ਰਤੀ ਰਵੱਈਆ ਹਾਂ-ਪੱਖੀ ਹੋਣ ਕਾਰਨ, ਔਰਤਾਂ ਦਾ ਝੁਕਾਅ ਸਮਾਜਵਾਦ ਵੱਲ ਹੋ ਗਿਆ।

ਨਾਰੀਵਾਦ ਲਹਿਰ ਦੇ ਅਧੀਨ ਔਰਤ ਨੇ ਆਪਣੀ ਆਰਥਿਕ ਆਜ਼ਾਦੀ ਦੇ ਨਾਲ ਹੀ ਆਪਣੀ ਵਿਅਕਤੀਗਤ ਇੱਛਾ ਨੂੰ ਮਰਦ ਤੋਂ ਆਜ਼ਾਦ ਕਰਨ ਦੀ ਸ਼ੁਰੂਆਤ ਕੀਤੀ। ਆਪ ਕਮਾਉਣ ਵਾਲੀਆਂ ਔਰਤਾਂ ਨੇ ਆਪਣੇ ਜੀਵਨ ਢੰਗ ਨੂੰ ਆਪਣੀ ਵਿਅਕਤੀਗਤ ਰੁਚੀ ਅਨੁਸਾਰ ਢਾਲਣਾ ਸ਼ੁਰੂ ਕਰ ਦਿੱਤਾ। ਇਹ ਵਿਅਕਤੀਗਤ ਪਸੰਦ ਕੱਪੜੇ ਪਾਉਣ ਤੋਂ ਲੈ ਕੇ ਸਮੁੱਚੇ ਸੰਸਾਰ ਦ੍ਰਿਸ਼ਟੀਕੋਣ ਤਕ ਫੈਲੀ ਹੋਈ ਸੀ।

ਚਾਰਲੋਟ ਪਰਕਿਨਜ਼ ਗਿਲਮੈਨ (Charlotte Perkins Gillman) ਨੇ ਔਰਤ ਦੀ ਆਜ਼ਾਦੀ ਦੇ ਆਰਥਿਕ ਆਧਾਰ ਪੇਸ਼ ਕਰਦਿਆਂ ਜ਼ੋਰ ਦਿੱਤਾ ਕਿ ਔਰਤ ਤਾਂ ਹੀ ਆਜ਼ਾਦ ਹੋ ਸਕਦੀ ਹੈ ਜੇ ਘਰ ਦੇ ਅਕੇਵੇਂ ਭਰੇ ਕੰਮਾਂ ਤੋਂ ਉਸ ਨੂੰ ਛੁਟਕਾਰਾ ਮਿਲੇ ਅਤੇ ਉਹ ਸਮਾਜਿਕ ਉਤਪਾਦਨ ਵਿਚ ਇਕ ਸਿੱਧੇ ਵਰਕਰ ਵਾਂਗ ਕੰਮ ਕਰੇ। ਉਸ ਨੇ ਘਰ ਦੇ ਕੰਮ ਕਪੜੇ ਧੋਣ, ਸਫਾਈ ਅਤੇ ਖਾਣਾ ਬਣਾਉਣ ਨੂੰ ਵਿਸ਼ੇਸ਼ ਸਿੱਖਿਅਤ ਵਰਕਰਾਂ ਤੋਂ ਕਰਾਉਣ ਤੇ ਜ਼ੋਰ ਦਿੱਤਾ ਅਤੇ ਉਸ ਨੇ ਉਸ ਸਮੇਂ ਤੱਕ ਦੇ ਹੋ ਚੁੱਕੇ ਉਦਯੋਗਿਕ ਵਿਕਾਸ ਤੋਂ ਸਹਾਰਾ ਲੈਣ ਤੇ ਵੀ ਜ਼ੋਰ ਦਿੱਤਾ। ਭਾਵ ਬਣੇ ਬਣਾਏ ਮਾਲ ਨੂੰ ਔਰਤਾਂ ਦੀ ਮੁਕਤੀ ਵਜੋਂ ਚਿਤਵਿਆ। ਉਸ ਨੇ ਔਰਤ ਦੀ ਆਜ਼ਾਦੀ ਨੂੰ ਔਰਤ ਦੇ ਸਮਾਜਿਕ ਕੰਮ ਕਰ ਸਕਣ ਦੀ ਸਮੱਰਥਾ ਦੇ ਅਨੁਪਾਤਕ ਰੂਪ ਵਿਚ ਸਮਝਿਆ। ਜਦੋਂ ਕਿ ਦੂਜੇ ਪਾਸੇ ਕੁਝ ਨਾਰੀ ਚਿੰਤਕਾਂ

ਨੇ ਕਿਹਾ ਕਿ ਔਰਤ ਦੇ ਮਾਂ ਬਣਨ ਨੂੰ ਇਕ ਸਮਾਜਿਕ ਕੰਮ ਵਜੋਂ ਮਾਨਤਾ ਮਿਲਣ ਉਤੇ ਉਹ ਘਰ ਰਹਿ ਕੇ ਵੀ ਬਰਾਬਰ ਦੇ ਹੱਕਾਂ ਦੀ ਹੱਕਦਾਰ ਬਣ ਸਕਦੀ ਹੈ।

ਇਸੇ ਸਮੇਂ ਹੀ ਔਰਤ ਦੀ ਕਾਮੁਕਤਾ ਨੂੰ ਪਛਾਣਨ ਵੱਲ ਪੁਲਾਂਘ ਪੁੱਟੀ ਗਈ। ਔਰਤ ਨੇ ਮਰਦ ਸਮਾਨ-ਕਾਮ ਅਧਿਕਾਰ ਮੰਗੇ ਪਰ ਇਹ ਕਾਮ-ਅਧਿਕਾਰ ਕੀ ਸਨ? ਇਸ ਨੂੰ ਵਿਚਾਰਨਾ ਜ਼ਰੂਰੀ ਹੈ। ਸਭ ਤੋਂ ਪਹਿਲਾਂ ਤਾਂ ਮਰਦਾਂ ਵਾਂਗ ਹੀ ਔਰਤਾਂ ਵਿਚ ਵੀ ਕਾਮੁਕਤਾ ਦੇ ਜ਼ਜਬੇ ਨੂੰ ਮਾਨਤਾ ਪ੍ਰਦਾਨ ਕਰਨ ਦੀ ਗੱਲ ਉਠਾਈ ਗਈ। ਇਸੇ ਸਮੇਂ ਜਨਮ-ਨਿਯੰਤਰਣ ਦੀਆਂ ਵਿਧੀਆਂ ਹੋਂਦ ਵਿਚ ਆ ਚੁੱਕੀਆਂ ਸਨ ਅਤੇ ਇਨ੍ਹਾਂ ਨਾਲ ਔਰਤ ਆਪਣੇ ਉਤੇ ਕੁਦਰਤ ਵੱਲੋਂ ਪਾਈ ਗਈ ਮਾਂ ਬਣਨ ਦੀ ਜ਼ਿੰਮੇਵਾਰੀ ਤੋਂ ਆਪਣੀ ਇੱਛਾ ਅਨੁਸਾਰ ਬਚ ਵੀ ਸਕਦੀ ਸੀ ਤਾਂ ਔਰਤ ਨੇ ਆਪਣਾ ਮਾਂ ਬਣਨ ਦਾ ਫੈਸਲਾ ਰਾਜ ਜਾਂ ਧਾਰਮਿਕ ਸੰਸਥਾਵਾਂ ਹੱਥੋਂ ਆਪਣੇ ਹੱਥ ਲੈਣ ਦੀ ਇੱਛਾ ਕੀਤੀ ਅਤੇ ਅੰਤ ਇਸ ਦਿਸ਼ਾ ਵੱਲ ਰਾਇ ਤਿਆਰ ਕਰਨੀ ਸ਼ੁਰੂ ਕੀਤੀ। ਨਾਰੀਵਾਦ ਅਧੀਨ ਹੀ ਔਰਤ ਨੇ ਕਥਿਤ ਨੈਤਿਕ ਉੱਚਤਾ ਨੂੰ ਤਿਆਗਿਆ। ਪੁਰਾਣੀ ਵਿਚਾਰਧਾਰਾ ਜੋ ਔਰਤ ਦੀ ਕਾਮੁਕ-ਸ਼ੁਧਤਾ ਤੇ ਜੋਰ ਦਿੰਦੀ ਸੀ, ਨੂੰ ਚੁਣੌਤੀ ਦਿੰਦਿਆਂ ਔਰਤ ਦੀ ਕਾਮੁਕਤਾ ਨੂੰ ਜਗਾਇਆ ਅਤੇ ਮਾਨਤਾ ਦਿੱਤੀ।

ਸਮੁੱਚੇ ਰੂਪ ਵਿਚ ਹੁਣ ਤਕ ਔਰਤਾਂ ਕਾਮ-ਅਧਿਕਾਰ ਦੀ ਕੋਈ ਇਸ ਤੋਂ ਵਧੀਆ ਵਿਆਖਿਆ ਨਹੀਂ ਕਰ ਸਕੀਆਂ ਕਿ ਮਰਦਾਂ ਵਾਂਗ ਔਰਤਾਂ ਵਿਚ ਵੀ ਕੁਦਰਤੀ ਕਾਮੁਕ ਪ੍ਰਵਿਰਤੀ ਹੁੰਦੀ ਹੈ, ਜਿਸ ਨੂੰ ਜਿਵੇਂ ਮਰਦ ਸਵੈ ਇੱਛਾ ਨਾਲ ਪੂਰਾ ਕਰਦਾ ਹੈ, ਉਸੇ ਤਰ੍ਹਾਂ ਔਰਤ ਨੂੰ ਪੂਰਾ ਕਰਨ ਦੀ ਇਜ਼ਾਜਤ ਹੋਣੀ ਚਾਹੀਦੀ ਹੈ। ਪਰ ਵਿਅਕਤੀਗਤ ਪੱਧਰ ਤੇ ਜੇ ਕੋਈ ਔਰਤ ਜਾਂ ਮਰਦ ਆਪਣੀ ਕਾਮ-ਪ੍ਰਵਿਰਤੀ ਦੀ ਮਨਚਾਹੇ ਢੰਗ ਨਾਲ ਪੂਰਤੀ ਕਰਨੀ ਚਾਹੇ, ਅਤੇ ਪ੍ਰੰਤੂ ਦੂਜੇ ਨੂੰ ਉਹ ਇਸ ਦੀ ਇਜ਼ਾਜਤ ਨਹੀਂ ਦਿੰਦਾ ਤਾਂ ਸਥਿਤੀ ਗੁੰਝਲਦਾਰ ਬਣ ਜਾਂਦੀ ਹੈ। ਇਹ ਸਥਿਤੀ ਵਿਚ ਦੂਜੇ ਦੀਆਂ ਭਾਵਨਾਵਾਂ ਦੀ ਕਦਰ ਕਰਨਾ ਦੋਵਾਂ ਦਾ ਪਰਸਪਰ ਫਰਜ਼ ਬਣ ਜਾਂਦਾ ਹੈ। ਇਸ ਪ੍ਰਕਾਰ ਨਾਰੀਵਾਦ ਇਕ ਵਿਆਪਕ ਧਾਰਨਾ ਹੈ ਜੋ ਔਰਤਾਂ ਦੀ ਉਸ ਲਹਿਰ ਨੂੰ ਦਰਸਾਉਂਦਾ ਹੈ, ਜਿਸ ਅਧੀਨ ਵੋਟ-ਅਧਿਕਾਰ, ਕੰਮ-ਅਧਿਕਾਰ, ਕਾਮ-ਅਧਿਕਾਰ ਮੰਗੇ ਗਏ ਅਤੇ ਜਿੱਤ ਪ੍ਰਾਪਤ ਕੀਤੀ ਗਈ। ਇਹ ਆਪਣੇ ਵਿਭਿੰਨ ਦੇਸ਼ਾਂ, ਵਿਭਿੰਨ ਖਿੱਤਿਆਂ ਵਿਚ ਅਤੇ ਅੰਤ ਵਿਭਿੰਨ ਲੀਡਰਾਂ ਦੀ ਲੀਡਰਸ਼ਿਪ ਥੱਲੇ, ਵੱਖ-ਵੱਖ ਵਿਚਾਰਧਾਰਾਵਾਂ ਦੇ ਪ੍ਰਭਾਵ ਅਧੀਨ ਅਤੇ ਆਪਣੀ ਮੰਗ ਪ੍ਰਤੀ ਵਿਭਿੰਨਤਾ, ਮੰਗਾਂ ਤੇ ਜ਼ੋਰ ਦੇਣ ਦੇ ਤਰਕ ਅਤੇ ਢੰਗ ਵਿਚ ਵਖਰੇਵਿਆਂ ਦੇ ਬਾਵਜੂਦ ਇਕ ਗੱਲ ਸਾਂਝੀ ਸੀ ਕਿ ਸਮੁੱਚੇ ਰੂਪ ਵਿਚ ਨਾਰੀ ਦੀ ਬਦਲ ਰਹੀ ਸਥਿਤੀ ਵਿਚ ਨਵੇਂ ਢੰਗ ਨਾਲ ਸਮਾਜਿਕ ਤੌਰ ਤੇ ਮੁੜ ਪਰਿਭਾਸ਼ਤ ਹੋਣ ਦਾ ਦੌਰ ਜਾਂ ਲਹਿਰ ਸੀ।

***

ਭਾਰਤ ਵਿਚ ਇਸਤਰੀ ਲਹਿਰ

ਭਾਰਤ ਵਿਚ ਇਸਤਰੀ ਲਹਿਰ, ਜਿਸ ਨੂੰ ਔਰਤ ਮੁਕਤੀ ਲਹਿਰ ਵੀ ਕਿਹਾ ਜਾ ਸਕਦਾ ਹੈ, ਪੱਛਮ ਦੇ ਮੁਕਾਬਲੇ ਵੱਖਰੇ ਰਾਹਾਂ ਤੇ ਵਿਕਸਤ ਹੋਈ। ਪੱਛਮ ਵਿਚ ਇਸਤਰੀ ਲਹਿਰ ਉਥੋਂ ਦੇ ਸਮਾਜ ਅੰਦਰੋਂ ਉੱਠੀ। ਉੱਥੇ ਪਹਿਲਾਂ ਸਮਾਜ ਦੇ ਪੈਦਾਵਾਰੀ ਸਾਧਨ ਬਦਲੇ, ਜਿਸ ਨਾਲ ਉਥੇ ਸਮਾਜਿਕ ਸਮਤੋਲ ਬਦਲਿਆ ਅਤੇ ਇਸ ਬਦਲੀ ਸਥਿਤੀ ਵਿਚ ਔਰਤਾਂ ਦੀ ਆਜ਼ਾਦੀ ਦੀ ਲਹਿਰ ਆਪਣੇ ਵੱਖ-ਵੱਖ ਰੂਪਾਂ ਵਿਚ ਹੋਂਦ ਵਿਚ ਆਈ। ਵੋਟ-ਅਧਿਕਾਰ, ਕੰਮ-ਅਧਿਕਾਰ ਤੋਂ ਇਲਾਵਾ ਸਮੁੱਚੇ ਮਰਦਾਵੇਂ ਸੋਚ ਪ੍ਰਬੰਧ ਨੂੰ ਚਣੌਤੀ ਦਿੱਤੀ ਗਈ।

ਪਰ ਭਾਰਤ ਵਿਚ ਸਥਿਤੀ ਕਾਫੀ ਹੱਦ ਤੱਕ ਵੱਖਰੀ ਰਹੀ ਹੈ, ਐਨ ਉਵੇਂ ਜਿਵੇਂ ਭਾਰਤ ਦਾ ਵਿਕਾਸ ਵੀ ਇਥੋਂ ਦੇ ਪੈਦਾਵਾਰੀ ਸਾਧਨਾਂ ਦੇ ਆਪਣੇ ਵਿਕਾਸ ਦੀ ਥਾਂ ਅੰਗਰੇਜ਼ ਸਾਮਰਾਜ ਦੇ ਦਖਲ ਦੁਆਰਾ ਹੋਇਆ ਸੀ। ਪੱਛਮ ਵਿਚ ਇਸਤਰੀ ਲਹਿਰਾਂ ਦਾ ਜਨਮ ਨਿਰੋਲ ਇਸਤਰੀਆਂ ਦੁਆਰਾ ਹੋਇਆ ਅਤੇ ਇਸ ਲਹਿਰ ਵਿਚ ਮਰਦ ਵਿਰੋਧੀ ਵਿਚਾਰ ਵੀ ਪਾਏ ਜਾਂਦੇ ਸਨ, ਜਦੋਂ ਕਿ ਭਾਰਤ ਵਿਚ ਔਰਤ ਦੀ ਆਜ਼ਾਦੀ ਦੀ ਲਹਿਰ ਵੱਖਰੇ ਢੰਗ ਨਾਲ ਸੰਗਠਿਤ ਹੋਈ। ਅੰਗਰੇਜ਼ ਸਾਮਰਾਜ ਦੇ ਪ੍ਰਚਾਰ/ਪ੍ਰਸਾਰ ਨਾਲ ਇੱਥੇ ਇਸਤਰੀ ਹੱਕਾਂ ਲਈ ਸਭ ਤੋਂ ਪਹਿਲਾਂ ਕੰਮ ਸਮਾਜ ਸੁਧਾਰਕਾਂ ਨੇ ਕੀਤਾ। ਬਹੁਤੇ ਸਮਾਜ ਸੁਧਾਰਕ ਮਰਦ ਹੀ ਸਨ ਪਰ ਉਨ੍ਹਾਂ ਨੇ ਭਾਰਤੀ ਸਮਾਜ ਦੇ ਜਾਗੀਰੂ ਜੂਲੇ ਵਾਲੇ ਦਮ ਘੁਟਵੇਂ ਮਾਹੌਲ ਤੋਂ ਨਿਜਾਤ ਦਿਵਾਉਣ ਲਈ ਔਰਤਾਂ ਦੇ ਹੱਕ ਵਿਚ ਆਵਾਜ਼ ਉਠਾਈ। ਸੋ ਇਸ ਪ੍ਰਕਾਰ ਭਾਰਤ ਵਿਚ ਇਸਤਰੀ ਲਹਿਰ ਦੇ ਜਨਮਦਾਤਾ ਇਕ ਤਰ੍ਹਾਂ ਨਾਲ ਸਮਾਜ ਸੁਧਾਰਕ ਹੀ ਸਨ। ਰਾਜਾ ਰਾਮ ਮੋਹਨ ਰਾਏ ਨੇ 'ਸਤੀ ਪ੍ਰਥਾ' ਵਰਗੀ ਘਿਨਾਉਣੀ ਰਸਮ ਦੇ ਖਿਲਾਫ ਲੜਾਈ ਲੜੀ। ਈਸ਼ਵਰ ਚੰਦਰ ਵਿਦਿਆ ਸਾਗਰ ਵਰਗਿਆਂ ਨੇ ਔਰਤਾਂ ਲਈ ਵਿਦਿਆ ਦੇਣ ਦੀ ਵਕਾਲਤ ਕੀਤੀ। ਆਂਧਰਾ ਦੇ ਵੀਰਾਮਲਿੰਗਮ ਨੇ 'ਵਿਵੇਕ ਵਰਧਿਨੀ', 'ਚਿੰਤਾਮਣੀ', 'ਸਤਯ ਵਾਦਿਨੀ', ਆਦਿ ਪੱਤ੍ਰਿਕਾਵਾਂ ਦੁਆਰਾ ਪੁਰਾਣੇ ਜਾਗੀਰੂ ਸੰਸਕਾਰਾਂ ਨੂੰ ਤੋੜਦੇ ਵਿਚਾਰਾਂ ਦਾ ਪ੍ਰਚਾਰ ਕੀਤਾ ਅਤੇ ਵਿਧਵਾ-ਵਿਆਹ ਨੂੰ ਜਾਇਜ ਠਹਿਰਾਇਆ। 1881 ਵਿਚ ਉਸ ਨੇ ਪਹਿਲਾਂ ਵਿਧਵਾ-ਵਿਆਹ ਕੀਤੇ ਤੇ 1887 ਵਿਚ ਮਦਰਾਸ ਅੰਦਰ ਪਹਿਲਾ ਵਿਧਵਾ

ਆਸ਼ਰਮ ਬਣਾਇਆ ਗਿਆ। ਇਸੇ ਪ੍ਰਕਾਰ ਮਹਾਂਰਾਸ਼ਟਰ ਦੇ ਡਾਂਡੀ ਕੇ ਕਾਰਵੇ ਨੇ ਲੜਕੀਆਂ ਦੀ ਪੜ੍ਹਾਈ ਅਤੇ ਵਿਧਵਾ ਵਿਆਹ ਲਈ ਨਵੀਆਂ ਪਿਰਤਾਂ ਪਾਈਆਂ। ਇਸ ਪ੍ਰਕਾਰ ਬ੍ਰਹਮੋ ਸਮਾਜ, ਪ੍ਰਾਰਥਨਾ ਸਮਾਜ, ਥਿਆਸੋਫੀ ਪੰਥੀ ਆਦਿ ਜਥੇਬੰਦੀਆਂ ਅਤੇ ਇਨ੍ਹਾਂ ਦੇ ਐਨੀ ਬੇਸੰਟ, ਮਿਸਟਰ ਨਿਵੇਦਤਾ, ਵਿਵੇਕਾ ਨੰਦ ਵਰਗੇ ਆਗੂਆਂ ਨੇ 'ਧਰਮ ਸੁਧਾਰ' ਕਰਦਿਆਂ ਔਰਤਾਂ ਦੇ ਹੱਕਾਂ ਦੀ ਮੁਢਲੇ ਰੂਪ ਵਿਚ ਸ਼ੁਰੂਆਤ ਕੀਤੀ। ਇਨ੍ਹਾਂ ਆਗੂਆਂ ਤੇ ਜਥੇਬੰਦੀਆਂ ਦਾ ਸਿੱਧਾ ਨਿਸ਼ਾਨਾ ਔਰਤਾਂ ਦਾ ਸੁਧਾਰ ਭਾਵੇਂ ਨਹੀਂ ਸੀ ਪਰ ਉਨ੍ਹਾਂ ਦਾ ਕੰਮ ਅੰਤਿਮ ਤੌਰ ਤੇ ਔਰਤ ਦੇ ਹੱਕ ਵਿਚ ਜਾਂਦਾ ਸੀ। ਇਸ ਤੋਂ ਬਾਅਦ ਗੋਖਲੇ ਜੀ ਦੀ 'ਦਾ ਸਰਵੈਂਟਸ ਆਫ ਇੰਡੀਆ ਸੋਸਾਇਟੀ' ਅਤੇ ਹੋਰ ਨਿੱਕੀਆਂ ਮੋਟੀਆਂ ਕਈ ਨਿਰੋਲ ਸਮਾਜ ਸੁਧਾਰਕ ਜਥੇਬੰਦੀਆਂ ਅਤੇ ਗਰੁੱਪ ਹੋਂਦ ਵਿਚ ਆਏ, ਜਿਨ੍ਹਾਂ ਨੇ ਆਪੋ ਆਪਣੇ ਵਿੱਤ ਅਨੁਸਾਰ ਔਰਤ ਦੇ ਪੱਖ ਤੋਂ, ਸਮਾਜ ਦੀ ਪ੍ਰਚੱਲਤ ਮਰਿਯਾਦਾ ਵਿਚ ਸੁਧਾਰ ਕਰਨ ਦੀ ਕੋਸ਼ਿਸ਼ ਕੀਤੀ। ਇਸ ਪ੍ਰਕਾਰ ਔਰਤਾਂ ਦੇ ਹੱਕਾਂ ਦੀ ਲਹਿਰ ਆਰੰਭਿਕ ਰੂਪ ਵਿਚ ਧਰਮ ਸੁਧਾਰਕਾਂ ਅਤੇ ਸਮਾਜ ਸੁਧਾਰਕਾਂ ਨੇ ਚਲਾਈ, ਜਿਨ੍ਹਾਂ ਨੇ ਸਤੀ ਪ੍ਰਥਾ ਦਾ ਵਿਰੋਧ, ਬਾਲ-ਵਿਆਹ ਦਾ ਵਿਰੋਧ, ਵਿਧਵਾ-ਵਿਆਹ ਨੂੰ ਪ੍ਰਵਾਨਗੀ, ਔਰਤਾਂ ਲਈ ਵਿੱਦਿਆ ਦਾ ਪ੍ਰਬੰਧ ਆਦਿ ਕਰਨ ਦੀ ਕੋਸ਼ਿਸ਼ ਕੀਤੀ।

ਧਰਮ ਸੁਧਾਰ ਅਤੇ ਸਮਾਜ ਸੁਧਾਰ ਲਹਿਰ ਤੋਂ ਬਾਅਦ ਦੇਸ਼ ਦੀ ਆਜ਼ਾਦੀ ਦੀ ਲਹਿਰ ਸੀ, ਜਿਸ ਨੇ ਔਰਤਾਂ ਦੀ ਲ਼ਹਿਰ ਨੂੰ ਕਈ ਪੱਖਾਂ ਤੋਂ ਪ੍ਰਭਾਵਿਤ ਕੀਤਾ, ਜਿਵੇਂ ਰੇਣੂ ਚੱਕਰਵਰਤੀ ਲਿਖਦੀ ਹੈ ਕਿ ਇਹ ਦੋ ਧਾਰਾਵਾਂ ਸਨ-ਸਮਾਜ ਸੁਧਾਰ ਤਹਿਰੀਕ ਲਹਿਰ ਦੀ ਧਾਰਾ ਅਤੇ ਆਜ਼ਾਦੀ ਲਈ ਸਿਆਸੀ ਤਹਿਰੀਕ-ਜਿੰਨ੍ਹਾਂ ਨੇ ਮਿਲ ਕੇ ਭਾਰਤ ਦੀ ਇਸਤਰੀ ਲਹਿਰ ਨੂੰ ਹੁਲਾਰਾ ਦਿੱਤਾ ਅਤੇ ਇਸ ਦਾ ਮੂੰਹ ਮੱਥਾ ਘੜਿਆ। ਆਜ਼ਾਦੀ ਲਈ ਸਿਆਸੀ ਲੜਾਈ ਨੇ ਔਰਤਾਂ ਦੇ ਹੱਕਾਂ ਦੀ ਲਹਿਰ ਨੂੰ ਕਈ ਪੱਧਰਾਂ ਤੇ ਪ੍ਰਭਾਵਿਤ ਕੀਤਾ। ਇਕ ਪਾਸੇ ਤਾਂ ਔਰਤਾਂ ਅੰਦਰ ਇਹ ਭਾਵਨਾ ਪ੍ਰਚੰਡ ਹੋਈ ਕਿ ਉਨ੍ਹਾਂ ਦੀ ਆਜ਼ਾਦੀ ਦੇਸ਼ ਦੀ ਆਜ਼ਾਦੀ ਨਾਲ ਜੁੜੀ ਹੋਈ ਹੈ। ਇਸ ਕਾਰਨ ਉਹ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਕੁੱਦੀਆਂ ਅਤੇ ਦੂਜੇ ਪਾਸੇ ਉਨ੍ਹਾਂ ਨੇ ਆਜ਼ਾਦੀ ਦੀ ਲਹਿਰ ਵਿਚ ਹਿੱਸਾ ਲੈ ਕੇ ਆਪਣੇ ਆਪ ਨੂੰ ਸਮਾਜਿਕ ਤੌਰ ਤੇ ਚੇਤਨ ਕੀਤਾ ਅਤੇ ਹੁਣ ਉਹ ਸਿਆਸੀ ਸਰਗਰਮੀਆਂ ਵਿਚ ਹਿੱਸਾ ਲੈ ਸਕਦੀਆਂ ਸਨ।

1905 ਦੇ ਕਰੀਬ ਬੰਗਾਲ ਅੰਦਰ ਸਰਲਾ ਦੇਵੀ ਚੌਧਰਾਣੀ ਨੇ ਸਵਦੇਸ਼ੀ ਅੰਦੋਲਨ ਵਿਚ ਭਾਗ ਲਿਆ ਅਤੇ ਸਾਮਰਾਜ ਦੇ ਖਿਲਾਫ ਲੜਾਈ ਵਿਚ ਹਿੱਸਾ ਪਾਉਣਾ ਸ਼ੁਰੂ ਕਰ ਦਿੱਤਾ। ਉਸ ਨੇ ਇਸਤਰੀ ਲਹਿਰ ਲਈ 'ਭਾਰਤੀ' ਨਾਂ ਮਾਸਿਕ ਪੱਤਰ ਦਾ ਸੰਪਾਦਨ ਵੀ ਕੀਤਾ। ਉਨ੍ਹਾਂ ਭਾਰਤੀ ਇਸਤਰੀ ਮਹਾਂ-ਮੰਡਲ ਨਾਂ ਦੀ ਸੰਸਥਾ ਵੀ ਬਣਾਈ। ਇਸੇ ਪ੍ਰਕਾਰ ਸ਼੍ਰੀਮਤੀ ਭੀਕਾ ਜੀ ਰੁਸਤਮ ਕਾਮਾ ਜੋ ਮੈਡਮ ਕਾਮਾ ਦੇ ਨਾਂ ਨਾਲ ਮਸ਼ਹੂਰ ਹੋਈ ਨੇ ਦੇਸ਼ ਵਿਦੇਸ਼ ਵਿੱਚ ਘੁੰਮ ਕੇ ਭਾਰਤ ਦੀ ਆਜ਼ਾਦੀ ਦੇ ਮਸਲੇ ਨੂੰ

ਅੰਤਰ-ਰਾਸ਼ਟਰੀ ਪੱਧਰ ਤੇ ਪ੍ਰਚਾਰਿਆ। ਇਸੇ ਪ੍ਰਕਾਰ ਉੱਤਰ-ਪੱਛਮ ਦੇ ਇਲਾਕਿਆਂ ਵਿਚ ਜਾਦੋਨਾਰਾ ਅਤੇ ਰਾਣੀ ਗਇਤਾਲੋ ਨੇ ਆਜ਼ਾਦੀ ਦੀ ਤਹਿਰੀਕ ਵਿਚ ਡਟ ਕੇ ਕੇ ਕੰਮ ਕੀਤਾ। ਸੋ ਇਸ ਪ੍ਰਕਾਰ ਆਜ਼ਾਦੀ ਦੀ ਤਹਿਰੀਕ ਦੇ ਸ਼ਾਂਤਮਈ ਪਾਸੇ ਦੇ ਅੰਦੋਲਨਾਂ ਵਿਚ ਤਾਂ ਔਰਤਾਂ ਸਰਗਰਮ ਰਹੀਆਂ ਹੀ ਸਨ, ਸਗੋਂ ਉਹ ਖਾੜਕੂ ਪਾਸੇ ਵੀ ਕੰਮ ਕਰਦੀਆਂ ਸਨ, ਜਿਨ੍ਹਾਂ ਵਿਚੋਂ ਚਿਟਾਗਾਉਂ ਅਸਲੇ ਘਰ ਦੇ ਹਮਲੇ ਦੀ ਮੋਹਰੀ, ਪ੍ਰੀਤੀਲਤਾ ਵਾਦੇਕਾਰ, ਕਲਪਨਾ ਦੱਤਾ, ਸੁਨੀਤੀ ਘੋਸ਼, ਕਮਲਾ ਲਤਾ ਆਦਿ ਨਾਂ ਪ੍ਰਮੁੱਖ ਹਨ।

ਹੁਣ ਤਕ ਅਸੀਂ ਭਾਰਤ ਦੀ ਇਸਤਰੀ ਲਹਿਰ ਨੂੰ ਸਮਝਣ ਲਈ ਸਹਾਇਕ ਲਹਿਰਾਂ ਅਤੇ ਵਿਅਕਤੀਗਤ ਸਖਸ਼ੀਅਤਾਂ ਤੇ ਧਿਆਨ ਕੇਂਦਰਤ ਕੀਤਾ ਸੀ, ਹੁਣ ਅਸੀਂ ਜਥੇਬੰਦੀਆਂ ਦੀ ਗੱਲ ਕਰਾਂਗੇ, ਜੋ ਔਰਤਾਂ ਨੂੰ ਜਥੇਬੰਦ ਕਰਨ ਦੇ ਮੰਤਵ ਨਾਲ ਹੋਂਦ ਵਿਚ ਆਈਆਂ। ਸਥਾਨਕ ਅਤੇ ਪ੍ਰਾਂਤਕ ਪੱਧਰ ਤੇ ਔਰਤਾਂ ਨੂੰ ਜਥੇਬੰਦ ਕਰਨ ਦੀਆਂ ਛੋਟੀਆਂ ਵੱਡੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਪਰ ਇਥੇ ਅਸੀਂ ਸਮੁੱਚੇ ਭਾਰਤ ਵਿਚ ਕੰਮ ਕਰਨ ਵਾਲੀਆਂ ਜਥੇਬੰਦੀਆਂ ਦੀ ਗੱਲ ਹੀ ਕਰਾਂਗੇ। 'ਨੈਸ਼ਨਲ ਕੌਂਸਲ ਆਫ ਵਿਮੈਨ ਇਨ ਇੰਡੀਆ' ਪਹਿਲੀ ਭਾਰਤ ਭਰ ਦੀ ਜਥੇਬੰਦੀ ਸੀ, ਜੋ ਅੰਗਰੇਜ਼ ਹਾਕਮਾਂ ਦੀ ਸਹਿਮਤੀ-ਸਰਪ੍ਰਸਤੀ ਅਧੀਨ ਚਲਦੀ ਸੀ ਅਤੇ ਇਸ ਦਾ ਕੰਮ ਸਮਾਜਿਕ ਸੁਧਾਰਾਂ ਦੁਆਰਾ ਔਰਤ ਅਧਿਕਾਰਾਂ ਦੀ ਪ੍ਰਾਪਤੀ ਕਰਨੀ ਸੀ। ਇਨ੍ਹਾਂ ਦਾ ਆਮ ਕਰਕੇ ਜਥੇਬੰਦਕ ਤਾਣਾ, ਕਲੈਕਟਰ ਦੀ ਪਤਨੀ ਦੁਆਰਾ ਸੰਚਾਲਤ ਹੁੰਦਾ ਸੀ। ਇਨ੍ਹਾਂ ਦਾ ਕੰਮ ਇਸਤਰੀ ਦੀ ਪੜ੍ਹਾਈ ਲਈ ਪ੍ਰਬੰਧ ਕਰਨ ਜਾਂ ਛੋਟੀ ਮੋਟੀ ਦਸਤਕਾਰੀ ਜਿਵੇਂ ਸਿਲਾਈ ਵਗੈਰਾ ਦੀ ਸਿਖਲਾਈ ਦੇਣਾ ਸੀ। ਇਹ ਜਥੇਬੰਦੀ ਆਪਣੇ ਆਪ ਨੂੰ ਨਿਰੋਲ ਸਮਾਜਿਕ ਖੇਤਰ ਤੱਕ ਸੀਮਤ ਰਖਦੀ ਅਤੇ ਸਿਆਸੀ ਸਰਗਰਮੀਆਂ ਪ੍ਰਤੀ ਪੂਰਨ ਨਿਰਲੇਪ ਸੀ।

ਐਨੀ ਬੈਸੰਟ ਤੇ ਮਾਰਗਰੇਟ ਕਜਿਨਜ਼ ਨੇ ਪਹਿਲਾਂ 1917 ਵਿਚ ਵਿਮੈਨਜ਼ ਇੰਡੀਅਨ ਐਸੋਸੀਏਸ਼ਨ ਬਣਾਈ ਜੋ ਬਾਅਦ ਵਿਚ 'ਆਲ ਇੰਡੀਆ ਵਿਮੈਨਜ਼ ਕਾਨਫਰੰਸ' ਦਾ ਆਧਾਰ ਬਣੀ। 1919 ਵਿਚ ਇਸ ਜਥੇਬੰਦੀ ਵੱਲੋਂ ਡੈਪੂਟੇਸ਼ਨ ਸੈਕੇਰੇਟਰੀ ਆਫ ਸਟੇਟ ਫਾਰ ਇੰਡੀਆ ਨੂੰ ਸ਼੍ਰੀਮਤੀ ਸਰੋਜਿਨੀ ਨਾਇਡੋ ਦੀ ਅਗਵਾਈ ਹੇਠ ਮਿਲਿਆ ਅਤੇ ਇਸਨੇ ਵੋਟ ਪਾਉਣ ਦੇ ਇਸਤਰੀ ਅਧਿਕਾਰ ਦੀ ਵਕਾਲਤ ਕੀਤੀ ਪਰ ਇਸ ਜਥੇਬੰਦੀ ਵਿਚ ਇਕ ਪਾਸੇ ਤਾਂ ਰਾਜਨੀਤੀ ਤੋਂ ਦੂਰ ਰਹਿਣ ਵਾਲੀਆਂ ਮਹਾਰਾਣੀ ਮੈਸੂਰ, ਬੜੌਦਾ ਅਤੇ ਗਵਾਲੀਅਰ ਸਨ, ਦੂਜੇ ਪਾਸੇ ਆਜ਼ਾਦੀ ਦੀ ਲੜਾਈ ਨਾਲ ਸਬੰਧਿਤ ਸਰੋਜਿਨੀ ਨਾਇਡੋ, ਕਮਲਾ ਦੇਵੀ ਚਟੋਪਾਧਿਆਏ, ਅਰੁਣਾ ਆਸਿਫ ਅਲੀ ਵਰਗੀਆਂ ਸਨ। ਇਸ ਜਥੇਬੰਦੀ ਨੇ ਆਪਣਾ ਘੇਰਾ ਗਰੀਬ, ਪਿੰਡਾਂ ਵਿਚਲੀਆਂ ਔਰਤਾਂ ਤੱਕ ਫੈਲਾਉਣ ਦੀ ਕੋਸ਼ਿਸ਼ ਨਾ ਕੀਤੀ ਸਗੋਂ ਰੇਣੂੰ ਚੱਕਰਵਤੀ ਦੇ ਸ਼ਬਦਾਂ ਵਿਚ "ਆਲ ਇੰਡੀਆ ਵਿਮੈਨਜ਼ ਕਾਨਫਰੰਸ ਮੁੱਖ ਤੌਰ ਤੇ ਇਕ ਮੱਧ ਵਰਗੀ ਜਥੇਬੰਦੀ ਬਣੀ

ਰਹੀ ਜਿਸ ਦੀਆਂ ਆਗੂ ਆਮ ਕਰਕੇ ਬੁੱਧੀਜੀਵੀ ਇਸਤਰੀਆਂ ਸਨ।" ਭਾਵੇਂ ਆਜ਼ਾਦੀ ਦੀ ਪ੍ਰਾਪਤੀ ਤੋਂ ਬਾਅਦ ਇਸ ਜਥੇਬੰਦੀ ਨੂੰ ਸਰਕਾਰੀ ਸਰਪ੍ਰਸਤੀ ਵੀ ਮਿਲੀ ਪਰ ਇਸ ਨੇ ਆਪਣਾ ਆਧਾਰ ਵਿਸ਼ਾਲ ਕਰਨ ਅਤੇ ਆਮ ਮਜ਼ਦੂਰ ਕਿਸਾਨ ਔਰਤਾਂ ਦੀ ਜਥੇਬੰਦੀ ਬਣਨ ਲਈ ਕੁਝ ਨਾ ਕੀਤਾ।

ਦੂਜੀ ਸੰਸਾਰ ਜੰਗ ਦੇ ਸਮੇਂ ਬੰਗਾਲ ਵਿਚ 'ਮਹਿਲਾ ਆਤਮ ਰਖਸ਼ਾ ਸੰਮਤੀ' ਬਣੀ, ਜਿਸ ਨੇ ਫਾਸਿਸ਼ਟਾਂ ਦਾ ਵਿਰੋਧ ਕੀਤਾ ਅਤੇ ਮਹਾਨ ਕਾਲ ਸਮੇਂ ਸੰਘਰਸ਼ ਕਰਕੇ ਸਰਕਾਰੀ ਸਹਾਇਤਾ ਲਈ ਜ਼ੋਰ ਪਾਇਆ। ਇਸ ਦੇ ਮੈਂਬਰਾਂ ਨੇ ਅੰਨ ਵੰਡਦੇ ਵਲੰਟੀਅਰਾਂ ਦੇ ਤੌਰ ਤੇ ਕੰਮ ਕੀਤਾ। ਤਿਭਾਗਾ ਅੰਦੋਲਨ ਦੌਰਾਨ ਵੀ ਇਸਤਰੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸੇ ਤਰ੍ਹਾਂ ਆਂਧਰਾ ਪ੍ਰਦੇਸ਼ ਵਿਚ 'ਆਂਧਰਾ ਮਹਿਲਾ ਸੰਘ' ਵਿਕਸਤ ਹੋਇਆ। ਪੰਜਾਬ ਵਿਚ ਪਹਿਲੀ ਵਿਮਨਜ਼ ਸੈਲਫ ਡੀਫੈਂਸ ਲੀਗ ਬਣੀ ਜੋ ਬਾਅਦ ਵਿਚ ਲੋਕ ਇਸਤਰੀ ਸਭਾ ਵਿਚ ਤਬਦੀਲ ਹੋਈ। ਇਸੇ ਸਮੇਂ ਇਨ੍ਹਾਂ ਸਾਰੀਆਂ ਜਥੇਬੰਦੀਆਂ ਵਿਚ ਖੱਬੇ ਪੱਖੀ ਵਿਚਾਰ, ਉਲਾਰ ਰੂਪ ਵਿਚ ਭਾਰੂ ਹੋ ਗਏ। ਇਨ੍ਹਾਂ ਜਥੇਬੰਦੀਆਂ ਨੇ ਸਮੁੱਚੀਆਂ ਔਰਤਾਂ ਲਈ ਅਤੇ ਵਿਸ਼ਾਲ ਅਧਾਰਾਂ ਅਤੇ ਕੰਮ ਕਰਨ ਦੀ ਥਾਂ ਸਿਰਫ ਮਜ਼ਦੂਰ-ਕਿਸਾਨ ਔਰਤਾਂ ਨੂੰ ਨਿਰੋਲ ਮਾਰਕਸਵਾਦੀ ਦ੍ਰਿਸ਼ਟੀਕੋਣ ਅਨੁਸਾਰ ਪਾਰਟੀ ਲਈ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ। ਵਿਸ਼ਾਲ ਸਭਿਆਚਾਰਕ ਸਮਾਜਿਕ ਫਰੰਟ ਤੇ ਵੱਖ ਵੱਖ ਵਰਗਾਂ ਨੂੰ ਨਾਲ ਲੈ ਕੇ ਲੜਨ ਦੀ ਥਾਂ ਨਿਰੋਲ ਮਜ਼ਦੂਰ ਔਰਤਾਂ ਵਿਚ ਪਾਰਟੀ ਦੀ ਲਾਈਨ ਅਨੁਸਾਰ ਕੰਮ ਕਰਨ ਦੀ ਕੋਸ਼ਿਸ਼ ਕੀਤੀ। ਇਸ ਪ੍ਰਕਾਰ ਇਹਨਾਂ ਜਥੇਬੰਦੀਆਂ ਨੇ ਔਰਤਾਂ ਦੇ ਹੱਕਾਂ ਦੇ ਵਿਸ਼ਾਲ ਆਧਾਰੀ ਮੋਰਚੇ ਕਾਇਮ ਕਰਨ ਦੀ ਥਾਂ, ਪਾਰਟੀ ਦੇ ਇਸਤਰੀ ਵਿੰਗ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਸੋ ਇਸ ਪ੍ਰਕਾਰ ਭਾਰਤ ਪੱਧਰ ਤੇ ਤਕਰੀਬਨ ਹਰ ਪਾਰਟੀ ਨੇ ਆਪਣਾ ਇਸਤਰੀ ਵਿੰਗ ਸਥਾਪਤ ਕਰ ਦਿੱਤਾ ਤੇ ਸਰਕਾਰ ਨੇ ਵੀ ਕਈ ਵਿਭਾਗਾਂ ਰਾਹੀਂ ਔਰਤਾਂ ਦੇ ਅਧਿਕਾਰਾਂ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਪਰ ਇਹ ਸਭ ਕੁਝ ਨਾ ਕਾਫੀ ਸੀ। ਇਸੇ ਕਰਕੇ ਇਕ ਪਾਸੇ ਤਾਂ ਕਮਿਊਨਿਸਟ ਪਾਰਟੀ ਨੇ ਆਪਣੀਆਂ ਜਥੇਬੰਦੀਆਂ ਦੇ ਜਨਤਕ ਆਧਾਰ ਮਜ਼ਬੂਤ ਕਰਨ ਲਈ ਸਾਰੀਆਂ ਔਰਤਾਂ ਨੂੰ ਘੇਰੇ ਵਿਚ ਲੈਣ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ, ਦੂਜੇ ਪਾਸੇ ਕੁਝ ਆਜ਼ਾਦ ਖਿਆਲ ਮਧ ਵਰਗੀ ਬੁੱਧੀਜੀਵੀ ਔਰਤਾਂ ਨੇ ਛੋਟੇ ਮੋਟੇ (ਮਾਨੁਸ਼ੀ ਗਰੁੱਪ ਦਿੱਲੀ, ਸਮਸ਼ੀਰ ਚੰਡੀਗੜ੍ਹ, ਵਰਕਿੰਗ ਵਿਮੈਨ ਫੋਰਮ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਨਾਰੀ ਮੰਚ, ਫਰੀਦਕੋਟ ਆਦਿ) ਕਾਇਮ ਕਰਕੇ ਆਪਣੇ ਪੱਧਰ ਤੇ ਔਰਤਾਂ ਦੀਆਂ ਸੱਮਿਆਵਾਂ ਵੱਲ ਧਿਆਨ ਖਿੱਚਣ, ਹੱਲ ਕਰਨ, ਸਰਕਾਰ ਤੇ ਕਾਨੂੰਨ ਬਣਾਉਣ, ਲਾਗੂ ਕਰਨ, ਲੋਕ ਰਾਇ ਤਿਆਰ ਕਰਨੀ ਆਦਿ ਕੰਮ ਹੱਥਾਂ ਵਿਚ ਲੈ ਕੇ ਆਪਣੀਆਂ ਮੰਗਾਂ ਦੇ ਹੱਕ ਵਿਚ ਪ੍ਰਕਾਸ਼ਨਾਵਾਂ, ਮੁਜ਼ਾਹਰੇ, ਧਰਨੇ ਆਦਿ ਕਰਨੇ ਸ਼ੁਰੂ ਕਰ ਦਿੱਤੇ।

ਭਾਰਤ ਵਿਚ ਇਸਤਰੀਆਂ ਦੀ ਲਹਿਰ ਦੀ ਜੇ ਅਸੀਂ ਸੰਸਾਰ ਪੱਧਰ ਤੇ ਇਸਤਰੀਆਂ ਦੀ ਲਹਿਰ ਨਾਲ ਤੁਲਨਾ ਕਰੀਏ ਤਾਂ ਪਤਾ ਲਗਦਾ ਹੈ ਕਿ ਇਥੇ ਔਰਤਾਂ ਦੀ ਲਹਿਰ ਧਰਮ ਸੁਧਾਰ, ਸਮਾਜ ਸੁਧਾਰ ਅਤੇ ਆਜ਼ਾਦੀ ਦੀ ਲੜਾਈ ਨਾਲ ਵਿਕਸਿਤ ਹੋਈ। ਨਿਰੋਲ ਇਸਤਰੀਆਂ ਦੀ ਕੋਈ ਲਹਿਰ ਨਹੀਂ ਚੱਲੀ। ਔਰਤਾਂ ਦੇ ਬਹੁਤ ਸਾਰੇ ਕਾਨੂੰਨੀ ਹੱਕ ਆਜ਼ਾਦੀ ਮਿਲਣ ਨਾਲ ਹੀ ਮਿਲ ਗਏ ਅਤੇ ਮੌਜੂਦਾ ਸਰਕਾਰ ਵੀ ਇਸਤਰੀ ਵਿਰੋਧੀ ਕਾਨੂੰਨਾਂ ਨੂੰ ਖਤਮ ਕਰ ਰਹੀ ਹੈ। ਇਥੇ ਅਸਲ ਵਿਚ ਔਰਤ ਦੇ ਅਧਿਕਾਰ ਮਾਨਣ ਵਿਚ ਰੁਕਾਵਟ ਪਿੱਛੇ ਸਰਕਾਰ ਦੀ ਥਾਂ ਸਮਾਜਿਕ ਕਾਰਨ ਕੰਮ ਕਰਦੇ ਹਨ। ਇਨ੍ਹਾਂ ਸਮਾਜਿਕ ਕਾਰਨਾਂ ਦਾ ਸਬੰਧ ਕਾਨੂੰਨ ਦੀ ਬਜਾਏ ਲੋਕਾਂ ਦੀ ਪਿਛਲਖੁਰੀ ਸੋਚ ਨਾਲ ਹੈ। ਹੁਣ ਔਰਤਾਂ ਦੀਆਂ ਜਥੇਬੰਦੀਆਂ ਜਾਂ ਛੋਟੇ ਮੋਟੇ ਗਰੁੱਪਾਂ ਨੇ ਇਸ ਤੱਥ ਵੱਲ ਧਿਆਨ ਦੇ ਕੇ ਔਰਤਾਂ ਨੂੰ ਮਰਦ ਦੇ ਬਰਾਬਰ ਸਮਾਜਿਕ ਮਾਣ-ਤਾਣ ਦਿਵਾਉਣ ਲਈ ਆਪਣੇ ਢੰਗ ਨਾਲ ਰਾਇ ਉਸਾਰਨੀ ਸ਼ੁਰੂ ਕਰ ਦਿੱਤੀ ਹੈ।

ਔਰਤ ਅਤੇ ਮਰਦ ਵਿਚਕਾਰ ਜੀਵ-ਵਿਗਿਆਨਕ ਵਖਰੇਵਾਂ ਹੈ, ਜਿਸ ਦੇ ਆਧਾਰ ਉਪਰ ਸਮਾਜ ਦੇ ਵੱਖ-ਵੱਖ ਪੜਾਵਾਂ ਤੇ ਆਮ ਕਰਕੇ ਔਰਤ ਦਾ ਸਮਾਜਿਕ ਰੁਤਬਾ ਮਰਦ ਦੇ ਮੁਕਾਬਲੇ ਨੀਵਾਂ ਰਿਹਾ ਹੈ ਪਰ ਆਧੁਨਿਕ ਉਦਯੋਗਿਕ ਸਮਾਜਾਂ ਵਿਚ ਔਰਤਾਂ ਨੇ ਆਪਣੇ ਆਪ ਲਈ ਮਰਦ ਦੇ ਬਰਾਬਰ ਅਧਿਕਾਰਾਂ ਦੀ ਮੰਗ ਸ਼ੁਰੂ ਕੀਤੀ ਹੈ। ਇਸ ਪਿੱਛੇ ਜਨਮ ਨਿਯੰਤਰਣ ਸਾਧਨਾਂ ਅਤੇ ਵਿਗਿਆਨਕ ਤਕਨੀਕ ਦੀ ਉਨਤੀ ਨਾਲ ਪੈਦਾਵਾਰੀ ਸਾਧਨਾਂ ਵਿਚ ਤਬਦੀਲੀ, ਪ੍ਰਮੁੱਖ ਕਾਰਕ ਹੈ। ਇਸ ਪ੍ਰਕਾਰ ਔਰਤ ਵਿਚ ਖਾਸ ਤਰ੍ਹਾਂ ਦੀ ਚੇਤਨਾ ਉਤਪੰਨ ਹੋਈ, ਜਿਸ ਨੂੰ ਨਾਰੀ ਚੇਤਨਾ ਆਖਿਆ ਜਾ ਸਕਦਾ ਹੈ। ਭਾਰਤੀ ਔਰਤ ਅਤੇ ਖਾਸ ਕਰਕੇ ਪੰਜਾਬੀ ਔਰਤ ਦੇ ਪ੍ਰਸੰਗ ਵਿਚ ਇਹ ਗੱਲ ਸਪਸ਼ਟ ਹੈ ਕਿ ਇੱਥੇ ਤਕਨੀਕ ਅਤੇ ਨਵੇਂ ਵਿਚਾਰਾਂ ਦਾ ਪੱਛਮ ਦੇ ਮੁਕਾਬਲੇ ਅਸਰ ਘੱਟ ਹੋਇਆ ਹੈ। ਇਸ ਲਈ ਇੱਥੇ ਪੁਰਾਣੀ ਜੀਵਨ-ਜਾਚ ਹਾਵੀ ਹੈ।

***

ਪੰਜਾਬੀ ਔਰਤ ਦੀ ਸਥਿਤੀ ਅਤੇ ਸਮੱਸਿਆਵਾਂ

ਪੰਜਾਬੀ ਔਰਤ ਦੀ ਸਥਿਤੀ ਸਮੁੱਚੀ ਔਰਤ ਜਾਤੀ ਦੀ ਸਥਿਤੀ ਨਾਲ ਮਿਲਦੀ ਜੁਲਦੀ ਹੋਣ ਦੇ ਬਾਵਜੂਦ ਭਿੰਨ ਹੈ। ਏਸ਼ਿਆਈ ਦੇਸ਼ਾਂ ਦੀਆਂ ਔਰਤਾਂ ਅਤੇ ਯੂਰਪੀ ਦੇਸ਼ਾਂ ਦੀਆਂ ਔਰਤਾਂ ਦੀ ਸਥਿਤੀ ਵਿਚ ਕਾਫੀ ਫਰਕ ਹੈ। ਇਸ ਫਰਕ ਦਾ ਕਾਰਨ, ਵੱਖ ਵੱਖਰੇ ਉਤਪਾਦਨ ਪ੍ਰਬੰਧਾਂ 'ਤੇ ਉਸਾਰਿਆ ਸਭਿਆਚਾਰਕ ਉਸਾਰ ਹੈ। ਇਥੇ ਅਸੀਂ ਯੂਰਪੀ ਔਰਤਾਂ ਅਤੇ ਏਸ਼ਿਆਈ ਔਰਤਾਂ ਦੀਆਂ ਸਮਾਨਤਾਵਾਂ ਅਤੇ ਵਿਭਿੰਨਤਾਵਾਂ ਨੂੰ ਉਲੀਕਦੇ ਤੁਲਨਾ ਕਰਾਂਗੇ।

ਯੂਰਪੀ ਔਰਤ ਨੇ ਆਪਣੀ ਸਥਿਤੀ ਨੂੰ ਮਹਿਸੂਸ ਕਰਕੇ ਹੱਕਾਂ ਲਈ ਸੰਘਰਸ਼ ਲੜਿਆ ਅਤੇ ਹੱਕ ਪ੍ਰਾਪਤ ਕੀਤੇ। ਉੱਥੇ ਪਹਿਲਾਂ ਉਤਪਾਦਨ ਸਬੰਧ ਬਦਲੇ, ਜੋ ਉਨ੍ਹਾਂ ਦੇ ਸਮਾਜ ਦੇ ਅੰਦਰੂਨੀ ਵਿਕਾਸ ਦਾ ਸਿੱਟਾ ਸੀ, ਫਿਰ ਉਥੇ ਨਵੀਆਂ ਸਮੱਸਿਆਵਾਂ ਪੈਦਾ ਹੋਈਆਂ, ਜਿਨ੍ਹਾਂ ਵਿਚੋਂ ਔਰਤ ਦੀ ਆਜ਼ਾਦੀ ਦੀ ਲਹਿਰ ਨੇ ਜਨਮ ਲਿਆ। ਪਰੰਤੂ ਭਾਰਤੀ ਔਰਤ ਨੂੰ ਯੂਰਪੀ ਔਰਤਾਂ ਵਾਲੇ ਹੱਕ ਬਿਨ੍ਹਾਂ ਕਿਸੇ ਸੰਘਰਸ਼ ਦੇ ਮਿਲੇ ਹੋਣ ਕਾਰਨ, ਉਸ ਦੀ ਹੱਕਾਂ ਪ੍ਰਤੀ ਚੇਤਨਤਾ ਵਿਚ ਉਹ ਡੂੰਘਾਈ ਜਾਂ ਪਕਿਆਈ ਨਹੀਂ, ਜੋ ਪੱਛਮ ਦੀ ਔਰਤ ਵਿਚ ਹੈ। ਭਾਰਤ ਦੀ ਔਰਤ ਅਜੇ ਵੀ ਆਪਣੀ ਹੋਂਦ ਨੂੰ ਪਤੀ ਦੀ ਹੋਂਦ ਵਿਚ ਸ਼ਾਮਲ ਸਮਝਦੀ ਹੈ ਅਤੇ ਅਜਿਹਾ ਕਰਦਿਆਂ ਉਹ ਕਿਸੇ ਮਾਨਸਿਕ ਦੁਵੰਦ ਦਾ ਸ਼ਿਕਾਰ ਨਹੀਂ ਹੁੰਦੀ ਕਿਉਂਕਿ ਉਸ ਨੇ ਆਪਣੇ ਹੱਕ ਆਪਣੇ ਅੰਦਰੋਂ ਮਹਿਸੂਸ ਕੇ ਸੰਘਰਸ਼ ਬਾਅਦ ਹਾਸਲ ਕਰਨ ਦੀ ਥਾਂ ਚੁੱਪ-ਚਾਪ ਝੋਲੀ ਵਿਚ ਅੰਬ ਟਪਕਣ ਵਾਂਗ ਲਏ ਹਨ। ਇਸੇ ਕਾਰਨ ਭਾਰਤ ਵਿਚ ਕੋਈ ਨਿਰੋਲ ਔਰਤਾਂ ਦੀ ਲਹਿਰ ਨਹੀਂ ਚੱਲ ਸਕੀ ਅਤੇ ਜੋ ਲਹਿਰਾਂ ਜਾਂ ਲਹਿਰਾਂ ਦਾ ਅਭਾਸ ਦੇਣ ਵਾਲੀਆਂ ਜਥੇਬੰਦੀਆਂ ਹੋਂਦ ਵਿਚ ਆਈਆਂ, ਉਨ੍ਹਾਂ ਦਾ ਆਧਾਰ ਵੀ 'ਨਾਰੀ-ਚੇਤਨਾ' ਹੋਣ ਦੀ ਥਾਂ 'ਰਾਜਸੀ-ਚੇਤਨਾ' ਵਧੇਰੇ ਸੀ। ਜਿਹੜੀਆਂ ਜਥੇਬੰਦੀਆਂ ਰਾਜਸੀ-ਚੇਤਨਾ ਤੋਂ ਮੁਕਤ ਹਨ, ਉਨ੍ਹਾਂ ਦਾ ਆਧਾਰ ਵੀ ਭਾਰਤੀ ਔਰਤਾਂ ਦੇ ਅੰਦਰੋਂ ਮਹਿਸੂਸਣ ਦੀ ਥਾਂ ਬਾਹਰੀ ਤੌਰ 'ਤੇ ਪੱਛਮੀ ਔਰਤ ਦੀ ਆਜ਼ਾਦੀ ਦੀ ਲਹਿਰ ਤੋਂ ਪ੍ਰਭਾਵਿਤ ਕੁਝ ਮੱਧਵਰਗੀ ਬੁੱਧੀਜੀਵੀ ਔਰਤਾਂ ਦੇ ਆਪਣੀ ਸਥਿਤੀ ਨੂੰ ਪੱਛਮੀ ਔਰਤ ਦੀ ਸਥਿਤੀ ਨਾਲ ਤੁਲਨਾਉਣ ਤੋਂ ਉਤਪੰਨ ਹੋਏ ਵਿਸ਼ਵਾਸ ਦਾ ਸਿੱਟਾ ਹੈ।

ਸੋ ਮੁੱਖ ਤੌਰ ਤੇ ਪੱਛਮੀ ਅਤੇ ਭਾਰਤੀ ਔਰਤ ਦੀ ਮਨੋ-ਸੰਰਚਨਾ ਵਿਚ ਬੁਨਿਆਦੀ ਅੰਤਰ ਇਹ ਹੈ ਕਿ ਪੱਛਮ ਵਿਚ ਔਰਤ ਨੂੰ ਆਪਣੇ ਸਵੈ ਦਾ ਅਹਿਸਾਸ ਅੰਦਰੋਂ ਮਹਿਸੂਸ ਕਰਨ ਉੱਤੇ ਹੋਇਆ, ਬਾਅਦ ਵਿਚ ਇਸ ਭਾਵਨਾ ਤੇ ਲਹਿਰ ਉਸਰੀ। ਪਰ ਭਾਰਤ ਵਿਚ ਔਰਤਾਂ ਦੀ ਲਹਿਰ ਪੱਛਮੀ ਔਰਤਾਂ ਦੀ ਆਪਣੇ ਨਾਲ ਤੁਲਨਾ ਕਰਨ ਵਿਚ ਉੱਠੀ। ਇਸੇ ਕਾਰਨ ਭਾਰਤੀ ਔਰਤ ਸਮਾਜਿਕ ਮੁੱਲ ਪ੍ਰਬੰਧਾਂ ਦੇ ਦੁਵੰਦ ਵਿਚ ਚੇਤਨ ਅਤੇ ਅਵਚੇਤਨ ਦੋਹਾਂ ਪੱਧਰਾਂ ਤੇ ਵੰਡੀ ਹੋਈ ਹੈ। ਇਸ ਪਾਸੇ ਤਾਂ ਪੁਰਾਤਨ ਫਲਸਫੇ ਅਨੁਸਾਰ ਆਪਣੀ ਹੋਣੀ ਨੂੰ ਮੰਨਣ ਵਾਲਾ ਸਮੂਹ ਹੈ, ਦੂਜੇ ਪਾਸੇ ਪੱਛਮ ਵਾਂਗ ਖੁੱਲ੍ਹਾਂ ਲੈਣ ਵਾਲਾ ਸਮੂਹ ਹੈ ਪਰ ਇਹ ਬੜੀ ਵਿਸੰਗਤੀ ਦੀ ਸਥਿਤੀ ਹੈ ਕਿ ਚੇਤਨ ਔਰਤਾਂ ਵੀ ਧੁਰ ਅੰਦਰੋਂ ਅਵਚੇਤਨ ਪੱਧਰ ਤੇ ਭਾਰਤੀ ਸੰਸਕਾਰਾਂ ਨਾਲ ਬੱਝੀਆਂ ਹੋਈਆਂ ਹਨ।

ਪੱਛਮ ਦੀਆਂ ਔਰਤਾਂ ਦੀਆਂ ਮੁੱਖ ਸਮੱਸਿਆਵਾਂ ਜਿਥੇ ਵੋਟ ਦਾ ਅਧਿਕਾਰ, ਕੰਮ ਦਾ ਅਧਿਕਾਰ, ਜਾਇਦਾਦ ਦਾ ਅਧਿਕਾਰ, ਪ੍ਰਸੂਤਾ ਛੁੱਟੀ ਦਾ ਅਧਿਕਾਰ, ਅਣ-ਵਿਆਹੀ ਮਾਂ ਨੂੰ ਮਮਤਾ ਦਾ ਅਧਿਕਾਰ ਆਦਿ ਹਨ, ਉਥੇ ਭਾਰਤ ਦੀ ਔਰਤ ਦੀਆਂ, ਮੁਸ਼ਕਲਾਂ ਮੂਲੋਂ ਹੀ ਭਿੰਨ ਹਨ। **ਇਥੇ ਜੰਮਦਿਆਂ ਕੁੜੀ ਨੂੰ ਮਾਰ ਦੇਣਾ, ਬਾਲ ਵਿਆਹ, ਵਿਧਵਾ ਵਿਆਹ, ਸਤੀ, ਦਾਜ, ਛੁੱਟੜ ਅਤੇ ਹੋਰ ਮਹੱਤਵਪੂਰਨ ਕੰਮਾਂ ਵਿਚ ਔਰਤ ਦਾ ਦਰਜਾ ਦੂਜਾ ਹੋਣ ਦੀ ਸਮੱਸਿਆ ਹੈ।** ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਕੋਈ ਔਰਤ ਆਜ਼ਾਦੀ ਦੀ ਲਹਿਰ ਚੱਲਣ ਦੀ ਥਾਂ ਇਨ੍ਹਾਂ ਸਮੱਸਿਆਵਾਂ ਦੇ ਪੂਰਨ ਜਾਂ ਅਪੂਰਨ ਹੱਲ ਸਮਾਜ ਸੁਧਾਰਕਾਂ (ਜਿਨ੍ਹਾਂ ਵਿਚੋਂ ਪ੍ਰਮੁੱਖ ਸਨ ਰਾਜਾ ਰਾਮ ਮੋਹਨ ਰਾਏ) ਰਾਜਸੀ ਜਥੇਬੰਦੀਆਂ (ਕਮਿਊਨਿਸਟ) ਅਤੇ ਸਰਕਾਰ (ਅੰਗਰੇਜ਼ ਅਤੇ ਆਜ਼ਾਦੀ ਉਪਰੰਤ ਕਾਂਗਰਸ) ਦੇ ਕਾਨੂੰਨਾਂ ਨੇ ਕੀਤੇ। ਪਰ ਇਹ ਸਮੱਸਿਆਵਾਂ ਹਾਲੇ ਵੀ ਬਿਰਾਜਮਾਨ ਹਨ, ਕਿਉਂਕਿ ਭਾਵੇਂ ਔਰਤ ਵਿਰੋਧੀ ਸਮਾਜਿਕ ਪ੍ਰਥਾਵਾਂ ਦੇ ਵਿਰੁੱਧ ਕਾਨੂੰਨ ਬਣੇ ਹੋਏ ਹਨ, ਪਰ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਵਾਉਣ ਲਈ ਸਮਾਜਿਕ ਦਬਾਅ ਨਾ ਹੋਣ ਕਾਰਨ ਔਰਤ ਵਿਰੋਧੀ ਪ੍ਰਥਾਵਾਂ ਹਾਲੇ ਵੀ ਚਲਦੀਆਂ ਹਨ।

ਪੰਜਾਬੀ ਸਭਿਆਚਾਰ ਵਿਚ ਔਰਤ

ਪੰਜਾਬੀ ਔਰਤ ਦਾ ਸਮਾਜਕ ਪਰਵੇਸ਼ ਭਾਰਤੀ ਔਰਤ ਦੇ ਮੁਕਾਬਲੇ ਭਿੰਨ ਹੈ, ਇਸ ਦਾ ਨਿਰਣਾਇਕ ਕਾਰਨ ਇਸ ਖਿੱਤੇ ਵਿਚ ਸਿੱਖ ਧਰਮ ਦੀ ਪ੍ਰਭੁਸੱਤਾ ਹੋਣਾ ਹੈ। ਪੰਜਾਬੀ ਔਰਤ ਨੂੰ ਸਤੀ ਵਰਗੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਸਿੱਖਾਂ ਦੇ ਪ੍ਰਥਮ ਗੁਰੂ ਨਾਨਕ ਦੇਵ ਜੀ ਨੇ ਔਰਤ ਜਾਤੀ ਦੇ ਹੱਕ ਵਿਚ ਆਵਾਜ਼ ਉਠਾਈ, ਉਸ ਦਾ ਪੰਜਾਬੀ ਸਮਾਜਕ ਜੀਵਨ ਤੇ ਹਾਂ ਪੱਖੀ ਪ੍ਰਭਾਵ ਪਿਆ ਪਰ ਫੇਰ ਵੀ ਪੰਜਾਬੀ ਸਮਾਜ ਦੇ ਸਮੁੱਚੇ ਕਾਰ-ਵਿਹਾਰ ਵਿਚ ਔਰਤ ਦਾ ਮਰਦ ਤੋਂ ਸਥਾਨ ਦੂਜੇ ਦਰਜੇ ਦਾ ਹੈ। ਇਸਦਾ ਪ੍ਰਗਟਾਵਾ ਸਮੁੱਚੇ ਗੁਰੂ ਕਾਵਿ ਵਿਚ ਪ੍ਰਮਾਤਮਾ ਨੂੰ ਪਤੀ ਅਤੇ ਆਤਮਾ ਨੂੰ ਔਰਤ ਵਜੋਂ ਪ੍ਰਤੀਕਾਤਮਕ ਪੱਧਰ ਤੇ ਢਾਲੇ ਜਾਣ ਤੋਂ ਵੀ ਹੁੰਦਾ ਹੈ। ਇਸ ਦੂਜੈਲੀ

ਸਥਿਤੀ ਦਾ ਪ੍ਰਗਟਾਅ ਭਾਵੇਂ ਸਰੀਰਕ ਯਾਤਨਾਵਾਂ ਜਾਂ ਹੋਰ ਮਾਨਸਿਕ ਜ਼ੁਲਮਾਂ ਦੇ ਰੂਪ ਵਿਚ ਨਾ ਵੀ ਹੋਵੇ ਪਰ ਇਹ ਦੂਜੈਲਾਪਣ ਚੇਤਨ ਔਰਤ ਨੂੰ ਹਰ ਉਮਰ ਵਿਚ ਹਰ ਸਮੇਂ ਹਰ ਕਾਰਜ ਤੇ ਪ੍ਰਭਾਵਿਤ ਕਰਦਾ ਰਹਿੰਦਾ ਹੈ। ਪਰੰਪਰਵਾਦੀ ਔਰਤ ਜ਼ਿੰਦਗੀ ਦੇ ਸਮੁੱਚੇ ਰੂਪ ਵਿਚ ਆਪਣੇ ਔਰਤ ਹੋਣ ਨੂੰ ਇਕ ਹੋਣੀ ਵਜੋਂ ਗ੍ਰਹਿਣ ਕਰਦੀ ਹੈ ਅਤੇ ਉਹ ਆਪਣੇ ਨਾਲ ਹੋਣ ਵਾਲੇ ਹਰ ਵਿਤਕਰੇ ਨੂੰ 'ਹੋਣੀ ਦਾ ਫਲ' ਸਮਝਦੀ ਹੈ। ਇਸ ਕਾਰਨ ਉਸ ਦਾ ਸਮੁੱਚਾ ਜੀਵਨ ਮਰਦਾਵੇਂ ਪ੍ਰਬੰਧ ਨਾਲ ਆਪਣੀ ਅਨੁਕੂਲਣਤਾ ਸਥਾਪਤ ਕਰਦਿਆਂ ਗੁਜ਼ਰ ਜਾਂਦਾ ਹੈ ਪਰ ਇਸ ਦੇ ਬਾਵਜੂਦ ਉਹ ਕਿਸੇ ਵਿਵਾਦ ਵਿਚ ਨਹੀਂ ਪੈਂਦੀ ਕਿਉਂਕਿ ਉਸ ਲਈ ਮਰਦਾਵੀਂ ਸ਼ਕਤੀ ਪਰਮਸੱਤਾ ਦੀ ਅਨੁਰੂਪੀ ਹੈ ਅਤੇ ਉਸ ਦੇ ਅਨੁਸਾਰ ਆਪਣਾ ਆਪ ਅਨੁਕੂਲਣਤਾ ਹੀ ਉਸ ਦਾ ਭਾਗ ਹੈ ਜਦੋਂ ਕਿ ਚੇਤਨ ਔਰਤ ਜਾਣਦੀ ਹੈ ਕਿ ਇਹ ਸਭ ਕੁਝ ਕਿਸੇ ਪਰਮਸੱਤਾ ਦੀ ਇੱਛਾ ਦਾ ਫਲ ਨਹੀਂ ਹੈ ਸਗੋਂ ਮਨੁੱਖ ਦੇ ਸਮਾਜਕ ਵਿਕਾਸ ਦੇ ਪੜਾਵਾਂ ਦੌਰਾਨ ਲਿੰਗ ਭੇਦ ਆਦਾਰਤ ਉਚ-ਨੀਚ ਦੀ ਦਰਜਾਬੰਦੀ ਹੋਈ ਹੈ ਅਤੇ ਇਹ ਦਰਜਾਬੰਦੀ ਸਦੀਵੀ ਨਹੀਂ, ਇਹ ਸਮਾਨਤਾ ਦਾ ਰੂਪ ਵੀ ਅਖਤਿਆਰ ਕਰ ਸਕਦੀ ਹੈ।

ਪੰਜਾਬ ਦਾ ਭੂਗੋਲਿਕ ਖਿੱਤਾ ਇਕ ਪਾਸੇ ਤਾਂ ਦੇਸ਼ ਦੀ ਸਰੱਹਦ ਤੇ ਹੋਣ ਕਰਕੇ ਇੱਥੇ ਜੰਗਾਂ-ਯੁੱਧਾਂ ਦਾ ਵਾਤਾਵਰਨ ਬਣਿਆ ਰਿਹਾ, ਦੂਜੇ ਪਾਸੇ ਇਥੋਂ ਦੀ ਭੂਮੀ ਖੇਤੀਬਾੜੀ ਲਈ ਅਤਿ ਜਰਖੇਜ਼ ਹੋਣ ਕਾਰਨ ਇਥੇ ਅਰਥਚਾਰਾ ਖੇਤੀਬਾੜੀ ਤੇ ਆਧਾਰਤ ਰਿਹਾ ਹੈ। ਜ਼ਿੰਦਗੀ ਦੇ ਇਨ੍ਹਾਂ ਦੋਹਾਂ ਹੀ ਮੁੱਖ ਕਾਰਜ ਖੇਤਰਾਂ ਵਿਚ ਮਰਦਾਵੀਂ ਸ਼ਕਤੀ ਹੀ ਪ੍ਰਮੁੱਖ ਹੋ ਨਿਬੜਦੀ ਹੈ। ਇਸ ਕਾਰਨ ਇਥੇ ਔਰਤਾਂ ਦੀ ਸਥਿਤੀ ਦੂਜੈਲੀ ਹੀ ਰਹੀ ਹੈ।

ਪੰਜਾਬੀ ਔਰਤ ਦੀ ਪੂਰਨਤਾ ਦਾ ਸੰਕਲਪ ਉਸ ਦੀ ਹੋਂਦ ਨਾਲ ਨਹੀਂ ਸਗੋਂ ਉਸ ਦੇ ਪੁੱਤਰ ਪੈਦਾ ਕਰਨ ਨਾਲ ਬੱਝਾ ਹੋਇਆ ਹੈ। ਔਰਤ ਤਾਂ ਹੀ ਸਮਾਜ ਵਿਚ ਪੂਰਨ ਸਵੀਕ੍ਰਿਤੀ ਪਾਉਂਦੀ ਹੈ ਜੋ ਉਹ ਪੁੱਤਰ ਦੀ ਮਾਂ ਬਣੇ। ਖੇਤੀਬਾੜੀ ਅਰਥਚਾਰੇ ਵਿਚ ਪੁੱਤਰ ਉਤਪਤੀ ਦਾ ਵਿਸ਼ੇਸ਼ ਮਹੱਤਵ ਹੈ। ਔਰਤ ਵਿਧਵਾ ਹੋਵੇ, ਆਪਣੇ ਆਪ ਜਾਂ ਪਤੀ ਦੀ ਨਿਪੁੰਸਕਤਾ ਕਾਰਨ ਬਾਂਝ ਹੋਵੇ, ਛੁੱਟੜ ਹੋਵੇ, ਸਭ ਔਰਤਾਂ ਦੀ ਸਥਿਤੀ ਪੁੱਤਰ ਪੈਦਾ ਨਾ ਕਰਨ ਕਾਰਨ ਹੀ ਅਤਿ ਮੰਦਭਾਗੀ ਹੈ। ਇਸ ਪ੍ਰਕਾਰ ਪਰੰਪਰਿਕ ਜੀਵਨ ਜਿਉਣ ਵਾਲੀਆਂ ਔਰਤਾਂ ਲਈ 'ਪੁੱਤਰ-ਪ੍ਰਾਪਤੀ' ਹੀ ਸਭ ਤੋਂ ਵੱਡੀ ਸਮੱਸਿਆ ਸੀ। ਇਸ ਵਿਚ ਅਸਫਲ ਰਹਿਣਾ ਉਸ ਲਈ ਸਦੀਵੀ ਦੁਖਾਂਤ ਦਾ ਕਾਰਨ ਬਣਦਾ ਹੈ। ਇਸ ਪ੍ਰਕਾਰ ਪਰੰਪਰਿਕ ਔਰਤ ਆਪਣੀ ਬਜਾਏ ਸਮਾਜ ਲਈ ਜਿਉਂਦੀ ਸੀ। ਜਦੋਂ ਕਿ ਆਧੁਨਿਕ ਚੇਤਨ ਔਰਤ ਦੀ ਸਮੱਸਿਆ ਦਾ ਆਰੰਭ ਉਸ ਦੇ ਆਪਣੇ ਆਪ ਨੂੰ ਵਿਅਕਤੀ ਵਜੋਂ ਪ੍ਰਵਾਨ ਕਰਾਉਣ ਤੋਂ ਸ਼ੁਰੂ ਹੁੰਦਾ ਹੈ। ਉਸ ਦੀਆਂ ਮੁੱਖ ਸਮੱਸਿਆਵਾਂ ਵਿਚ ਇਕ ਵਿਆਹ ਸਬੰਧੀ ਚੋਣ ਹੈ। ਜਿੱਥੇ ਪਰੰਪਰਿਕ ਔਰਤ ਦੀ ਵਿਆਹ ਸਬੰਧੀ ਚੋਣ ਦੀ ਸਮੱਸਿਆ ਸਿਰਫ ਖਾਂਦੇ ਪੀਂਦੇ ਘਰ ਦੇ, ਹਾਣ ਮੁੰਡੇ ਤਕ ਹੀ (ਇਸ ਦੀ ਸ਼ਾਹਦੀ

ਸਾਡੇ ਲੋਕ ਗੀਤ ਭਰਦੇ ਹਨ) ਸੀਮਿਤ ਸੀ। ਉਥੇ ਆਧੁਨਿਕ ਔਰਤ ਦੀ ਸਮੱਸਿਆ ਉਮਰ, ਆਰਥਿਕਤਾ, ਰੁਤਬੇ ਤੋਂ ਲੈ ਕੇ ਮਾਨਸਿਕ ਪੱਧਰ ਦੀ ਬਰਾਬਰਤਾ ਤੱਕ ਹੈ। ਆਧੁਨਿਕ ਔਰਤ ਲਈ ਉਮਰ ਅਤੇ ਆਰਥਿਕਤਾ ਤੋਂ ਵੀ ਮਾਨਸਿਕ ਸਥਿਤੀ ਦੀ ਸਮਾਨਤਾ ਵੱਧ ਮਹੱਤਵਪੂਰਨ ਹੈ। ਆਧੁਨਿਕ ਔਰਤ ਵਿਆਹ ਚੋਣ ਵਿਚ ਆਪਣੇ ਆਪ ਦਾ ਚੁਣੀ ਜਾਣਾ ਹੀ ਕਾਫੀ ਨਹੀਂ ਸਮਝਦੀ ਸਗੋਂ ਚੋਣ ਕਰਨ ਜਾਂ ਵਧੇਰੇ ਠੀਕ ਸ਼ਬਦਾਂ ਵਿਚ ਪ੍ਰਸਪਰ ਚੋਣ ਕਰਨਾ ਚਾਹੁੰਦੀ ਸੀ। ਇਸ ਪ੍ਰਸਪਰ ਚੋਣ ਨੂੰ ਹਾਲ ਦੀ ਘੜੀ ਪੂਰਨ ਸਮਾਜਿਕ ਸਵੀਕ੍ਰਿਤੀ ਨਹੀਂ ਹੈ। ਇਸ ਦੇ ਨਾਲ ਹੀ ਅਗਲੀ ਸਮੱਸਿਆ ਪਤੀ ਦੇ ਵਿਆਹ ਬਾਹਰੇ ਸਬੰਧਾਂ ਦੀ ਹੈ। ਪਰੰਪਰਿਕ ਔਰਤ ਵੀ ਭਾਵੇਂ ਇਨ੍ਹਾਂ ਸਮੱਸਿਆਵਾਂ ਨੂੰ ਸਮਝਦੀ, ਮਹਿਸੂਸਦੀ ਸੀ ਪਰ ਉਹ ਇਸ ਦੇ ਸਿਰਫ ਅਤਿ ਘਿਨਾਉਣੇ ਰੂਪ ਜਿਵੇਂ: ਪਹਿਲੀ ਔਰਤ ਨੂੰ ਘਰੋਂ ਕੱਢ ਦੇਣਾ, ਨਵੀਂ ਔਰਤ ਹੱਥ ਪਰਿਵਾਰਕ ਸ਼ਕਤੀ ਦੇ ਦੇਣੀ ਆਦਿ ਨੂੰ ਹੀ ਮਾੜਾ ਸਮਝਦੀ ਸੀ। ਵੈਸੇ ਤਾਂ ਉਹ ਸੌਂਕਣ ਦੇ ਹੁੰਦਿਆਂ ਵੀ ਆਪਣੇ ਆਪ ਨੂੰ ਮਰਦ ਦੇ ਅਨੁਰੂਪ ਅਨੁਕੂਲਣਾ ਜਾਰੀ ਰੱਖਦੀ ਸੀ, ਜਦੋਂ ਕਿ ਆਧੁਨਿਕ ਔਰਤ ਇਸ ਨੂੰ ਵਿਅਕਤੀਗਤ ਹੋਂਦ ਤੇ ਸੱਟ ਸਮਝ ਕੇ ਇਸ ਵਿਰੁੱਧ ਹਰ ਪੱਧਰ ਤੇ ਆਪਣੀਆਂ ਸਮਰਥਾਵਾਂ ਤੇ ਸਥਿਤੀਆਂ ਅਨੁਸਾਰ ਜੂਝਦੀ ਹੈ ਅਤੇ ਇਸ ਨੂੰ ਕਿਵੇਂ ਵੀ ਮਾਨਸਿਕ ਪੱਧਰ ਤੇ ਪ੍ਰਵਾਨਦੀ ਨਹੀਂ।

ਇਸ ਪ੍ਰਕਾਰ ਦਾਜ ਦੀ ਸਮੱਸਿਆ ਹੈ, ਜੋ ਪਿਛਲੇ ਕੁਝ ਦਹਾਕਿਆਂ ਵਿਚ ਹੀ ਵਿਕਰਾਲ ਦੈਂਤ ਦਾ ਰੂਪ ਲੈ ਗਈ ਹੈ। ਜੇ ਸਾਰ ਰੂਪ ਵਿਚ ਕਹਿਣਾ ਹੋਵੇ ਤਾਂ ਆਧੁਨਿਕ ਔਰਤ ਦੇ ਮਨ ਵਿਚ ਹਰ ਪ੍ਰਕਿਰਿਆ ਜੋ ਉਸ ਦੇ ਸਵੈਮਾਣ ਨੂੰ ਠੇਸ ਪਹੁੰਚਾਉਂਦੀ ਹੈ, ਅਸਹਿ ਹੁੰਦੀ ਹੈ ਅਤੇ ਉਹ ਇਸ ਦੇ ਖਿਲਾਫ ਆਪਣੀ ਸਥਿਤੀ ਅਤੇ ਸਮਰਥਾ ਅਨੁਸਾਰ ਜੂਝਦੀ ਹੈ, ਜਦੋਂ ਕਿ ਪੰਰਪਰਿਕ ਔਰਤ ਹਰ ਪ੍ਰਕਿਰਿਆ ਨੂੰ ਆਪਣੀ ਹੋਣੀ ਮੰਨ ਕੇ, ਆਪਣਾ ਆਪ ਪਤੀ ਅਨੁਸਾਰ ਢਾਲਣਾ ਜਾਰੀ ਰਖਦੀ ਹੈ।

ਹੁਣ ਅਸੀਂ ਪੰਜਾਬੀ ਸਭਿਆਚਾਰ ਤੇ ਤਾਣੇ-ਪੇਟੇ ਵਿਚ ਉਲਝੀਆਂ ਉਨ੍ਹਾਂ ਸਮੱਸਿਆਵਾਂ ਪ੍ਰਤੀ ਪਰੰਪਰਿਕ ਅਤੇ ਆਧੁਨਿਕ ਚੇਤਨਾ ਦੇ ਦੁਵੰਧ ਯੁੱਧ ਨੂੰ ਵੇਖਾਂਗੇ। ਭਾਵੇਂ ਅਸੀਂ ਸਮੱਸਿਆਵਾਂ ਨੂੰ ਵੱਖ-ਵੱਖ ਸਿਰਲੇਖਾਂ ਅਧੀਨ ਵਿਚਾਰ ਰਹੇ ਹਾਂ, ਪਰ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਸਾਰੀਆਂ ਸਮੱਸਿਆਵਾਂ ਅੰਤਰ-ਸਬੰਧਤ ਅਤੇ ਇਕੋ ਵਿਚਾਰਧਾਰਾ ਦੀਆਂ ਹੀ ਪੈਦਾਵਾਰ ਹਨ।

ਬਾਂਝਪਣ ਦੀ ਸਮੱਸਿਆ

ਔਰਤ ਵਿਚ ਬਾਂਝਪਣ ਤੋਂ ਭਾਵ ਹੈ, ਬੱਚਾ ਪੈਦਾ ਕਰਨ ਤੋਂ ਅਯੋਗ ਹੋਣਾ । ਸਮਕਾਲੀ ਸਮਾਜਿਕ ਸਭਿਆਚਾਰਕ ਸੰਰਚਨਾ ਵਿਚ ਔਰਤ ਆਪਣੇ ਮਰਦ ਲਈ ਸੰਤਾਨ (ਖਾਸ ਕਰਕੇ ਪੁੱਤਰ) ਪੈਦਾ ਕਰਕੇ ਹੀ ਪੂਰਨ ਹੋ ਸਕਦੀ ਹੈ। ਸੋ ਜੇ ਔਰਤ ਬੱਚਾ ਪੈਦਾ ਕਰਨ ਦੇ ਯੋਗ ਨਹੀਂ ਤਾਂ ਉਸ ਦੀ ਸਥਿਤੀ ਅਤਿ-ਤਰਸਯੋਗ ਹੈ। ਬਾਂਝ ਔਰਤ

ਦੀ ਤ੍ਰਾਸਦੀ ਹੀ ਹੈ ਕਿ ਉਹ ਆਪਣੇ ਉਤੇ ਕੁਦਰਤ ਵੱਲੋਂ ਦਿੱਤੇ ਢੰਡ ਦੀ ਭਿਆਨਕ ਸਜ਼ਾ ਤਾਂ ਭੁਗਤਦੀ ਹੀ ਹੈ, ਪਰ ਇਸ ਦੇ ਨਾਲ ਹੀ ਉਹ ਸਮਾਜ ਵੱਲੋਂ ਦਿੱਤੀ ਜਾਂਦੀ ਸਜ਼ਾ ਵੀ ਭੁਗਤਦੀ ਹੈ। ਉਸ ਦੀ ਸਮੱਸਿਆ ਨੂੰ ਮਾਨਵੀ ਸੰਵੇਦਨਾ ਤੋਂ ਪਰੇ ਰੱਖ ਕੇ ਵੇਖਿਆ ਜਾਂਦਾ ਹੈ। ਔਰਤ ਦੇ ਬਾਂਝ ਹੋਣ ਤੇ ਮਰਦ ਅਕਸਰ ਦੂਜਾ ਵਿਆਹ ਕਰਵਾ ਲੈਂਦਾ ਹੈ। ਬਾਂਝ ਔਰਤ ਆਪਣੇ ਦੁੱਖ ਨੂੰ ਇੱਕਲਿਆਂ ਭੋਗਦੀ ਹੈ। ਉਸ ਦਾ ਦੁੱਖ ਇਕੱਲੇ ਸੰਤਾਨ ਰਹਿਤ ਹੋਣਾ ਹੀ ਨਹੀਂ, ਸਗੋਂ ਉਸ ਨੂੰ ਸਮਾਜਿਕ ਤੌਰ ਤੇ ਘਟੀਆ ਵੀ ਸਮਝਿਆ ਜਾਂਦਾ ਹੈ। ਤਰਕਸ਼ੀਲ ਸੁਸਾਇਟੀ ਵੱਲੋਂ ਹੱਲ ਕੀਤੇ ਬਹੁਤ ਸਾਰੇ ਕੇਸਾਂ ਵਿਚ ਦੇਖਿਆ ਗਿਆ ਹੈ ਬਹੁਤ ਸਾਰੀਆਂ ਔਰਤਾਂ ਬਾਂਝਪਣ ਕਾਰਨ ਪਾਗਲ ਹੋ ਜਾਂਦੀਆਂ ਹਨ।

ਨਪੁੰਸਕਤਾ ਦੀ ਸਮੱਸਿਆ

ਬਾਂਝਪਣ ਦੇ ਉਲਟ ਮਰਦ ਨਪੁੰਸਕ ਹੋਵੇ ਤਾਂ ਇਸ ਦਾ ਦਰਦ ਵੀ ਔਰਤ ਨੂੰ ਹੰਢਾਉਣਾ ਪੈਂਦਾ ਹੈ। ਬੜਾ ਲੰਮਾ ਸਮਾਂ ਪਹਿਲਾ ਸਰੀਰਕ ਵਿਗਿਆਨ ਦੇ ਵਿਕਸਤ ਹੋਣ ਤੋਂ ਪਹਿਲਾਂ ਮਰਦ ਦੀ ਨੁਪੰਸਕਤਾ ਵੀ ਔਰਤ ਦਾ ਬਾਂਝਪਣ ਹੀ ਹੋ ਨਿਬੜਦਾ ਸੀ। ਅੱਜਕਲ੍ਹ ਵੀ ਪੇਂਡੂ ਇਲਾਕਿਆਂ ਵਿਚ ਮਰਦ ਦੀ ਨਪੁੰਸਕਤਾ ਆਮ ਕਰਕੇ ਜ਼ਾਹਰ ਨਹੀਂ ਹੁੰਦੀ। ਨਪੁੰਸਕ ਮਰਦ ਦੀ ਔਰਤ ਚੱਕੀ ਦੇ ਦੋ ਪੁੜਾਂ ਵਿਚ ਪਿਸਦੀ ਸੀ, ਇਕ ਪਾਸੇ ਤਾਂ ਉਹ ਸਰੀਰਕ ਆਨੰਦ ਅਤੇ ਸੰਤਾਨ ਸੁੱਖ ਤੋਂ ਵਾਂਝੀ ਰਹਿੰਦੀ ਸੀ, ਦੂਜੇ ਪਾਸੇ ਉਸ ਨੂੰ ਬਾਂਝ ਸਮਝ ਕੇ ਸਰੀਰਕ ਅਤੇ ਮਾਨਸਿਕ ਤਸੀਹੇ ਦਿੱਤੇ ਜਾਂਦੇ ਸਨ। ਜਿੱਥੇ ਔਰਤ ਦੇ ਬਾਂਝ ਹੋਣ 'ਤੇ ਮਰਦ ਹੋਰ ਵਿਆਹ ਕਰਵਾ ਲੈਂਦਾ ਹੈ, ਉਥੇ ਮਰਦ ਦੇ ਨਪੁੰਸਕ ਹੋਣ ਤੇ ਔਰਤ ਕੋਲ ਆਪਣੇ ਮਰਦ ਦੇ ਹਿੱਸੇ ਦੀ ਸਜ਼ਾ ਭੁਗਤਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿੰਦਾ।

ਇਨ੍ਹਾਂ ਦੋਹਾਂ ਸਥਿਤੀਆਂ ਦੀ ਪ੍ਰਸਪਰ ਤੁਲਨਾ ਤੋਂ ਔਰਤ ਦਦੀ ਦਰਦ ਸਥਿਤੀ ਸਾਹਮਣੇ ਆਉਂਦੇ ਹੈ। ਔਰਤ ਆਪਣੇ ਹਿੱਸੇ ਦਾ ਦਰਦ ਤਾਂ ਇੱਕਲਿਆਂ ਝੱਲਦੀ ਹੈ, ਪਰ ਉਸ ਨੂੰ ਮਰਦ ਦੇ ਹਿੱਸੇ ਦਾ ਦਰਦ ਵੀ ਮਜ਼ਬੂਰੀ ਵੱਸ ਹੰਢਾਉਣਾ ਪੈਂਦੇ ਹੈ। ਪਰੰਪਰਿਕ ਚੇਤਨਾ ਇਸ ਭਿਆਨਕ ਸਥਿਤੀ ਨੂੰ ਆਪਣੀ ਹੋਣੀ ਮੰਨ ਕੇ ਹੰਢਾਉਂਦੀ ਹੈ ਅਤੇ ਸਿਰ ਪੈਣ ਤੋਂ ਪਹਿਲਾਂ ਇਸ ਤੋਂ ਬਚਣ ਦੀ ਕਾਮਨਾ ਕਰਦੀ ਹੈ, ਜਦੋਂ ਕਿ ਆਧੁਨਿਕ ਚੇਤਨਾ ਵਾਲੀ ਔਰਤ ਆਪਣੇ ਵਿਚ ਨੁਕਸ ਨਾ ਹੋਣ ਤੇ ਤਲਾਕ ਚਾਹੁੰਦੀ ਹੈ ਜਾਂ ਘੱਟੋ-ਘੱਟ ਇੱਜ਼ਤ-ਮਾਣ ਵਾਲਾ ਰੁਤਬਾ ਚਾਹੁੰਦੀ ਹੈ।

ਵਿਧਵਾ ਹੋਣਾ

ਪਤੀ ਦੇ ਮਰ ਜਾਣ ਤੇ ਔਰਤ ਨੂੰ ਬਾਕੀ ਦੀ ਸਾਰੀ ਰਹਿੰਦੀ ਉਮਰ ਇਕ ਭਿਆਨਕ ਸਦਮੇ ਵਿਚ ਜਿਉਣੀ ਪੈਂਦੀ ਹੈ। ਵਿਧਵਾ ਹੋ ਜਾਣਾ ਔਰਤ ਦੀ ਮਰਜੀ ਨਹੀਂ ਸਗੋਂ ਇਕ ਅਣ-ਚਾਹੀ ਘਟਨਾ ਹੈ। ਪਰ ਪਹਿਲਿਆਂ ਸਮਿਆਂ ਵਿਚ (ਖਾਸ

ਕਰਕੇ ਰਾਜਸਥਾਨ ਵਿਚ ਕਦੇ ਕਦੇ ਅੱਜ ਵੀ) ਔਰਤ ਨੂੰ ਮਰਦ ਨਾਲ ਸਤੀ ਹੋਣਾ ਪੈਂਦਾ ਸੀ। ਜੇ ਉਹ ਸਤੀ ਨਾ ਵੀ ਹੋਵੇ ਤਾਂ ਵੀ ਉਸ ਦੀਆਂ ਜ਼ਿੰਦਗੀ ਨੂੰ ਮਾਣਨ ਦੀਆਂ ਸਮੁੱਚੀਆਂ ਕਿਰਿਆਵਾਂ ਤੇ ਰੋਕ ਲੱਗ ਜਾਂਦੀ ਸੀ। ਉਸ ਨੂੰ ਮਰ ਗਏ ਮਰਦ ਨਾਲ ਮਾਨਸਿਕ ਤੌਰ ਤੇ ਮਰਨਾ ਪੈਂਦਾ ਸੀ। ਉਸ ਦੇ ਕਾਮੁਕ ਜੀਵਨ ਦਾ ਅੰਤ, ਪਹਿਰਾਵੇ ਵਰਗੇ ਵਿਅਕਤੀਗਤ ਮਾਮਲੇ ਤੇ ਰੋਕਾਂ ਅਤੇ ਸਮਾਜਿਕ ਜ਼ਿੰਦਗੀ ਵਿਚ ਹਿੱਸਾ ਲੈਣ ਦੇ ਸਾਰੇ ਮੌਕੇ ਖੋਹ ਲਈ ਜਾਂਦੇ ਸਨ।

ਦੂਜੇ ਪਾਸੇ ਜੇ ਮਰਦ 'ਰੰਡਾ' ਹੋ ਜਾਵੇ ਤਾਂ ਉਸ ਦਾ ਸਮੁੱਚਾ ਕਾਰ-ਵਿਹਾਰ ਉਵੇਂ ਹੀ ਚਲਦਾ ਰਹਿੰਦਾ ਹੈ ਅਤੇ ਉਹ ਵਿਆਹ ਵੀ ਕਰਵਾ ਸਕਦਾ ਹੈ। ਜੇ ਉਹ ਵਿਆਹ ਨਾ ਕਰਵਾਏ ਤਾਂ ਵੀ ਉਸ ਦਾ ਸਮਾਜਿਕ ਕਰਮ ਬਰਕਰਾਰ ਰਹਿੰਦਾ ਹੈ। ਭਾਵੇਂ ਪੰਜਾਬ ਵਿਚ ਵਿਧਵਾ ਵਿਆਹ ਦੀ ਪ੍ਰਥਾ ਸੀ, ਪਰ ਇਸ ਨੂੰ ਕੋਈ ਬਹੁਤਾ ਵਧੀਆ ਨਹੀ ਸਮਝਿਆ ਜਾਂਦਾ ਸੀ। ਵਿਧਵਾ ਦਾ ਵਿਆਹ ਕਿਸੇ ਅੜੇ-ਥੁੜੇ ਥਾਂ ਹੀ ਹੁੰਦਾ ਸੀ। ਪੰਜਾਬੀ ਸਮਾਜ ਵਿਚ ਵਿਧਵਾ ਦੇ ਪਤੀ ਦੇ ਹੋਰ ਭਰਾ ਤੇ ਚਾਦਰ ਪਾਉਣ ਦਾ ਰਿਵਾਜ ਵੀ ਸੀ। ਅਜਿਹਾ ਕਰਨ ਨਾਲ ਔਰਤ ਭਾਵੇਂ ਵਿਧਵਾ ਜੀਵਨ ਦੇ ਕਸ਼ਟਾਂ ਭਰੇ ਇੱਕਲ ਵਾਂਝੇ ਸਫਰ ਤੋਂ ਕਿਸੇ ਹੱਦ ਤੱਕ ਮੁਕਤ ਹੋ ਜਾਂਦੀ ਸੀ, ਪਰ ਇਥੇ ਵੀ ਉਸ ਦੀ ਆਪਣੀ ਮਰਜ਼ੀ ਘੱਟ ਅਤੇ ਸਮਾਜਿਕ ਫੈਸਲਾ ਵੱਧ ਕੰਮ ਕਰਦਾ ਸੀ। ਅਕਸਰ ਪਤੀ ਪਰਿਵਾਰ ਦੀਆਂ ਲੋੜਾਂ ਅਨੁਸਾਰ ਕਦੇ ਤਾਂ ਚਾਦਰ ਪਾ ਲਈ ਜਾਂਦੀ ਸੀ, ਕਦੇ ਦੁਰਕਾਰ ਦਿੱਤਾ ਜਾਂਦਾ ਸੀ। ਮਰਨ ਵਾਲੇ ਦਾ ਭਰਾ ਜੇਕਰ ਕੁਆਰਾ ਹੋਵੇ ਤਾਂ ਉਹ ਨਵੀਂ ਨਵੇਲੀ ਨਾ ਮਿਲਣ ਕਾਰਨ, ਆਪਣੀ ਭਾਬੀ ਤੋਂ ਪਤਨੀ ਬਣੀ ਔਰਤ ਨਾਲੋਂ ਮਾਨਸਿਕ ਤੌਰ ਤੇ ਟੁੱਟਿਆ ਰਹਿੰਦਾ ਹੈ ਅਤੇ ਜੇ ਮਰਨ ਵਾਲੇ ਦਾ ਕੋਈ ਭਰ ਕੁਆਰਾ ਨਾ ਹੋਵੇ ਤਾਂ ਸੌਂਕਣ ਬਣ ਕੇ ਰਹਿਣਾ ਹੋਰ ਵੀ ਔਖਾ ਹੁੰਦਾ ਹੈ ਅਤੇ ਦੂਸਰੀ ਔਰਤ ਲਈ ਵਾਧੂ ਦੀ ਮੁਸੀਬਤ ਆਉਂਦੀ ਹੈ। ਪੰਜਾਬ ਵਿਚ ਔਰਤ ਦਾ ਵਿਧਵਾ ਹੋ ਜਾਣਾ ਉਸ ਲਈ ਸਭ ਤੋਂ ਵੱਡਾ ਦੁਖਾਂਤ ਹੈ, ਕਿਉਂਕਿ ਵਿਧਵਾ ਨੂੰ ਹਰ ਕੋਈ ਸ਼ਾਮਲਾਟ ਦੀ ਟਾਹਲੀ ਸਮਝਦਾ ਹੈ। ਉਸ ਨੂੰ ਆਪਣੇ ਸਵੈ ਅਤੇ ਸਵੈਮਾਨ ਦੋਵੇਂ ਬਚਾਉਣੇ ਕਠਿਨ ਹੋ ਜਾਂਦੇ ਹਨ। ਪਰੰਪਰਿਕ ਔਰਤ ਤਾਂ ਆਪਣੇ ਪਤੀ ਨਾਲ ਸੜ ਮਰਨਾ ਵੀ ਠੀਕ ਸਮਝਦੀ ਹੈ। ਨਹੀਂ ਤਾਂ ਉਹ ਆਪਣੇ ਪਤੀ ਨਾਲ ਆਪਣੇ ਆਪ ਨੂੰ ਮਾਰ ਕੇ ਜਿਉਣਾ ਆਪਣਾ ਕਰਤੱਵ ਸਮਝਦੀ ਹੈ। ਜੇ ਕਿਤੇ ਚਾਦਰ ਪਾਉਣ ਜਾਂ ਕਿਸੇ ਹੋਰ ਢੰਗ ਨਾਲ ਮੁੜ ਜ਼ਿੰਦਗੀ ਸ਼ੁਰੂ ਕਰਨ ਦੀ ਰਾਹ ਦਿਖਾਈ ਦੇਵੇ ਤਾਂ ਗਨੀਮਤ ਸਮਝਦੀ ਹੈ। ਪਰੰਤੂ ਆਧੁਨਿਕ ਚੇਤਨਾ ਅਨੁਸਾਰ 'ਵਿਧਵਾ ਵਿਆਹ' ਔਰਤ ਦੇ ਲਈ ਉਤਨਾ ਹੀ ਚੰਗਾ ਜਾਂ ਬੁਰਾ ਹੈ, ਜਿਤਨਾ ਕਿ 'ਰੰਡੇ' ਮਰਦ ਦਾ ਵਿਆਹ। ਆਧੁਨਿਕ ਔਰਤ ਮੁੜ ਜ਼ਿੰਦਗੀ ਸ਼ੁਰੂ ਕਰਨ ਦੀ ਚਾਹਵਾਨ ਹੈ। ਜ਼ਬਰਦਸਤੀ ਚਾਦਰ ਪਾਉਣ ਦੇ ਵੀ ਖਿਲਾਫ ਹੈ। ਉਹ ਵਿਧਵਾ ਵਿਆਹ ਨੂੰ ਵੀ ਪਹਿਲੇ ਵਿਆਹ ਵਾਂਗ ਹੀ ਨਵੀਂ ਚੋਣ ਵਜੋਂ ਦੇਖਣ ਦੀ ਇੱਛੁਕ ਹੈ ਚਾਹੇ ਇਸ ਸਮੇਂ ਉਸ

'ਤੇ ਸਮਾਜਿਕ ਦਬਾਅ ਵਧੇਰੇ ਹੁੰਦੇ ਹਨ।

ਛੁੱਟੜ

ਔਰਤ ਦਾ ਇਕ ਵਾਰ ਵਿਆਹ ਹੋ ਜਾਵੇ ਤਾਂ ਉਹ ਉਮਰ ਭਰ ਲਈ ਮਰਦ ਨਾਲ ਬੱਝ ਜਾਂਦੀ ਹੈ। ਔਰਤ ਵੱਲੋਂ ਮਰਦ ਨੂੰ ਛੱਡਣ ਦੇ ਬਹੁਤ ਘੱਟ ਕੇਸ ਹਨ ਪਰ ਮਰਦ ਨੂੰ ਜੇ ਔਰਤ ਸੋਹਣੀ ਨਾ ਲੱਗੇ, ਬਾਂਝ ਹੋਵੇ, ਮਨ ਭਰ ਜਾਵੇ ਜਾਂ ਕਿਸੇ ਵੀ ਹੋਰ ਛੋਟੀ ਮੋਟੀ ਗੱਲ ਤੇ ਛੱਡ ਸਕਦਾ ਹੈ। ਆਧੁਨਿਕ ਕਾਨੂੰਨਾਂ ਨੇ ਇਸ ਪਾਸੇ ਕੁਝ ਫਰਕ ਪਾਇਆ ਹੈ, ਨਹੀਂ ਤਾਂ ਪਹਿਲੇ ਸਮੇਂ ਵਿਚ ਪਹੁੰਚ ਵਾਲੇ ਅਕਸਰ ਗਰੀਬਾਂ ਦੀਆਂ ਕੁੜੀਆਂ ਵਿਆਹ ਕੇ ਛੱਡ ਦਿੰਦੇ ਸਨ। ਸਰੀਰਕ ਤੇ ਮਾਨਸਿਕ ਤਸੀਹੇ ਦੇ ਕੇ ਔਰਤ ਨੂੰ ਅੱਜ ਵੀ ਛੱਡ ਦਿੱਤਾ ਜਾਂਦਾ ਹੈ,ਭਾਵੇਂ ਇਸ ਲਈ ਅਜ ਕੱਲ੍ਹ ਤਲਾਕ ਦੀ ਖਾਨਾ ਪੂਰਤੀ ਕਰ ਲਈ ਜਾਂਦੀ ਹੈ। ਪੰਜਾਬੀ ਸਮਾਜ ਵਿਚ ਛੁੱਟੜ ਜਾਂ ਤਲਾਕੀ ਔਰਤ ਲਈ ਕੋਈ ਚੰਗੀ ਥਾਂ ਨਹੀਂ ਹੈ। ਪਰੰਪਰਿਕ ਚੇਤਨਾ ਤਾਂ ਛੁੱਟੜ ਜਾਂ ਤਲਾਕੀ ਔਰਤ ਨੂੰ ਮਰਦ ਵਾਂਗ ਹੀ ਨਫਰਤ ਦੀ ਨਿਗ੍ਹਾ ਨਾਲ ਦੇਖਦੀ ਸੀ, ਜਾਂ ਮਾੜਾ ਮੋਟਾ ਉਸ ਦਾ ਕਿਸਮਤ ਤੇ ਤਰਸ ਕੀਤਾ ਜਾਂਦਾ ਸੀ, ਜਦੋਂ ਕਿ ਆਧੁਨਿਕ ਚੇਤਨਾ, ਛੱਡਣ ਵਾਲੇ ਮਰਦ ਤੋਂ ਅਲੱਗ ਰਹਿ ਕੇ ਨਵੇਂ ਸਿਰਿਉਂ ਜ਼ਿੰਦਗੀ ਜਿਉਣ ਵਿਚ ਹੀ ਵਿਸ਼ਵਾਸ ਨਹੀਂ ਰੱਖਦੀ ਸਗੋਂ ਖੁਦ ਵੀ ਮਾੜੇ ਮਰਦ ਨੂੰ ਛੱਡਣ ਲਈ ਪਹਿਲ ਕਦਮੀ ਦੀ ਪ੍ਰਵਿਰਤੀ ਰੱਖਦੀ ਹੈ।

ਉਧਾਲਾ

ਉਧਾਲੇ ਤੋਂ ਭਾਵ ਔਰਤ ਨੂੰ ਉਸ ਦੀ ਮਰਜ਼ੀ ਜਾਂ ਘਰਦਿਆਂ ਦੀ ਮਰਜ਼ੀ ਤੋਂ ਬਗੈਰ ਚੁੱਕ ਕੇ ਲੈ ਜਾਣਾ ਤੇ ਜਬਰਦਸਤੀ ਆਪਣੇ ਘਰ ਵਸਾ ਲੈਣਾ ਹੈ। ਉਧਾਲੇ ਆਮ ਕਰਕੇ ਜੰਗਾਂ-ਯੁੱਧਾਂ ਜਾਂ ਸੰਕਟ ਦੇ ਸਮੇਂ ਹੀ ਹੁੰਦੇ ਹਨ, ਪਰ ਕਈ ਵਾਰ ਅਮਨ ਸਮੇਂ ਵੀ ਅਜਿਹਾ ਹੋ ਜਾਂਦਾ ਹੈ। ਪੰਜਾਬ ਵਿਚ ਪੰਜਾਬ ਸੰਕਟ ਸਮੇਂ ਅਜਿਹੀਆਂ ਦੁਰਘਟਨਾਵਾਂ ਵੀ ਹੋਈਆਂ ਸਨ। ਉਧਾਲੀ ਔਰਤ ਦੀ ਇੱਜ਼ਤ ਦੂਜੀਆਂ ਔਰਤਾਂ ਦੇ ਮੁਕਾਬਲੇ ਬਹੁਤ ਘੱਟ ਕੀਤੀ ਜਾਂਦੀ ਹੈ। ਉਸ ਨੂੰ ਅਕਸਰ ਮਾੜੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਹੈ। ਉਸ ਦਾ ਪਿੱਛਾ/ਮਾਪਿਆਂ ਦਾ ਸਮਾਜਿਕ ਦਬਾਅ ਨਾ ਹੋਣ ਕਰਕੇ ਉਸ ਦੀ ਹਾਲਤ ਬੰਧੂਆਂ ਮਜ਼ਦੂਰਾਂ ਵਰਗੀ ਹੁੰਦੀ ਹੈ। ਉਧਾਲਾ ਜੇ ਔਰਤ ਦੀ ਮਰਜ਼ੀ ਦੇ ਵਿਰੁੱਧ ਹੋਇਆ ਹੋਵੇ ਤਾਂ ਉਸ ਨੂੰ ਬਲਾਤਕਾਰ ਦਾ ਦੁੱਖ ਵੀ ਉਠਾਉਣਾ ਪੈਂਦਾ ਹੈ। ਜਿਵੇਂ ਇਸੇ ਪੁਸਤਕ ਵਿਚ ਸ਼ਾਮਲ 'ਕਿਹੜਾ ਦਰਦ ਸੁਣੇ' ਸਿਰਲੇਖ ਹੇਠਲੀ ਦੀ ਲੜਕੀ ਨੂੰ ਮਰਜੀ ਦੇ ਖਿਲਾਫ ਅਗਵਾ ਕੀਤਾ ਗਿਆ। ਵੰਡ ਤੋਂ ਪਹਿਲਾਂ ਉਧਾਲੇ ਜ਼ਿਆਦਾ ਸਨ।

ਬਲਾਤਕਾਰ

ਬਲਾਤਕਾਰ ਤੋਂ ਭਾਵ ਔਰਤ ਦੀ ਮਰਜ਼ੀ ਤੋਂ ਬਗੈਰ ਉਸ ਨਾਲ ਸੰਭੋਗ ਕਰਨਾ ਹੈ। ਔਰਤ ਦੀ ਮਰਜ਼ੀ ਤੋਂ ਬਗੈਰ ਉਸ ਨਾਲ ਜਬਰ ਜਿਨਾਹ ਕੀਤਾ ਜਾ ਸਕਦਾ ਹੈ ਜਾਂ ਘੱਟੋ ਘੱਟ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਔਰਤ ਆਪਣੀ ਸਰੀਰਕ ਬਣਤਰ ਅਤੇ

ਸਰੀਰਕ ਸਮਰਥਾ ਦੀ ਘਾਟ ਕਾਰਨ ਮਰਦ ਦੇ ਵਹਿਸ਼ੀਪੁਣੇ ਦਾ ਸ਼ਿਕਾਰ ਹੁੰਦੀ ਹੈ। ਬਲਾਤਕਰ ਨਾਲ ਸਰੀਰਕ ਹਾਨੀ ਤੋਂ ਛੁੱਟ ਭਿਆਨਕ ਨਾ ਸਹਿਣਯੋਗ ਮਾਨਸਿਕ ਅਪਮਾਨ ਅਤੇ ਸਮਾਜਿਕ ਦੰਡ ਜੁੜੇ ਹੋਏ ਹਨ। ਬਲਾਤਕਾਰ ਦੀ ਸ਼ਿਕਾਰ ਔਰਤ ਦੀ ਸਮੁੱਚੀ ਜ਼ਿੰਦਗੀ ਤਬਾਹ ਹੋ ਕੇ ਰਹਿ ਜਾਂਦੀ ਹੈ। ਅਸੀਂ ਇੱਥੇ ਸ਼ੁੱਧ ਸਰੀਰਕ ਪੱਧਰ ਦੇ ਬਲਾਤਕਾਰ ਦੀ ਗੱਲ ਹੀ ਕਰ ਰਹੇ ਹਾਂ। ਪਰ ਦਬਾਅ ਅਧੀਨ ਕੀਤਾ ਗਿਆ ਸੰਭੋਗ ਵੀ ਬਲਾਤਕਾਰ ਹੀ ਹੈ, ਭਾਵੇਂ ਇਸ ਸਬੰਧੀ ਹਾਲੇ ਜ਼ਿਆਦਾ ਸੋਚਿਆ ਵਿਚਾਰਿਆ ਨਹੀਂ ਗਿਆ। ਬਲਾਤਕਾਰ, ਇਕ ਨਿਤਾਣੀ ਔਰਤ ਤੇ ਕੀਤਾ ਗਿਆ ਭਿਆਨਕ ਮਾਨਸਿਕ ਅਤੇ ਸਰੀਰਕ ਜਬਰ ਹੈ, ਜਿਸ ਦਾ ਡਰ ਹਰ ਔਰਤ ਦੇ ਮਨ ਵਿਚ ਅਚੇਤੇ ਹੀ ਕਿਸੇ ਸਮੇਂ ਵਾਪਰਨ ਵਾਲੇ ਕਹਿਰ ਵਜੋਂ ਸਮਾਇਆ ਰਹਿੰਦਾ ਹੈ। ਚਾਹੇ ਬਲਾਤਕਾਰ ਦੀ ਸ਼ਿਕਾਰ ਔਰਤ ਦਾ, ਇਸ ਪ੍ਰਕਿਰਿਆ ਵਿਚ ਕੋਈ ਹੱਥ ਨਹੀਂ ਹੁੰਦਾ ਪਰ ਸਮਾਜ ਬਲਾਤਕਾਰ ਦੀ ਸ਼ਿਕਾਰ ਔਰਤ ਪ੍ਰਤੀ ਹਮਦਰਦੀ ਤਾਂ ਵਿਖਾ ਦਿੰਦਾ ਹੈ, ਪਰ ਕੋਈ ਉਸਨੂੰ ਆਪਣੀ ਨੂੰਹ ਜਾਂ ਪਤਨੀ ਵਜੋਂ ਸਵੀਕਾਰ ਨਹੀਂ ਕਰਦਾ। ਇਸੇ ਕਾਰਨ ਬਲਾਤਕਾਰ ਦੀ ਸ਼ਿਕਾਰ ਔਰਤ, ਆਪਣੇ ਤੇ ਹੋਏ ਜ਼ੁਲਮ, ਸਮਾਜ ਦੀਆਂ ਨਜ਼ਰਾਂ ਤੋਂ ਬਚਾ ਕੇ, ਚੁੱਪ-ਚਾਪ ਜਰ ਜਾਣ ਵਿਚ ਹੀ ਭਲਾਈ ਸਮਝਦੀ ਹੈ.।

ਵੇਸਵਾਗਮਨੀ

ਵੇਸਵਾਗਮਨੀ ਨੂੰ ਆਮ ਕਰਕੇ ਇਹੀ ਅਰਥ ਦਿੱਤੇ ਜਾਂਦੇ ਹਨ ਕਿ ਜਦੋਂ ਔਰਤ ਆਪਣੇ ਜਿਸਮ ਨੂੰ ਪੈਸਿਆਂ ਖਾਤਰ ਵੇਚੇ। ਪੰਜਾਬ ਵਿਚ ਵੇਸਵਾਗਮਨੀ ਦੀ ਭਾਵੇਂ ਮਹਾਂਨਗਰਾਂ ਵਾਂਗ ਸਾਹਮਣੇ ਦਿਸਦੀ ਕੋਈ ਸਮੱਸਿਆ ਨਹੀਂ ਹੈ। ਪਰ ਫਿਰ ਵੀ ਲੁਕਵੇਂ ਰੂਪ ਵਿਚ ਇਸਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਆਮ ਸਮਝਿਆ ਜਾਂਦਾ ਹੈ ਕਿ ਵੇਸਵਾਗਮਨੀ ਪਿੱਛੇ ਗਰੀਬੀ ਦਾ ਹੱਥ ਹੁੰਦਾ ਹੈ। ਇਸ ਤੋਂ ਇਲਾਵਾ ਉਧਾਲਾ, ਬਚਪਨ ਦੀ ਗਲਤੀ ਜਾਂ ਕੁਝ ਹੋਰ ਕਾਰਨ ਵੀ ਹੋ ਸਕਦੇ ਹਨ। ਪਰ ਇਕ ਗੱਲ ਪੱਕੀ ਹੀ ਹੈ ਕਿ ਜੇ ਕੋਈ ਔਰਤ ਵੇਸਵਾ ਦਾ ਧੰਦਾ ਛੱਡ ਕੇ ਮੁੜ ਸਮਾਜਿਕ ਸਨਮਾਨ ਦਾ ਜੀਵਨ ਬਸਰ ਕਰਨਾ ਚਾਹੇ ਤਾਂ ਇਹ ਸਮਾਜਿਕ ਪਰੰਪਰਾਵਾਂ ਕਾਰਨ ਸੰਭਵ ਨਹੀਂ। ਸਗੋਂ ਇਸ ਦੇ ਉਲਟ ਅਮੀਰ ਖਾਨਦਾਨ ਦੇ ਮਰਦਾਂ ਲਈ ਵੇਸਵਾਵਾਂ ਕੋਲੇ ਜਾਣਾ ਮਾਣ ਵਾਲੀ ਗੱਲ ਹੈ।

ਦਾਜ

ਪੁਰਾਣੇ ਸਮੇਂ ਵਿਚ ਔਰਤ ਦਾ ਮੁੱਲ ਤਾਰਿਆ ਜਾਂਦਾ ਸੀ। ਉਸ ਨੂੰ ਪਸ਼ੂਆਂ ਵਾਂਗ ਵੇਚਿਆ ਜਾਂਦਾ ਸੀ। ਇਸ ਤੋਂ ਇਲਾਵਾ ਵੱਟੇ ਅਤੇ ਪੁੰਨ ਦਾ ਵਿਆਹ ਪ੍ਰਚੱਲਤ ਸੀ। ਪਰ ਤਕਰੀਬਨ ਆਜ਼ਾਦੀ ਤੋਂ ਬਾਅਦ ਪੰਜਾਬ ਦੇ ਮੱਧ ਵਰਗ ਦੀ ਰੀਸੇ ਦਾਜ ਦੇਣ ਦਾ ਰਿਵਾਜ ਚੱਲਿਆ, ਜਿਸ ਵਿਚ ਲੋਭ ਤੇ ਲਾਲਚ ਵਧ ਗਿਆ ਅਤੇ ਘੱਟ ਦਾਜ ਲਿਆਉਣ ਬਦਲੇ ਨੂੰਹਾਂ ਨੂੰ ਸਾੜ ਦੇਣ ਵਰਗੇ ਕਾਲੇ ਕਾਰਨਾਮੇ ਸ਼ੁਰੂ ਹੋਣ ਲੱਗ ਪਏ।

ਪਹਿਲਾਂ ਦਾਜ ਜਿੱਥੇ ਔਰਤ ਦੀ ਲਿਆਕਤ ਦਾ ਪ੍ਰਮਾਣ ਸੀ ਜਾਂ ਨਵਾਂ ਘਰ ਵਸਾ ਸਕਣ ਦੀ ਯੋਗਤਾ ਦਾ ਸਬੂਤ ਸੀ, ਹੁਣ ਮਾਪਿਆਂ ਦੀ ਸਹੁਰੇ ਘਰ ਨੂੰ ਕੁੜੀ ਵਸਾਉਣ ਬਦਲੇ ਦਿੱਤੀ ਜਾਣ ਵਾਲੀ ਰਿਸ਼ਵਤ ਦਾ ਰੂਪ ਅਖਤਿਆਰ ਕਰ ਗਿਆ। ਨਿੱਜੀ ਜਾਇਦਾਦ ਵਿਚੋਂ ਕੁੜੀਆਂ ਨੂੰ ਹਿੱਸਾ ਲੈਣ ਦਾ ਹੱਕ ਮਿਲਣ ਉਤੇ ਇਹ ਮਸਲਾ ਹੋਰ ਵੀ ਗੰਭੀਰ ਰੂਪ ਧਾਰਨ ਕਰ ਗਿਆ। ਦਾਜ ਦਾ ਸਮਾਜ ਸੁਧਾਰਕ ਜਥੇਬੰਦੀਆਂ ਨੇ ਵਿਰੋਧ ਕੀਤਾ ਅਤੇ ਦਾਜ ਖਾਤਰ ਕੀਤੇ ਜਾਣ ਵਾਲੇ ਕਤਲਾਂ ਨੂੰ ਸਰਕਾਰੀ ਪੱਧਰ 'ਤੇ ਵਿਸ਼ੇਸ਼ ਕਾਨੂੰਨਾਂ ਨਾਲ ਨਜਿੱਠਿਆ ਜਾਣ ਲੱਗਾ। ਪਰ ਹਾਲੇ ਵੀ ਇਹ ਪ੍ਰਥਾ ਚਾਲੂ ਹੈ। ਅਸਲ ਵਿਚ ਦਾਜ ਨਵੇਂ ਪਰਿਵਾਰ ਦੀ ਆਮਦ ਨਾਲ ਵੀ ਜੁੜਿਆ ਹੋਇਆ ਹੈ। ਨਵੇਂ ਵਿਆਹੇ ਜੋੜੇ ਨੂੰ ਘਰ ਦਾ ਸਮਾਨ ਚਾਹੀਦਾ ਹੁੰਦਾ ਹੈ। ਪਰ ਇਸ ਲਈ ਕੋਈ ਸੀਮਾ ਰੇਖਾ ਵੀ ਮਿਥਣੀ ਸਿਧਾਂਤਕ ਪੱਧਰ ਤੇ ਅਸੰਭਵ ਹੈ ਕਿ ਕਿੱਥੇ ਲੋੜ ਦੀ ਥਾਂ ਲੋਭ ਲੈਂਦਾ ਹੈ। ਇਸ ਸਮੱਸਿਆ ਦਾ ਹੱਲ ਸਰਕਾਰੀ ਕਾਨੂੰਨਾਂ ਅਤੇ ਸਮਾਜ ਸੁਧਾਰਕ ਜਥੇਬੰਦੀਆਂ ਆਦਿ ਨਾਲ ਸ਼ਾਇਦ ਨਾ ਹੋਵੇ, ਪਰ ਔਰਤ ਦੇ ਬਰਾਬਰ ਕਮਾਉਣ, ਪ੍ਰੇਮ-ਵਿਆਹ ਦੇ ਵਧਣ, ਔਰਤ ਵੱਲੋਂ ਆਪਣੇ ਪੇਕਿਆਂ ਦੀ ਜਾਇਦਾਦ ਵਿਚੋਂ ਹਿੱਸਾ ਲੈਣ ਨਾਲ ਇਸ ਪ੍ਰਥਾ ਦੇ ਘਟਣ ਦੇ ਆਸਾਰ ਹਨ।

ਵਿਆਹ ਸਬੰਧੀ ਚੋਣ

ਹੁਣ ਤੱਕ ਅਸੀਂ ਜਿਨ੍ਹਾਂ ਸਮਾਜਿਕ ਸਮੱਸਿਆਵਾਂ ਦਾ ਜਿਕਰ ਕੀਤਾ ਸੀ, ਉਹ ਜ਼ਿਆਦਾਤਰ ਪੁਰਾਣੇ ਜਾਗੀਰਦਾਰੀ ਬਣਤਰ ਵਾਲੇ ਪਰੰਪਰਿਕ ਸਮਾਜ ਦੀਆਂ ਸਨ। ਹੁਣ ਅਸੀਂ ਆਧੁਨਿਕ ਔਰਤ ਦੀਆਂ ਸਮੱਸਿਆਵਾਂ ਤੇ ਝਾਤ ਮਾਰਾਂਗੇ। ਪਹਿਲੇ ਸਮਾਜ ਵਿਚ ਕੁੜੀ-ਮੁੰਡੇ ਦੀ ਕੋਈ ਮਰਜ਼ੀ ਨਹੀਂ, ਮਾਂ-ਪਿਓ ਆਪਣੀ ਹੈਸੀਅਤ ਅਨੁਸਾਰ ਆਪਣੇ ਲਾਗੀਆਂ ਰਾਹੀਂ ਸ਼ਾਦੀਆਂ ਤਹਿ ਕਰਦੇ ਸਨ। ਪਰ ਫੇਰ ਵੀ ਮੁੰਡੇ ਦੀ ਮਰਜ਼ੀ ਦੀ ਕੁਝ ਅਹਿਮੀਅਤ ਸੀ ਪਰ ਕੁੜੀ ਦੀ ਮਰਜ਼ੀ ਤਾਂ ਬਿਲਕੁਲ ਹੀ ਨਹੀਂ ਪੁੱਛੀ ਜਾਂਦੀ ਸੀ। ਆਧੁਨਿਕ ਸਮਾਜ ਦੇ ਵਿਚ ਨਵੀਆਂ ਕਦਰਾਂ ਕੀਮਤਾਂ ਦੇ ਆਉਣ ਨਾਲ ਇਕ ਦੂਜੇ ਨੂੰ ਵੇਖਣ ਵਿਖਾਉਣ ਦੀ ਰਸਮ ਸ਼ੁਰੂ ਹੋਈ ਪਰ ਇਸ ਵਿਚ ਆਮ ਕਰਕੇ ਸਿਰਫ ਮੁੰਡੇ ਦੀ ਹੀ ਮਰਜ਼ੀ ਪੁੱਛੀ ਜਾਂਦੀ ਹੈ। ਭਾਵ ਮੁੰਡਾ ਕੁੜੀ ਨੂੰ ਪਸੰਦ ਕਰਦਾ ਹੈ, ਕੁੜੀ ਮੁੰਡੇ ਨੂੰ ਨਹੀਂ। ਇਸੇ ਸਮੇਂ ਪ੍ਰੇਮ-ਵਿਆਹ ਸਾਹਮਣੇ ਆਉਣ ਲੱਗੇ, ਪਰ ਆਮ ਕਰਕੇ ਮਾਪੇ ਅਤੇ ਸਮਾਜ ਇਸ ਨੂੰ ਸਵੀਕਾਰ ਨਹੀਂ ਕਰਦੇ। ਔਰਤ ਦੇ ਮਨ ਵਿਚ ਆਪਣੇ ਵਰ ਦੀ ਆਪ ਚੋਣ ਕਰਨ ਦੀ ਖਾਹਿਸ਼ ਉਠਣੀ ਸ਼ੁਰੂ ਹੋਈ ਹੈ। ਇਸ ਲਈ ਉਹ ਸਿਰਫ ਉਮਰ ਦੇ ਹਾਣ ਦੀ ਥਾਂ ਬੌਧਿਕ, ਸਰੀਰਕ ਅਤੇ ਵਿਅਕਤੀਗਤ ਗੁਣਾਂ ਦੇ ਹਾਣ ਨੂੰ ਵੀ ਵੇਖਣਾ ਚਾਹੁੰਦੀ ਹੈ। ਪਰ ਇਸ ਸਬੰਧੀ ਹਾਲੇ ਮਰਦ/ਮੁੰਡੇ ਦਾ ਹੱਥ ਹੀ ਉੱਚਾ ਹੈ, ਕੁੜੀ/ਔਰਤ ਨੂੰ ਆਪਣੀਆਂ ਇੱਛਾਵਾਂ ਦਬਾਉਣੀਆਂ ਪੈਂਦੀਆਂ ਹਨ। ਜਿਵੇਂ ਇਸੇ ਪੁਸਤਕ ਵਿਚ ਦਰਜ '*ਮੈ ਨਹੀਂ ਜਾਣਾ ਪਾਗਲ ਦੇ ਨਾਲ*' ਵਿਚਲੀ ਲੜਕੀ ਨੂੰ ਉਸ ਦੀ ਇੱਛਾ ਦੇ

ਵਿਰੁੱਧ ਪਾਗਲ ਨਾਲ ਮੰਗ ਦਿੱਤਾ ਗਿਆ। ਸਮਾਜ ਦੇ ਹੋਰ ਵਿਕਾਸ ਨਾਲ ਸੰਭਵ ਹੈ ਕਿ ਕੁੜੀ ਤੇ ਮੁੰਡਾ ਠੀਕ ਇਕ ਦੂਜੇ ਦੀ ਆਪਣੀ ਮਰਜੀ ਨਾਲ ਚੋਣ ਕਰਨ ਦੇ ਸਮੱਰਥ ਹੋ ਜਾਣ।

ਪਤੀ ਦੇ ਵਿਆਹ-ਬਾਹਰੇ ਸਬੰਧ

ਇਹ ਆਧੁਨਿਕ ਸਮੇਂ ਦੀ ਇਕ ਹੋਰ ਸਮੱਸਿਆ ਹੈ ਕਿ ਮਰਦ ਘਰ ਵਿਚ ਸੌਂਕਣ ਲਿਆਉਣ ਦੀ ਥਾਂ ਆਪਣੇ ਵਿਆਹ ਬਾਹਰੇ ਸਬੰਧ ਸਿਰਜ ਲੈਂਦਾ ਹੈ। ਪਰੰਪਰਿਕ ਔਰਤ ਤਾਂ ਇਸ ਤੇ ਘੁਟ-ਘੁਟ ਕੇ ਮਰ ਜਾਂਦੀ ਹੈ ਪਰ ਆਧੁਨਿਕ ਔਰਤ ਅਜਿਹੀ ਸਥਿਤੀ ਵਿਚ ਪਤੀ ਨੂੰ ਸੁਧਾਰ ਲੈਣਾ ਜਾਂ ਛੱਡ ਜਾਣਾ ਠੀਕ ਸਮਝਦੀ ਹੈ। ਅਜਿਹੀਆਂ ਪ੍ਰਸਥਿਤੀਆਂ ਵਿਚ ਕਈ ਵਾਰ ਹੋਰ ਸਮੱਸਿਆਵਾਂ ਜਾਂ ਗੁੰਝਲਾਂ ਪੈਦਾ ਹੁੰਦੀਆਂ ਹਨ। ਪਰੰਪਰਿਕ ਔਰਤ ਜਾਹਰਾ ਵਿਰੋਧ ਕਰਨਾ ਦੀ ਥਾਂ ਪਤੀ ਤੋਂ ਬਦਲਾ ਲੈਣ ਲਈ ਖੁਦ ਚੋਰੀ ਛਿਪੇ ਕਿਸੇ ਹੋਰ ਮਰਦ ਨਾਲ ਸਬੰਧ ਬਣਾ ਲੈਂਦੀ ਹੈ। ਸੋਸਾਇਟੀ ਵੱਲੋਂ ਹੱਲ ਕੀਤੇ ਇਕ ਕੇਸ ਵਿਚ ਪਤੀ ਦੇ ਬਾਹਰ ਕਿਸੇ ਔਰਤ ਨਾਲ ਸਬੰਧ ਸਨ। ਗੁੱਸੇ ਵਿਚ ਪਤਨੀ ਨੇ ਦਿਉਰ ਨਾਲ ਕਾਮ-ਸਬੰਧ ਬਣਾ ਲਏ। ਇਨ੍ਹਾਂ ਸਬੰਧਾਂ ਦਾ ਆਧਾਰ ਪਤੀ ਤੋਂ ਬਦਲਾ ਲੈਣਾ ਸੀ। ਇਕ ਪਾਸੇ ਤਾਂ ਉਸ ਦੇ ਦਿਉਰ ਨਾਲ ਸਰੀਰਕ ਸਬੰਧ ਸਨ। ਦੂਜੇ ਪਾਸੇ ਨੈਤਿਕ ਗਿਰਾਵਟ ਦੀ ਮਨ ਵਿਚ ਆਈ ਭਾਵਨਾ ਕਾਰਨ ਉਹ ਮਾਨਸਿਕ ਰੋਗੀ ਬਣ ਗਈ।

ਨਵੀਆਂ ਸਮੱਸਿਆਵਾਂ

ਤੇਜੀ ਨਾਲ ਹੋ ਰਹੇ ਸਨਅਤੀ ਵਿਕਾਸ ਕਾਰਨ ਪੰਜਾਬ ਵਿਚ ਸਾਂਝੇ ਪਰਿਵਾਰ ਟੁੱਟ ਰਹੇ ਹਨ। ਪੜ੍ਹਾਈ ਲਿਖਾਈ ਕਾਰਨ ਪਿੰਡਾਂ ਤੋਂ ਸ਼ਹਿਰਾਂ ਵਿਚ ਵਸਣ ਦੀ ਰੁਚੀ ਕਾਰਨ ਅਤੇ ਨੌਕਰੀ ਕਾਰਨ ਲੋਕ ਸ਼ਹਿਰਾਂ ਵੱਲ ਜਾ ਰਹੇ ਹਨ ਪਰ ਖੇਤੀਬਾੜੀ ਅਰਥਚਾਰਾ ਇਸ ਗੱਲ ਦੀ ਆਗਿਆ ਨਹੀਂ ਦਿੰਦਾ। ਸੋ ਇਕ ਪਾਸੇ ਤਾਂ ਅਰਥਚਾਰੇ ਦੀ ਲੋੜ ਸੰਯੁਕਤ-ਪਰਿਵਾਰ ਹਨ ਤੇ ਪਰਿਵਾਰਕ ਲੋੜਾਂ ਅਨੁਸਾਰ ਨਾ ਚਾਹੁੰਦਿਆਂ ਵੀ ਕਈ-ਕਈ ਜੋੜੇ ਸੰਯੁਕਤ ਪਰਿਵਾਰ ਵਿਚ ਰਹਿ ਰਹੇ ਹਨ। ਦੂਜੇ ਪਾਸੇ ਸ਼ਹਿਰੀ ਵਸਣ ਅਤੇ ਨਿੱਜੀ ਆਜ਼ਾਦੀ ਦੀ ਲਾਲਸਾ ਅਧੀਨ ਮਾਨਸਿਕ ਤਣਾਅ ਦਿਨੋਂ ਦਿਨ ਵਧ ਰਿਹਾ ਹੈ। ਇਸ ਸਮੱਸਿਆ ਤੋਂ ਸਭ ਤੋਂ ਵਧ ਪੀੜਤ ਔਰਤਾਂ ਹੁੰਦੀਆਂ ਹਨ, ਖਾਸ ਕਰਕੇ ਘਰੇਲੂ ਸੁਆਣੀਆਂ। ਕਿਉਂਕਿ ਉਨ੍ਹਾਂ ਨੇ ਸਾਰਾ ਦਿਨ ਘਰ ਵਿਚ ਇੱਕਲੀਆਂ ਰਹਿ ਕੇ ਗੁਜ਼ਾਰਨਾ ਹੁੰਦਾ ਹੈ। ਹਰ ਮਨੁੱਖ ਦੇ ਮਨ ਵਿਚ ਨਿੱਜੀ ਆਜ਼ਾਦੀ ਨਾਲ ਰਹਿਣ ਦੀ ਚਾਹਨਾ ਹੁੰਦੀ ਹੈ। ਪਰ ਪਰਿਵਾਰਕ ਪ੍ਰਸਥਿਤੀਆਂ ਕਾਰਨ, ਮਾਨਸਿਕ ਤੇ ਸਰੀਰਕ ਰੋਗਾਂ ਕਾਰਨ ਜਿਥੇ ਔਰਤਾਂ ਵਿਚ ਘਰੇਲੂ ਲੜਾਈ ਝਗੜੇ ਹੁੰਦੇ ਹਨ ਉੱਥੇ ਉਨ੍ਹਾਂ ਦੇ ਮਨਾਂ ਵਿਚ ਮਾਨਸਿਕ ਗੁੰਝਲਾਂ ਬਣ ਜਾਂਦੀਆਂ ਹਨ। ਤਰਕਸ਼ੀਲ ਸੋਸਾਇਟੀ ਕੋਲ ਇਸ ਤਰ੍ਹਾਂ ਦੇ ਅਨੇਕਾਂ ਕੇਸ ਆਉਂਦੇ ਹਨ ਜਿਨ੍ਹਾਂ ਦੀ ਸਮੱਸਿਆ 'ਅਲੱਗ ਹੋਣ ਦੀ' ਹੁੰਦੀ ਹੈ। ਜਿਵੇਂ ਇਸ ਪੁਸਤਕ

ਦੀ ਕਹਾਣੀ 'ਉਡਣ ਪਰੀ ਦੀ ਧਰਤ ਗਾਥਾ' ਵਿਚ ਮੁੱਖ ਸਮੱਸਿਆ ਪਰਿਵਾਰ ਤੋਂ ਅਲੱਗ ਜਾ ਕੇ ਵੱਸਣ ਦੀ ਸੀ ਪਰ ਪਰਿਵਾਰਕ ਹਾਲਾਤ ਇਸ ਦੀ ਆਗਿਆ ਨਹੀਂ ਦਿੰਦੇ ਸਨ। 'ਉਡਣ ਪਰੀ ਦੀ ਧਰਤ ਗਾਥਾ' ਵਿਚ ਇਹੀ ਸਮੱਸਿਆ ਮੁੱਖ ਹੈ।

ਇੰਜ ਆਧੁਨਿਕ ਔਰਤਾਂ ਦੀਆਂ ਸਮੱਸਿਆਵਾਂ ਹੋਰ ਵੀ ਵੱਧ ਗਈਆਂ ਹਨ। ਜਾਗੀਰਦਾਰੀ ਪ੍ਰਬੰਧ ਦੀ ਰਹਿੰਦ-ਖੂੰਹਦ ਦੇ ਅਸਰ ਅਧੀਨ ਔਰਤ ਤੋਂ ਪੁਰਾਣੇ ਢੰਗ ਦੀ ਜੀਵਨ ਜਾਚ ਦੀ ਮੰਗ ਕੀਤੀ ਜਾਂਦੀ ਹੈ ਪਰ ਆਧੁਨਿਕ ਸਰਮਾਏਦਾਰੀ ਪ੍ਰਬੰਧ ਅਨੁਸਾਰ ਔਰਤ ਤੋਂ ਹੱਡ-ਭੰਨਵਾਂ ਮਾਨਸਿਕ ਤੇ ਸਰੀਰਕ ਕੰਮ ਲਿਆ ਜਾਂਦਾ ਹੈ। ਨੌਕਰੀ ਪੇਸ਼ਾ ਔਰਤ ਦੋ ਪੁੜਾਂ ਵਿਚਕਾਰ ਪਿਸ ਰਹੀ ਹੈ। ਦਫਤਰ ਜਾਂ ਕਾਰਖਾਨੇ ਵਿਚ ਮਰਦ ਦੇ ਬਰਾਬਰ ਕੰਮ ਕਰਕੇ ਘਰ ਦੇ ਸਾਰੇ ਕੰਮ ਬੋਝ ਨੂੰ ਉਠਾਉਣਾ ਬਹੁਤ ਸਾਰੇ ਮਾਨਸਿਕ ਰੋਗਾਂ ਦੀ ਜੜ੍ਹ ਹੈ। ਮਰਦਾਂ ਵੱਲੋਂ ਇਕ ਪਾਸੇ ਨੌਕਰੀ ਦੀ ਆਗਿਆ ਦੇਣੀ, ਦੂਜੇ ਪਾਸੇ ਹਰ ਸਮੇਂ ਸ਼ੱਕ ਦੀ ਨਜ਼ਰ ਰੱਖਣੀ, ਸੱਸ ਸਹੁਰੇ ਵੱਲੋਂ ਇਕ ਪਾਸੇ ਚੜ੍ਹਦੇ ਮਹੀਨੇ ਤਨਖਾਹ ਫੜ ਲੈਣੀ, ਦੂਜੇ ਪਾਸੇ ਲੱਤਾਂ ਘੁਟਵਾਉਣ ਦੀ ਆਸ ਰੱਖਣੀ, ਪਤੀ ਵੱਲੋਂ ਇਕ ਪਾਸੇ ਘਰ ਦੀ ਚਾਰ-ਦੀਵਾਰੀ ਵਿਚ ਕੈਦ ਰੱਖਣਾ, ਦੂਜੇ ਪਾਸੇ ਹਰ ਸਮੇਂ ਸਜੀ-ਸੰਵਰੀ ਆਧੁਨਿਕ ਔਰਤ ਦਾ ਸਾਥ ਚਾਹੁਣਾ ਆਦਿ ਅਜਿਹੀਆਂ ਨਵੀਆਂ ਹੀ ਗੁੰਝਲਾਂ ਹਨ ਜੋ ਅਜੀਬੋ-ਗਰੀਬ ਮਾਨਸਿਕ ਕੁੰਠਾਵਾਂ ਨੂੰ ਜਨਮ ਦਿੰਦੀਆਂ ਹਨ। ਇਕ ਪਾਸੇ ਔਰਤਾਂ ਦੇ ਸੁੰਦਰਤਾ ਦੇ ਮੁਕਾਬਲੇ ਕਰਵਾ ਕੇ ਉਨ੍ਹਾਂ ਦੇ ਨੰਗੇਜ਼ ਨੂੰ ਉਭਾਰ ਕੇ ਵਸਤਾਂ ਵੇਚਣ ਲਈ ਸਾਧਨ ਵਜੋਂ ਵਰਤਿਆ ਜਾ ਰਿਹਾ ਹੈ, ਦੂਜੇ ਪਾਸੇ ਆਮ ਔਰਤਾਂ ਅੰਦਰ 'ਸੋਹਣੀਆਂ' ਨਾ ਹੋਣ ਦੀ ਹੀਣ-ਭਾਵਨਾ ਭਰੀ ਜਾ ਰਹੀ ਹੈ। ਇਸ ਹੀਣ-ਗੁੰਝਲ ਵਿਚੋਂ ਨਿਕਲਣ ਲਈ ਔਰਤ ਸੁੰਦਰਤਾ ਦੇ ਸਾਧਨਾਂ ਦੀ ਵਰਤੋਂ ਕਰਦਿਆਂ, ਹਰ ਸਮੇਂ ਮਰਦ ਨੂੰ ਪ੍ਰਸੰਨ ਕਰਨ ਵਾਲੀ ਲਿਸ਼ਕੀ-ਪੁਸ਼ਕੀ ਗੁੱਡੀ ਬਣਨ ਵਿਚ ਫ਼ਖਰ ਮਹਿਸੂਸ ਕਰਦੀ ਹੈ। ਅਜਿਹੀਆਂ ਬੇਅੰਤ ਸਮੱਸਿਆਵਾਂ ਕਾਰਨ ਆਧੁਨਿਕ ਔਰਤ ਮਾਨਸਿਕ ਰੋਗਾਂ ਦਾ ਸ਼ਿਕਾਰ ਹੋ ਰਹੀ ਹੈ। ਇਹ ਸਮੱਸਿਆਵਾਂ ਵਿਅਕਤੀਗਤ ਪੱਧਰ ਤੇ ਪੂਰਨ ਤੌਰ ਤੇ ਹੱਲ ਨਹੀਂ ਕੀਤੀਆਂ ਜਾ ਸਕਦੀਆਂ। ਇਨ੍ਹਾਂ ਦੇ ਹੱਲ ਲਈ ਸਮੂਹਿਕ ਪੱਧਰ ਤੇ ਹੰਭਲਾ ਮਾਰਨ ਦੀ ਜ਼ਰੂਰਤ ਹੈ।

ਲਿੰਗ ਭੇਦ : ਹਾਥੀ ਦੀ ਪੈੜ

ਲਿੰਗ ਭੇਦ ਅਸਲ ਵਿਚ ਉਹ ਹਾਥੀ ਦੀ ਪੈੜ ਹੈ, ਜਿਸ ਵਿਚੋਂ ਸਾਰੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਅਤੇ ਪਲਦੀਆਂ ਹਨ। ਆਧੁਨਿਕ ਔਰਤ ਲਿੰਗ-ਭੇਦ ਨੂੰ ਸਭ ਤੋਂ ਤੀਬਰਤਾ ਨਾਲ ਮਹਿਸੂਸ ਕਰਦੀ ਹੈ। ਇਹ ਲਿੰਗ ਭੇਦ ਗਰਭ ਵਿਚ ਲਿੰਗ ਦਾ ਪਤਾ ਲਗਾ ਕੇ ਕੁੜੀ ਮਾਰਨ ਨਾਲ ਸ਼ੁਰੂ ਹੋ ਜਾਂਦਾ ਹੈ। ਜੇ ਕੁੜੀ ਜੰਮ ਪਏ ਤਾਂ ਕੋਈ ਖੁਸ਼ੀ ਨਹੀਂ ਮਨਾਈ ਜਾਂਦੀ ਪਰ ਮੁੰਡੇ ਹੋਣ ਤੇ ਖੁਸਰੇ ਨਚਾਏ ਜਾਂਦੇ ਹਨ, ਸ਼ਰੀਂਹ ਬੰਨ੍ਹੇ ਜਾਂਦੇ ਹਨ, ਛਟੀਆਂ ਕੀਤੀਆਂ ਜਾਂਦੀਆਂ ਹਨ। ਮੁੰਡਿਆਂ ਨੂੰ ਕੁੜੀ ਦੇ ਮੁਕਾਬਲੇ ਚੰਗਾ-ਚੋਖਾ ਖਾਣ ਲਈ ਦਿੱਤਾ ਜਾਂਦਾ ਹੈ ਕਿਉਂਕਿ ਸਮਝਿਆ ਜਾਂਦਾ ਹੈ ਕਿ ਉਨ੍ਹਾਂ ਨੇ ਤਾਂ ਵੱਡੇ ਹੋ

ਕੇ ਘਰ ਲਈ ਕਮਾਉਣਾ ਹੈ ਪਰ ਧੀਆਂ ਬਿਗਾਨਾ ਧਨ ਹਨ ਤੇ ਉਨ੍ਹਾਂ ਨੇ ਤਾਂ ਬਿਗਾਨੇ ਘਰ ਹੀ ਚਲੇ ਜਾਣਾ ਹੈ। ਮੁੰਡਿਆਂ ਨੂੰ ਖ਼ੂਬ ਖੇਡਣ ਕੁੱਦਣ ਦਾ ਮੌਕਾ ਮਿਲਦਾ ਹੈ ਪਰ ਕੁੜੀ ਨੂੰ ਘਰ ਦੀ ਇੱਜ਼ਤ ਦੀ ਆੜ ਵਿਚ ਘਰ ਦੀਆਂ ਵਲਗਣਾਂ ਵਿਚ ਡੱਕਿਆ ਜਾਂਦਾ ਹੈ। ਬਚਪਨ ਵਿਚ ਕੁੜੀ ਦੇ ਖੇਡਣ ਕੁੱਦਣ ਤੇ ਲੱਗੀਆਂ ਰੋਕਾਂ, ਉਸ ਦੇ ਸਰੀਰਕ ਤੇ ਮਾਨਸਿਕ ਵਿਕਾਸ ਨੂੰ ਰੋਕ ਦਿੰਦੀਆਂ ਹਨ। ਕੁਆਰਾ ਲੜਕਾ ਕਿਸੇ ਨਾਲ ਸਬੰਧ ਬਣਾ ਲਵੇ ਤਾਂ 'ਨ੍ਹਾਤਾ ਧੋਤਾ ਘੋੜਾ' ਹੈ ਪਰ ਕੁੜੀ ਲਈ ਇਹ ਸਮਾਜਿਕ ਨਮੋਸ਼ੀ ਸੱਚਮੁੱਚ ਡੁੱਬ ਮਰਨ ਵਾਲੀ ਗੱਲ ਬਣ ਜਾਂਦੀ ਹੈ। ਵਿਆਹ ਸਮੇਂ ਚੋਣ ਮੁੰਡੇ ਦੇ ਹੱਥ ਹੁੰਦੀ ਹੈ। ਮੁੰਡਾ ਘਰ ਦੀ ਆਰਥਿਕਤਾ ਸਾਂਭਦਾ ਹੈ, ਕੁੜੀ ਘਰ ਦੇ ਅਕੇਵੇਂ ਭਰ ਕੰਮ ਕਰਦਿਆਂ ਜ਼ਿੰਦਗੀ ਬਿਤਾਉਂਦੀ ਹੈ। ਅਸਲ ਵਿਚ ਔਰਤ ਲਈ ਸਮੁੱਚਾ ਸਮਾਜਿਕ ਜੀਵਨ ਹੀ ਰੋਕ ਬਣ ਕੇ ਆਉਂਦਾ ਹੈ। ਇਹ ਰੋਕਾਂ ਹੀ ਮਾਨਸਿਕ ਰੋਗੀ ਬਣਨ ਲਈ ਆਧਾਰ ਬਣਦੀਆਂ ਹਨ। ਲੋੜ ਹਰ ਪੱਧਰ ਤੇ ਲਿੰਗ-ਭੇਦ ਦੇ ਖਿਲਾਫ ਸੰਘਰਸ਼ ਕਰਨ ਦੀ ਹੈ ਤਾਂ ਜੋ ਨਵਾਂ-ਨਰੋਆ ਸਮਾਜ ਸਿਰਜਿਆ ਜਾ ਸਕੇ।

***

ਔਰਤਾਂ ਦੀਆਂ ਆਮ ਸਮੱਸਿਆਵਾਂ ਤੋਂ ਉਪਜਦੇ ਮਾਨਸਿਕ ਰੋਗ

ਇਸ ਪੁਸਤਕ ਦੇ ਅਰੰਭ ਵਿਚ ਦਰਜ ਕਹਾਣੀ ਨੁਮਾ ਰਿਪੋਰਟਾਂ ਤੋਂ ਸਪਸ਼ਟ ਹੋ ਗਿਆ ਹੋਵੇਗਾ ਕਿ ਔਰਤਾਂ ਨੂੰ ਮਾਨਸਿਕ ਰੋਗ ਕਿਵੇਂ ਚਿੰਬੜਦੇ ਹਨ। ਪੁਸਤਕ ਦੇ ਦੂਜੇ ਭਾਗ ਵਿਚ ਔਰਤ ਦੀ ਸਮੁੱਚੀ ਸਥਿਤੀ ਦੇ ਮੁਲਾਂਕਣ ਤੋਂ ਸਾਫ ਹੁੰਦਾ ਹੈ ਕਿ 'ਲਿੰਗ ਭੇਦ' ਉਹ ਹਾਥੀ ਦੀ ਪੈੜ ਹੈ ਜਿਸ ਵਿਚ ਮਾਨਸਿਕ ਰੋਗਾਂ ਸਮੇਤ ਔਰਤਾਂ ਦੀਆਂ ਸਾਰੀਆਂ ਸਮੱਸਿਆਵਾਂ ਆ ਜਾਂਦੀਆਂ ਹਨ ਪਰ ਇੱਥੇ ਇਕ ਗੱਲ ਸਪਸ਼ਟ ਕਰਨੀ ਯੋਗ ਹੋਵੇਗੀ ਕਿ ਕਈ ਵਾਰੀ ਰੋਗ ਦੇ ਕਿਸੇ ਤਤਕਾਲੀ ਕਾਰਨ ਨੂੰ ਹੀ ਅਸਲੀ ਕਾਰਨ ਸਮਝ ਲਿਆ ਜਾਂਦਾ ਹੈ ਜਦ ਕਿ ਰੋਗ ਸਮੁੱਚੀ ਪ੍ਰਸਥਿਤੀ ਦੀ ਪੈਦਾਵਾਰ ਹੁੰਦਾ ਹੈ ਅਤੇ ਕਈ ਵਾਰ ਰੋਗ ਇਕ ਤੋਂ ਵਧੀਕ ਕਾਰਨਾਂ ਨਾਲ ਮਿਲ ਕੇ ਪੈਦਾ ਹੁੰਦਾ ਹੈ।

ਮਾਨਸਿਕ ਰੋਗ ਔਰਤ ਜਾਂ ਮਰਦ ਦੋਵਾਂ ਵਿਚ ਸਰੀਰ ਜਾਂ ਮਨ ਦੀ ਕਿਸੇ ਕੁਦਰਤੀ ਲੋੜ ਜਾਂ ਇੱਛਾ ਨੂੰ ਦਬਾਉਣ ਤੋਂ ਪੈਦਾ ਹੁੰਦਾ ਹੈ। ਸਾਡੇ ਪੰਜਾਬੀ ਸਮਾਜ ਵਿਚ ਮਰਦ ਨੂੰ ਔਰਤਾਂ ਦੇ ਮੁਕਾਬਲੇ ਵਧੇਰੇ ਖੁੱਲ੍ਹਾਂ ਹਨ, ਇਸ ਕਰਕੇ ਉਹ ਆਪਣੇ ਸਰੀਰ ਜਾਂ ਮਨ ਦੀ ਲੋੜ ਨੂੰ ਸ਼ਰੇਆਮ ਕਹਿ ਸਕਦਾ ਹੈ ਪਰ ਔਰਤ ਆਪਣੇ ਮਨ ਅੰਦਰ ਦਬਾਈ ਰੱਖਦੀ ਹੈ, ਸਿੱਟੇ ਵਜੋਂ ਉਸ ਦੇ ਮਨੋਰੋਗੀ ਬਣਨ ਦੀ ਸੰਭਾਵਨਾ ਬਣ ਜਾਂਦੀ ਹੈ। ਹੇਠਾਂ ਅਸੀਂ ਇਸ ਲੇਖ ਵਿਚ ਔਰਤਾਂ ਦੇ ਮਨੋਰੋਗਾਂ ਤੇ ਵਿਚਾਰ ਕਰਾਂਗੇ।

ਹਿਸਟੀਰੀਆ

ਹਿਸਟੀਰੀਆ ਇਕ ਆਮ ਮਾਨਸਿਕ ਰੋਗ ਹੈ। ਦੌਰਾ ਪੈਣਾ, ਦੰਦਲ ਪੈਣਾ, ਗੁੰਮ ਸੁੰਮ ਜਾਂ ਬੇਹੋਸ਼ ਹੋ ਜਾਣਾ, ਅਚਾਨਕ ਡਿੱਗ ਪੈਣਾ (ਪਰ ਸੱਟ ਦਾ ਨਾ ਲੱਗਣਾ) ਕਦੇ ਕਦੇ ਉਚੀ-ਉਚੀ ਬੋਲਣਾ, ਆਪਣੇ ਸਰੀਰ ਨੂੰ ਆਪੇ ਕਸ਼ਟ ਪਹੁੰਚਾਉਣਾ, ਵਾਲ ਨੋਚਣੇ, ਕਦੇ ਗੂੰਗੇ ਹੋ ਜਾਣਾ, ਕਿਸੇ ਅੰਗ ਦਾ ਮਾਰਿਆ ਜਾਣ (ਅਸਥਾਈ) ਇਸ ਦੇ ਆਮ ਲੱਛਣ ਹਨ। ਇਸ ਨੂੰ ਮਿਰਗੀ ਦੇ ਦੌਰੇ ਨਾਲੋਂ ਨਿਖੇੜਨਾ ਜ਼ਰੂਰੀ ਹੈ। ਮਿਰਗੀ ਦੇ ਦੌਰੇ ਸਮੇਂ ਸੱਟ ਵੀ ਲੱਗ ਜਾਂਦੀ ਹੈ ਪਰ ਹਿਸਟੀਰੀਏ ਦੇ ਮਰੀਜ਼ ਨੂੰ ਕਦੇ ਵੀ ਸੱਟ ਨਹੀਂ ਲੱਗਦੀ। ਇਹ ਦੌਰਾ ਹਮੇਸ਼ਾ ਕਿਸੇ ਹੋਰ ਦੀ ਮੌਜੂਦਗੀ ਵਿਚ ਹੀ ਪੈਂਦਾ ਹੈ ਕਿਉਂਕਿ ਰੋਗੀ ਦਾ ਮੁੱਖ ਮਕਸਦ ਆਪਣੇ ਵੱਲ ਧਿਆਨ ਖਿੱਚਣਾ ਹੁੰਦਾ ਹੈ।

ਵੈਸੇ ਤਾਂ ਅਧਰੰਗ ਦੀ ਬਿਮਾਰੀ ਵਿਚ ਸੱਚਮੁੱਚ ਅੰਗ ਮਾਰਿਆ ਜਾਂਦਾ ਹੈ ਪਰ

ਹਿਸਟੀਰੀਏ ਵਿਚ ਅੰਗ ਅਸਥਾਈ ਤੌਰ ਤੇ ਕੰਮ ਛਡਦਾ ਹੈ। ਕਈ ਵਾਰ ਅਜਿਹਾ ਅੰਗ ਸੁਪਨੇ ਵਿਚ ਹਿਲਦਾ ਰਹਿੰਦਾ ਹੈ। ਇਹ ਵੀ ਵੇਖਿਆ ਗਿਆ ਹੈ ਕਿ ਹਿਸਟੀਰੀਏ ਦੇ ਮਰੀਜ਼ ਕਈ ਵਾਰ ਤਰ੍ਹਾਂ-ਤਰ੍ਹਾਂ ਦੀ ਸਰੀਰਕ ਤਕਲੀਫ ਦੀ ਸ਼ਿਕਾਇਤ ਕਰਦੇ ਹਨ। ਰੋਗੀ ਆਪਣੀਆਂ ਸਰੀਰਕ ਲੋੜਾਂ ਦਾ ਪੂਰਾ ਖਿਆਲ ਰੱਖਦਾ ਹੈ। ਸੌਖੀ ਭਾਸ਼ਾ ਵਿਚ ਇਹ ਆਖਿਆ ਜਾ ਸਕਦਾ ਹੈ ਕਿ ਹਿਸਟੀਰੀਆ ਇਕ ਤਰ੍ਹਾਂ ਨਾਲ ਕਮਜ਼ੋਰ ਮਨੁੱਖ ਦਾ ਆਪਣੇ ਤੋਂ ਤਕੜੇ ਮਨੁੱਖ ਕੋਲੋਂ ਆਪਣੇ ਮਨ ਦੀ ਗੱਲ ਮਨਾਉਣ ਦੀ ਜੁਗਤ ਹੈ ਅਤੇ ਉਹ ਇਹ ਕੁਝ ਅਚੇਤ ਤੌਰ ਤੇ ਕਰਦਾ ਹੈ ਅਤੇ ਉਸਨੂੰ ਆਪਣੇ ਇਸ ਵਿਵਹਾਰ ਬਾਰੇ ਖੁਦ ਵੀ ਪਤਾ ਨਹੀਂ ਹੁੰਦਾ।

ਹੁਣ ਸਮੱਸਿਆ ਪੈਦਾ ਹੁੰਦੀ ਹੈ ਕਿ ਔਰਤਾਂ ਹਿਸਟੀਰੀਏ ਦੀਆਂ ਰੋਗੀ ਵਧੇਰੇ ਕਿਉਂ ਹੁੰਦੀਆਂ ਹਨ? ਪਹਿਲੀ ਗੱਲ ਔਰਤ ਆਪਣੇ ਬਾਪ, ਭਰਾ ਜਾਂ ਪਤੀ ਨੂੰ ਕਿਸੇ ਗੱਲੋਂ ਨਾ ਤਾਂ ਸਖਤੀ ਨਾਲ ਰੋਕ ਸਕਦੀਆਂ ਹਨ ਅਤੇ ਨਾ ਹੀ ਆਪਣੀਆਂ ਖਾਹਿਸ਼ਾਂ ਖੁੱਲ੍ਹੇਆਮ ਦੱਸ ਸਕਦੀਆਂ ਹਨ। ਇਸੇ ਕਰਕੇ ਉਹ ਆਪਣੀਆਂ ਖਾਹਿਸ਼ਾਂ ਨੂੰ ਅਚੇਤਨ ਵਿਚ ਧਕਦੀਆਂ ਰਹਿੰਦੀਆਂ ਹਨ। ਇਹ ਦੱਬੀਆਂ ਖਾਹਿਸ਼ਾਂ ਮਾਨਸਿਕ ਜਾਂ ਸਰੀਰਕ ਲੱਛਣਾਂ ਵਿਚ ਉਜਾਗਰ ਹੋ ਜਾਂਦੀਆਂ ਹਨ। ਇਕ ਪਾਸੇ ਤਾਂ ਰੋਗੀ ਔਰਤ ਮਨ ਨੂੰ ਦੁਖੀ ਕਰਨ ਵਾਲੀਆਂ ਖਾਹਿਸ਼ਾਂ ਨੂੰ ਮਨ ਵਿਚ ਦਬਾਅ ਕੇ ਵਕਤੀ ਤੌਰ ਤੇ ਇਨ੍ਹਾਂ ਤੋਂ ਛੁਟਕਾਰਾ ਪਾ ਲੈਂਦੀ ਹੈ ਪਰ ਦੂਜੇ ਪਾਸੇ ਅਚੇਤ ਮਨ ਵਿਚੋਂ ਖਾਹਿਸ਼ਾਂ ਸਰੀਰਕ ਲੱਛਣਾਂ ਦੇ ਰੂਪ ਵਿਚ ਪਰਗਟ ਹੋ ਕੇ ਨਿਕਾਸ ਲੱਭ ਲੈਂਦੀਆਂ ਹਨ। ਇਸ ਦੌਰੇ ਕਾਰਨ ਪਰਿਵਾਰ ਦੇ ਮੈਂਬਰ ਰੋਗੀ ਵੱਲ ਧਿਆਨ ਦਿੰਦੇ ਹਨ ਅਤੇ ਕਈ ਵਾਰ ਉਸ ਦੀ ਮੰਗ ਨੂੰ ਸਿੱਧੇ ਜਾਂ ਟੇਢੇ ਢੰਗ ਨਾਲ ਪੂਰੀ ਕਰ ਦਿੰਦੇ ਹਨ। ਵਿਆਹ ਦੀ ਉਮਰ ਟੱਪ ਰਹੀਆਂ ਕੁੜੀਆਂ ਅਕਸਰ ਸੰਗ-ਸ਼ਰਮ ਕਾਰਨ ਆਪਣੇ ਮਾਂ-ਬਾਪ ਨੂੰ ਵਿਆਹ ਬਾਰੇ ਆਖ ਨਹੀਂ ਸਕਦੀਆਂ, ਇਹੀ ਸੁਚੇਤ ਇੱਛਾ ਅਚੇਤ ਮਨ ਵਿਚ ਹਿਸਟੀਰੀਏ ਦਾ ਕਾਰਨ ਬਣ ਜਾਂਦੀ ਹੈ। ਦੌਰੇ ਸਮੇਂ ਅਕਸਰ ਸਾਰੇ ਮੈਂਬਰ ਉਸ ਦਾ ਖਿਆਲ ਰਖਦੇ ਹਨ। ਇਸ ਪ੍ਰਕਾਰ ਉਸਦਾ ਧਿਆਨ ਖਿੱਚਣ ਦਾ ਮਸਲਾ ਵੀ ਕਿਸੇ ਪੱਧਰ ਤੇ ਹੱਲ ਹੋ ਜਾਂਦਾ ਹੈ। ਇਸ ਦੇ ਉਲਟ ਮਰਦ ਲਈ ਅਜਿਹੀ ਸਮੱਸਿਆ ਨਹੀਂ ਹੁੰਦੀ ਸਗੋਂ ਉਹ ਆਪਣੀ ਇੱਛਾ ਸਿੱਧੀ ਹੀ ਦੱਸ ਸਕਦਾ ਹੈ ਜਾਂ ਸਮਾਜਿਕ ਜਾਂ ਗੈਰ ਸਮਾਜਿਕ ਢੰਗ ਨਾਲ ਆਪਣੀ ਇੱਛਾ ਦੀ ਪੂਰਤੀ ਕਰਦਾ ਹੈ। ਇਸੇ ਪ੍ਰਕਾਰ ਵਿਆਹ ਹੋ ਜਾਣ ਮਗਰੋਂ ਔਰਤ ਦੀ ਹਰ ਇੱਛਾ ਮਰਦ ਦੇ ਅਧੀਨ ਹੁੰਦੀ ਹੈ। ਇਸ ਸਥਿਤੀ ਵਿਚ ਅਕਸਰ ਔਰਤ ਆਪਣੇ ਮਨ ਦੀ ਇੱਛਾ ਮਸਲਨ, ਮਰਦ ਨੂੰ ਸ਼ਰਾਬ ਪੀਣ ਤੋਂ ਰੋਕਣਾ ਆਦਿ ਨੂੰ ਮਨ ਵਿਚ ਦਬਾਈ ਰੱਖਦੀ ਹੈ ਅਤੇ ਹਿਸਟੀਰੀਏ ਦੀ ਰੋਗੀ ਬਣ ਜਾਂਦੀ ਹੈ। ਇਸ ਸਬੰਧੀ ਇਕ ਦਿਲਚਸਪ ਕੇਸ ਦੇਖਿਆ ਗਿਆ ਕਿ ਇਕ ਮਰਦ ਸ਼ਰਾਬ ਪੀਣ ਦੀ ਆਦੀ ਸੀ। ਉਹ ਜਦੋਂ ਹੀ ਦਫਤਰੋਂ ਘਰ ਆ ਕੇ ਬਾਹਰ ਨਿਕਲਣ ਲਗਦਾ ਤਾਂ ਔਰਤ ਨੂੰ ਦੌਰਾ ਪੈ ਜਾਂਦਾ ਸੀ। ਰੋਗੀ ਦਾ ਅਸਲ ਮਕਸਦ ਪਤੀ ਨੂੰ ਸ਼ਰਾਬ

ਪੀਣ ਤੋਂ ਰੋਕਣਾ ਸੀ ਪਰ ਉਹ ਸੁਚੇਤ ਪੱਧਰ ਤੇ ਡਰਦੀ ਕੁਝ ਕਹਿ ਨਹੀਂ ਸਕਦੀ ਸੀ। ਇਸੇ ਪੁਸਤਕ ਵਿਚ ਦਰਜ ਕਹਾਣੀ 'ਨਾਨੀ ਬਣਨ ਦੀ ਗਾਥਾ' ਦੀ ਰੋਗੀ ਲੜਕੀ ਵੀ ਹਿਸਟੀਰੀਏ ਰੋਗ ਦਾ ਸ਼ਿਕਾਰ ਸੀ। ਹਿਸਟੀਰੀਏ ਦਾ ਅਸਲ ਕਾਰਨ ਲੱਭ ਕੇ ਇਲਾਜ ਕਰਨ ਨਾਲ ਹੀ ਇਸ ਰੋਗ ਤੋਂ ਪੂਰਨ ਰੂਪ ਵਿਚ ਮੁਕਤੀ ਪਾਈ ਜਾ ਸਕਦੀ ਹੈ, ਵਰਨਾ ਕੁਝ ਦੇਰ ਬਾਅਦ ਰੋਗੀ ਵਿਚ ਇਸ ਦੇ ਲੱਛਣ ਦਿਖਾਈ ਦੇਣ ਲੱਗ ਪੈਂਦੇ ਹਨ। ਹਿਸਟੀਰੀਏ ਦੇ ਮਰੀਜ ਨੂੰ ਬੇਲੋੜੀ ਹਮਦਰਦੀ ਹੋਣੀ, ਰੋਗ ਵਧਾਉਣ ਲਈ ਹੱਲਾ-ਸ਼ੇਰੀ ਸਾਬਤ ਹੁੰਦੀ ਹੈ। ਅਸਥਾਈ ਇਲਾਜ ਲਈ ਵਿਸ਼ਵਾਸ ਵਿਚ ਲੈ ਕੇ ਗੱਲਬਾਤ ਕਰਨੀ ਅਤੇ ਹਿਪਨੋਟਿਜ਼ਮ ਦੇ ਰਾਹੀਂ ਦਿੱਤੇ ਸੁਝਾਅ ਕਾਫੀ ਕਾਰਗਾਰ ਹੁੰਦੇ ਹਨ।

ਉਦਾਸੀ ਰੋਗ

ਹਰ ਵਿਅਕਤੀ ਹੀ ਜ਼ਿੰਦਗੀ ਵਿਚ ਕਦੇ ਨਾ ਕਦੇ ਉਦਾਸ ਹੁੰਦਾ ਹੈ ਪਰ ਬਿਨ੍ਹਾਂ ਕਿਸੇ ਠੋਸ ਕਾਰਨ ਦੇ ਉਦਾਸੀ ਆ ਜਾਣੀ 'ਉਦਾਸੀ ਰੋਗ' ਹੁੰਦਾ ਹੈ। ਉਦਾਸੀ ਰੋਗ ਦੇ ਆਮ ਲੱਛਣ ਹਨ, ਕਿਸੇ ਵੀ ਕੰਮ ਲਈ ਉਤਸ਼ਾਹ ਨਾ ਹੋਣਾ, ਬਿਨ੍ਹਾਂ ਕਿਸੇ ਸਰੀਰਕ ਰੋਗ ਦੇ ਸਰੀਰ ਵਿਚ ਦਰਦਾਂ ਉਠਾਣੀਆਂ ਜਾਂ ਸਖਤ ਕਮਜ਼ੋਰੀ ਮਹਿਸੂਸ ਕਰਨੀ, ਠੀਕ ਨੀਂਦ ਨਾ ਆਉਣੀ, ਭੁੱਖ ਦਾ ਮਰ ਜਾਣਾ, ਰੋ ਪੈਣਾ ਅਤੇ ਇਸ ਦਾ ਸਭ ਤੋਂ ਖਤਰਨਾਕ ਲੱਛਣ ਆਤਮ ਹੱਤਿਆ ਦੀ ਇੱਛਾ ਪੈਦਾ ਹੋਣਾ ਹੈ।

ਉਦਾਸੀ ਰੋਗ ਪੈਦਾ ਹੋਣ ਦਾ ਅਸਲ ਕਾਰਨ ਜ਼ਿੰਦਗੀ ਦੀਆਂ ਇਛਾਵਾਂ ਅਤੇ ਆਪਣੀਆਂ ਸਮਰਥਾਵਾਂ ਵਿਚ ਨਾ ਮੇਟਣ ਵਾਲਾ ਪਾੜਾ ਪੈ ਜਾਣਾ ਹੈ। ਉਦਾਸੀ ਰੋਗ ਮਰਦ ਅਤੇ ਔਰਤਾਂ ਦੋਹਾਂ ਨੂੰ ਹੀ ਹੁੰਦਾ ਹੈ ਪਰ ਮਰਦ ਅਪਣੀਆਂ ਇੱਛਾਵਾਂ ਦੀ ਪੂਰਤੀ ਲਈ ਕਰਮਸ਼ੀਲ ਰਹਿੰਦਾ ਹੈ ਜਦੋਂ ਕਿ ਔਰਤ ਕੋਲ ਕਈ ਵਾਰ ਕਰਮਸ਼ੀਲ ਹੋਣ ਲਈ ਮੌਕੇ ਨਹੀਂ ਹੁੰਦੇ। ਸਿੱਟੇ ਵਜੋਂ ਉਹ ਅੰਦਰੋ ਅੰਦਰੀ ਕੁੜ੍ਹਦੀ ਰਹਿੰਦੀ, ਉਦਾਸੀ ਰੋਗ ਦਾ ਸ਼ਿਕਾਰ ਹੋ ਜਾਂਦੀ ਹੈ। ਔਰਤ ਵਿਚ ਇਸ ਦਾ ਕਾਰਨ ਮਾਹਵਾਰੀ ਸਮੇਂ ਸਰੀਰ ਵਿਚ ਉਤਪੰਨ ਦਰਦ ਅਤੇ ਹਾਰਮੋਨਜ਼ ਵਿਚ ਆਈ ਤਬਦੀਲੀ ਵੀ ਹੋ ਸਕਦਾ ਹੈ। ਇਹ ਰੋਗ ਕਈ ਵਾਰ ਰਜੋ-ਨਵਿਰਤੀ (Menopause) ਸਮੇਂ ਵੀ ਪੈਦਾ ਹੋ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਔਰਤ ਨੂੰ ਬਚਪਨ ਤੋਂ ਲੈ ਕੇ ਸਾਰੀ ਉਮਰ ਇਹੀ ਸਿੱਖਿਆ ਦਿੱਤੀ ਜਾਂਦੀ ਹੈ ਕਿ ਉਸ ਦਾ ਕੰਮ ਸੰਤਾਨ ਉਤਪਤੀ ਕਰਨਾ ਅਤੇ ਪਤੀ ਨੂੰ ਸੰਤੁਸ਼ਟ ਰੱਖਣਾ ਹੈ। ਇਸੇ ਪ੍ਰਕਾਰ ਬੱਚਾ ਪੈਦਾ ਹੋਣ ਤੋਂ ਬਾਅਦ ਵੀ ਕਈ ਵਾਰ ਅਸਥਾਈ ਤੌਰ ਤੇ ਉਦਾਸੀ ਆ ਜਾਂਦੀ ਹੈ। ਇਹ ਉਦਾਸੀ ਮਹੱਤਵਪੂਰਨ ਕੰਮ ਦੇ ਇਕ ਵਾਰ ਖਤਮ ਹੋ ਜਾਣ ਤੋਂ ਬਾਅਦ ਆਪਣੇ ਆਪ ਦੇ ਫਾਲਤੂ ਹੋ ਜਾਣ ਦੇ ਅਹਿਸਾਸ ਨਾਲ ਆਉਂਦੀ ਹੈ। ਆਧੁਨਿਕ ਔਰਤਾਂ ਵਿਚ ਕਈ ਵਾਰ ਸਰੀਰਕ ਬਣਤਰ ਵਿਚ ਵਿਗਾੜ (ਫਿਗਰ ਵਿਚ ਤਬਦੀਲੀ) ਆਉਣ ਨਾਲ ਵੀ ਉਦਾਸੀ ਰੋਗ ਹੋ ਜਾਂਦਾ ਹੈ।

ਇਲਾਜ

ਉਦਾਸੀ ਰੋਗ ਦਾ ਅਸਲ ਇਲਾਜ ਤਾਂ ਉਦਾਸੀ ਦੇ ਜ਼ਾਹਰਾ ਕਾਰਨਾਂ ਦੇ ਪਿਛਲੇ ਲੁਪਤ ਕਾਰਨਾਂ ਨੂੰ ਲੱਭ ਕੇ ਦੂਰ ਕਰਨ ਨਾਲ ਹੀ ਹੁੰਦਾ ਹੈ ਪਰ ਇਹ ਕਾਰਨ ਸਮੁੱਚੇ ਸਮਾਜਿਕ ਤਾਣੇ ਪੇਟੇ ਵਿਚ ਉਲਝੇ ਹੋਣ ਕਰਕੇ ਲੱਭਣੇ ਅਤੇ ਦੂਰ ਕਰਨੇ ਸੰਭਵ ਨਹੀਂ ਹੁੰਦੇ। ਇਸ ਕਰਕੇ ਅਸਥਾਈ ਇਲਾਜ ਦੀ ਜ਼ਰੂਰਤ ਪੈਂਦੀ ਹੈ। ਇਸ ਲਈ ਐਂਟੀ ਡਿਪਰੈਸ਼ਨ ਦਵਾਈਆਂ ਸਾਡੇ ਡਾਕਟਰਾਂ ਵੱਲੋਂ ਇਸਤੇਮਾਲ ਕੀਤੀਆਂ ਜਾਂਦੀਆਂ ਹਨ। ਵਧੇ ਹੋਏ ਦੌਰੇ ਵਿਚ ਬਿਜਲੀ ਦੇ ਝਟਕੇ ਵੀ ਲਗਵਾਏ ਜਾਂਦੇ ਹਨ। ਜੇ ਹਾਰਮੋਨਜ਼ ਵਿਚਲੀਆਂ ਤਬਦੀਲੀਆਂ ਕਾਰਨ ਉਦਾਸੀ ਰੋਗ ਹੋਵੇ ਤਾਂ ਹਾਰਮੋਨਜ਼ ਥੈਰਪੀ ਵੀ ਦਿੱਤੀ ਜਾਂਦੀ ਹੈ। ਇਸ ਦੇ ਉਲਟ ਜੇ ਕਾਰਨ ਸ਼ੁੱਧ ਮਾਨਸਿਕ ਹੋਣ ਤਾਂ ਰੋਗੀ ਨੂੰ ਸਲਾਹ-ਮਸ਼ਵਰਾ ਦੇਣ ਅਤੇ ਉਸਦੇ ਸਮੁੱਚੇ ਮਾਹੌਲ ਵਿਚ ਤਬਦੀਲੀ ਸਹਾਈ ਸਾਬਤ ਹੁੰਦੀ ਹੈ।

ਫੋਬੀਆ

ਫੋਬੀਏ ਵਿਚ ਵਿਅਕਤੀ ਕਿਸੇ ਵਿਸ਼ੇਸ਼ ਵਸਤੂ ਜਾਂ ਘਟਨਾ ਤੋਂ ਹੱਦੋਂ ਵੱਧ ਡਰਦਾ ਹੈ ਅਤੇ ਇਸ ਸਬੰਧੀ ਚਿੰਤਾ ਵਿਚ ਗ੍ਰਸਤ ਰਹਿੰਦਾ ਹੈ। ਬਹੁਤ ਵਾਰੀ ਉਹ ਤਾਰਕਿਕ ਪੱਧਰ ਤੇ ਗੱਲ ਨੂੰ ਸਮਝਦਾ ਹੋਇਆ ਵੀ ਵਿਵਹਾਰ ਵਿਚ ਆਪਣਾ ਡਰ ਛੱਡ ਨਹੀਂ ਸਕਦਾ। ਫੋਬੀਏ ਦੇ ਲੱਛਣਾਂ ਵਿਚੋਂ ਆਮ ਲੱਛਣ - ਜਿਸ ਚੀਜ਼ ਤੋਂ ਜਾਂ ਘਟਨਾ ਤੋਂ ਡਰ ਲਗਦਾ ਹੋਵੇ, ਉਸ ਨੂੰ ਕਰਨ ਤੋਂ ਤੁਰੰਤ ਪਹਿਲਾਂ ਹੀ ਆਪਣੇ ਡਰ ਬਾਰੇ ਐਨਾ ਚੀਕ-ਚਿਹਾੜਾ ਪਾ ਦੇਣਾ ਕਿ ਉਹ ਮਰ ਜਾਵੇਗਾ ਜਾਂ ਬੇਹੋਸ਼ ਹੋ ਜਾਵੇਗਾ। ਇਸ ਲਈ ਉਹ ਮਦਦ ਮੰਗਦਾ ਹੈ। ਫੋਬੀਏ ਦਾ ਅਸਲ ਕਾਰਨ ਕਿਤੇ ਬਚਪਨ ਵਿਚ ਹੀ ਸਬੰਧਤ ਵਸਤੂ ਜਾਂ ਘਟਨਾ ਨਾਲ ਜੁੜਿਆ ਕਸ਼ਟਦਾਇਕ ਅਨੁਭਵ ਹੁੰਦਾ ਹੈ। ਉਦਾਹਰਨ ਵਜੋਂ 'ਨਾਨੀ ਬਣਨ ਦੀ ਗਾਥਾ' ਕਹਾਣੀ ਵਿਚ ਲੜਕੀ ਨੂੰ ਹਰ ਤਰਲ ਡੁੱਲਣ ਨਾਲ ਡਰ ਲੱਗਦਾ ਸੀ। ਇਸ ਦਾ ਕਾਰਨ ਬਚਪਨ ਵਿਚ ਬਾਪ ਵੱਲੋਂ ਉਸ ਤੇ ਮਿੱਟੀ ਦਾ ਤੇਲ ਛਿੜਕਿਆ ਗਿਆ ਤੇ ਇਕ ਵਾਰ ਝਗੜੇ ਸਮੇਂ ਉਸ ਤੇ ਗਰਮ ਦੁੱਧ ਪਾਉਣ ਦੀ ਕੋਸ਼ਿਸ਼ ਕੀਤੀ ਗਈ, ਸਿੱਟੇ ਵਜੋਂ ਉਸ ਦੇ ਮਨ ਵਿਚ ਹਰ ਤਰਲ ਡੁੱਲ੍ਹਣ ਤੋਂ ਫੋਬੀਆ ਬਣ ਗਿਆ। ਮਰਦਾਂ ਦੇ ਮੁਕਾਬਲੇ ਅਕਸਰ ਹੀ ਔਰਤਾਂ ਕੁੱਤਿਆਂ, ਬਿੱਲੀਆਂ, ਚੂਹਿਆਂ, ਸੱਪਾਂ, ਛਿਪਕਲੀਆਂ, ਮੱਕੜੀਆਂ ਜਾਂ ਕਾਕਰੋਚਾਂ ਤੋਂ ਬਹੁਤ ਜ਼ਿਆਦਾ ਡਰਦੀਆਂ ਹਨ। ਮਰਦਾਂ (ਲੜਕਿਆਂ) ਨੂੰ ਇਨ੍ਹਾਂ ਚੀਜ਼ਾਂ ਨਾਲ ਖੇਡਣ ਜਾਂ ਮਾਰਨ ਲਈ ਹੱਲਾਸ਼ੇਰੀ ਦਿੱਤੀ ਜਾਂਦੀ ਹੈ ਜਦੋਂ ਕਿ ਲੜਕੀਆਂ ਨੂੰ ਇਹ ਚੀਜ਼ਾਂ ਡਰਾਉਣ ਲਈ ਵਰਤੀਆਂ ਜਾਂਦੀਆਂ ਹਨ। ਇਸ ਦੇ ਇਲਾਜ ਲਈ ਫੋਬੀਏ ਦਾ ਆਰੰਭਕ ਕਾਰਨ ਲੱਭ ਕੇ ਦੂਰ ਕਰਨਾ ਚਾਹੀਦਾ ਹੈ। । ਆਰੰਭਕ ਕਾਰਨ ਲੱਭ ਕੇ ਵਾਰ ਵਾਰ ਰੋਗੀ ਦੀ ਹਾਜ਼ਰੀ ਵਿਚ ਦੁਹਰਾ ਕੇ ਉਸਨੂੰ ਸਮਝਾਇਆ ਜਾ ਸਕਦਾ ਹੈ। ਸਲਾਹ-ਮਸ਼ਵਰਾ ਅਤੇ ਅਭਿਆਸ ਹੀ ਇਸ

ਵਿਚ ਫਾਇਦੇਮੰਦ ਸਾਬਤ ਹੋ ਸਕਦੇ ਹਨ।

ਖਬਤ, ਚਿੰਤਾ ਰੋਗ ਆਦਿ ਕਈ ਮਾਨਸਿਕ ਬਿਮਾਰੀਆਂ ਪੁਰਸ਼ਾਂ ਵਾਂਗ ਇਸਤਰੀਆਂ ਨੂੰ ਵੀ ਹੁੰਦੀਆਂ ਹਨ ਪਰ ਸਮਾਜਿਕ ਰੁਤਬੇ ਕਾਰਨ ਮਰਦ ਦੇ ਰੋਗ, ਉਸ ਕਦਰ ਗੰਭੀਰ ਨਹੀਂ ਹੁੰਦੇ ਜਿਸ ਕਦਰ ਔਰਤ ਦੇ ਰੋਗ ਗੰਭੀਰ ਬਣ ਜਾਂਦੇ ਹਨ। ਉਦਾਹਰਨ ਵਜੋਂ ਇਕ ਅਫਸਰ ਨੂੰ ਵਾਰ-ਵਾਰ ਹੱਥ ਧੋਣ ਦਾ ਖਬਤ ਸੀ, ਉਸ ਦੇ ਸਾਰੇ ਅਧੀਨ ਮੁਲਾਜ਼ਮ ਉਸ ਨੂੰ ਸਫਾਈ ਪਸੰਦ ਆਖ ਕੇ ਵਡਿਆਉਂਦੇ ਸਨ ਪਰ ਇਸ ਦੇ ਉਲਟ ਇਕ ਘਰੇਲੂ ਔਰਤ ਖਬਤ ਕਾਰਨ ਰੋਜ ਧੋਤੇ ਬਿਸਤਰੇ ਤੇ ਪੈਂਦੀ ਸੀ ਤਾਂ ਸਾਰੇ ਪਰਿਵਾਰ ਦੇ ਮੈਂਬਰ ਉਸ ਦਾ ਮਖੌਲ ਉਡਾਉਂਦੇ ਸਨ।

ਔਰਤਾਂ ਦੇ ਵਿਸ਼ੇਸ਼ ਮਾਨਸਿਕ ਰੋਗ

ਔਰਤਾਂ ਦੇ ਕੁਝ ਵਿਸ਼ੇਸ਼ ਮਾਨਸਿਕ ਰੋਗ ਹਨ ਜਿਹੜੇ ਮਾਹਵਾਰੀ ਸ਼ੁਰੂ ਖਤਮ ਹੋਣ, ਬੱਚੇ ਪੈਦਾ ਹੋਣ, ਜਾਂ ਨਾ ਹੋਣ ਆਦਿ ਨਾਲ ਜੁੜੇ ਹੋਏ ਹਨ। ਇਨ੍ਹਾਂ ਦੇ ਇਲਾਜ ਵੱਲ ਮਨੋਚਕਿਤਸਕਾਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਬਚਪਨ ਵਿਚ ਹੀ ਕਾਮ ਸਬੰਧੀ ਗਲਤ ਸਿੱਖਿਆ ਔਰਤ ਨੂੰ ਕਾਮ ਨਾਲ ਸਬੰਧਤ ਮਾਮਲਿਆਂ ਵਿਚ ਮਾਨਸਿਕ ਰੋਗੀ ਬਣਾ ਦਿੰਦੀ ਹੈ। ਉਦਾਹਰਨ ਵਜੋਂ ਕੁੜੀਆਂ ਦੇ ਮਨ ਵਿਚ 'ਕਾਮ-ਭੁੱਖ' ਨੂੰ ਇਕ ਕੁਦਰਤੀ ਪ੍ਰਵਿਰਤੀ ਵਜੋਂ ਸਮਝਾਉਣ ਦੀ ਥਾਵੇਂ ਮਾਂ-ਬਾਪ, ਇਕ ਗੁਨਾਹ ਵਾਂਗ ਬਿਠਾ ਦਿੰਦੇ ਹਨ, ਜਿਸ ਦੇ ਸਿੱਟੇ ਵਜੋਂ ਕੁੜੀ ਆਪਣੇ ਸਰੀਰਕ ਵਿਕਾਸ, ਖਾਸ ਕਰਕੇ ਜੁਆਨ ਹੋਣ ਸਮੇਂ ਨੂੰ ਨਾਂਹ-ਪੱਖੀ ਰੂਪ ਵਿਚ ਵੇਖਣਾ ਸ਼ੁਰੂ ਕਰ ਦਿੰਦੀ ਹੈ। ਇਸੇ ਪ੍ਰਸੰਗ ਵਿਚ ਉਹ ਮਾਹਵਾਰੀ ਨੂੰ ਕੁਦਰਤੀ ਪ੍ਰਕਿਰਿਆ ਸਮਝਣ ਦੀ ਥਾਂ ਕੁੜੀ ਹੋਣ ਦੇ ਦੋਸ਼ ਵਿਚ ਮਿਲ ਰਹੀ ਸਜ਼ਾ ਸਮਝਣ ਲੱਗ ਪੈਂਦੀ ਹੈ। ਇਸ ਦੇ ਉਲਟ ਲੜਕਿਆਂ ਦੇ ਜਵਾਨ ਹੋਣ ਨੂੰ ਗੌਰਵਮਈ ਸਮਝਿਆ ਜਾਂਦਾ ਹੈ। ਮੁੱਛ-ਫੁੱਟਣ ਤੇ ਲੜਕੇ ਦੇ ਮਾਂ-ਪਿਓ ਹੁੱਬ-ਹੁੱਬ ਕੇ ਗੱਲਾਂ ਕਰਦੇ ਹਨ ਪਰ ਕੁੜੀ ਦੀ ਉਠ ਰਹੀ ਛਾਤੀ ਨੂੰ ਪਰਿਵਾਰ ਲਈ ਮੁਸੀਬਤ ਖਿਆਲ ਕੀਤਾ ਜਾਂਦਾ ਹੈ। ਇਕ ਗੁਨਾਹ ਦੇ ਅਹਿਸਾਸ ਥੱਲੇ ਕੁੜੀ ਪੀਸੀ ਜਾਂਦੀ ਹੈ। ਇੰਜ ਉਸ ਦੇ ਕੁਦਰਤੀ ਵਿਕਾਸ ਤੇ ਸਮਾਜ ਵੱਲੋਂ ਬੰਨ ਮਾਰ ਦਿੱਤਾ ਜਾਂਦਾ ਹੈ। ਲੜਕਾ ਆਪਣੇ ਮਨ ਦੀਆਂ ਖਾਹਿਸ਼ਾਂ ਸ਼ਰੇਆਮ ਦਸਦਾ ਹੈ ਤਾਂ ਇਹ ਗੱਲ ਮਾਣ ਵਾਲੀ ਸਮਝੀ ਜਾਂਦੀ ਹੈ ਪਰ ਲੜਕੀ ਸਭ ਕੁਝ ਮਨ ਅੰਦਰ ਦਬਾਈ ਰੱਖਦੀ ਹੈ। ਉਦਾਹਰਨ ਵਜੋਂ 'ਮੈਂ ਨਹੀਂ ਜਾਣਾ ਪਾਗਲ ਦੇ ਨਾਲ' ਕਹਾਣੀ ਵਿਚਲੀ ਲੜਕੀ ਜੇਕਰ ਲੜਕਾ ਹੁੰਦੀ ਤਾਂ ਉਸ ਨੂੰ ਮਾਨਸਿਕ ਰੋਗੀ ਬਣਨ ਦੀ ਕੋਈ ਜ਼ਰੂਰਤ ਨਹੀਂ ਸੀ ਸਗੋਂ ਉਹ ਬੜੇ ਆਰਾਮ ਨਾਲ ਰਿਸ਼ਤਾ ਛੱਡਣ ਬਾਰੇ ਆਖ ਸਕਦੀ ਸੀ। ਪਰ ਕੁੜੀ ਹੋਣ ਕਰਕੇ ਉਸ ਨੇ ਗੱਲ ਅੰਦਰੇ ਅੰਦਰ ਦਬਾਈ ਰੱਖੀ ਜੋ ਮਾਨਸਿਕ ਰੋਗ ਬਣਕੇ ਬਾਹਰ ਆਈ। ਇਸੇ ਪ੍ਰਕਾਰ ਵਿਆਹੀ ਵਰੀ ਔਰਤ ਵੀ ਆਪਣੇ ਪਤੀ ਨੂੰ ਕਾਮੁਕ ਭੁੱਖ ਬਾਰੇ ਨਹੀਂ ਦੱਸ ਸਕਦੀ, ਜਿਸ ਦੇ ਸਿੱਟੇ ਵਜੋਂ 'ਕੰਨ ਦਾ ਭੂਤ' ਵਰਗੇ ਕੇਸ ਹੋਂਦ ਵਿਚ ਆਉਂਦੇ ਹਨ। ਇਸੇ

ਪ੍ਰਕਾਰ ਔਰਤਾਂ ਬਿਨਾਂ ਕੁਝ ਬੋਲੇ, ਅਨਪੜ੍ਹ, ਬੇਅਕਲ ਮਰਦਾਂ ਨਾਲ ਰਹਿ ਜਾਂਦੀਆਂ ਹਨ ਤੇ ਉਨ੍ਹਾਂ ਦੇ ਮਨ ਅੰਦਰ ਉਤਪੰਨ ਹੁੰਦੀ ਖਿਝ ਅਤੇ ਗੁੱਸਾ ਮਾਨਸਿਕ ਰੋਗ ਬਣਕੇ ਬਾਹਰ ਨਿਕਲਦਾ ਹੈ। ਜਵਾਨੀ ਦੀ ਉਮਰ ਵਿਚ ਮੁੰਡੇ ਜਾਂ ਕੁੜੀ ਵਿਚੋਂ ਦੋਸ਼ ਕਿਸੇ ਦਾ ਵੀ ਹੋਵੇ ਪਰ ਸਜ਼ਾ ਹਮੇਸ਼ਾ ਕੁੜੀ ਨੂੰ ਹੀ ਮਿਲਦੀ ਹੈ। 'ਕਿਹੜਾ ਦਰਦ ਸੁਣੇ' ਕਹਾਣੀ ਵਿਚਲੀ ਲੜਕੀ ਨੂੰ ਇਕ ਪਾਸੇ ਤਾਂ ਗੁੰਡੇ ਜਬਰਦਸਤੀ ਉਠਾ ਕੇ ਲੈ ਜਾਂਦੇ ਹਨ, ਦੂਜੇ ਪਾਸੇ ਮਾਪਿਆਂ ਸਮੇਤ ਸਾਰਾ ਸਮਾਜ ਕੁੜੀ ਨੂੰ ਦੋਸ਼ੀ ਟਿੱਕ ਦਿੰਦਾ ਹੈ। ਉਸ ਦੀ ਪੜਾਈ ਲਿਖਾਈ ਬੰਦ ਕਰਵਾਈ ਗਈ। ਉਸ ਨੂੰ ਘਟੀਆ ਸ਼ਰਮਨਾਕ ਵਿਸ਼ੇਸ਼ਣਾ ਨਾਲ ਸੰਬੋਧਨ ਕੀਤਾ ਜਾਂਦਾ ਹੈ। ਲਿੰਗ ਵਿਤਕਰਾ ਹਰ ਪੱਧਰ ਤੇ ਕੀਤਾ ਜਾਂਦਾ ਹੈ। 'ਭੂਤ ਨੇ ਬੰਦੂਕ ਤੋੜ ਦਿੱਤੀ' ਦੀ ਮਾਨਸਿਕ ਰੋਗੀ ਨੂੰ ਘਰ ਦੀ ਪ੍ਰਚੱਲਤ ਧਾਰਨਾ 'ਕੁੜੀਆਂ ਨੂੰ ਖਾਣਾ ਪੀਣਾ ਸ਼ੋਭਾ ਨਹੀਂ ਦਿੰਦਾ' ਅਨੁਸਾਰ ਚੰਗਾ ਖਾਣ ਪੀਣ ਤੋਂ ਵੰਚਿਤ ਕੀਤਾ ਗਿਆ ਤੇ ਸਿੱਟੇ ਵਜੋਂ ਉਹ ਵਿਰੋਧ ਵਿਚ ਮਾਨਸਿਕ ਰੋਗੀ ਬਣ ਕੇ ਕੀਮਤੀ ਦੇਸੀ ਘਿਓ ਖਰਾਬ ਕਰਨ ਲੱਗ ਪਈ, ਚੋਰੀਓਂ ਮਲਾਈ ਲਾਹ ਕੇ ਖਾਣ ਲੱਗੀ। ਅੜਬ ਸੁਭਾਅ ਦੇ ਮੁੰਡੇ ਦੀਆਂ ਗਲਤ ਗੱਲਾਂ ਵੀ ਪਰਿਵਾਰ ਵਿਚ ਪ੍ਰਵਾਨਤ ਸਨ ਪਰ ਬੇਕਸੂਰ ਲੜਕੀ ਤੇ ਪਾਬੰਦੀਆਂ ਦੇ ਨਾਲ ਕੁੱਟਮਾਰ ਵੀ ਕੀਤੀ ਜਾਂਦੀ। 'ਉੱਡਣ ਪਰੀ ਦੀ ਧਰਤ ਗਾਥਾ' ਦੀ ਦੋਸ਼ੀ ਲੜਕੀ ਐਕਟਰ ਬਣਨਾ ਚਾਹੁੰਦੀ ਸੀ ਪਰ ਘਰਦਿਆਂ ਨੇ ਪੜ੍ਹਨ-ਲਿਖਣ ਵੱਲ ਉਤਸ਼ਾਹਿਤ ਕਰਨ ਦੀ ਥਾਂ ਸਿਰੋਂ ਭਾਰ ਲਾਹੁਣ ਯੋਗ ਸਮਝਿਆ ਕਿਉਂਕਿ ਕੁਝ ਬਣਨ ਮਗਰੋਂ ਵੀ ਬਿਗਾਨੇ ਘਰ ਹੀ ਜਾਣਾ ਹੁੰਦਾ ਹੈ। ਪਰ ਲੜਕੇ ਨਾਲ ਕਿਧਰੇ ਵੀ ਅਜਿਹਾ ਵਤੀਰਾ ਨਹੀਂ ਰੱਖਿਆ ਜਾਂਦਾ।

ਔਰਤਾਂ ਦੇ ਮਾਨਸਿਕ ਰੋਗਾਂ ਵਿਚ ਇਕ ਅਹਿਮ ਰੋਗ ਸਕੀਜ਼ੋਫਰੇਨੀਆ ਹੈ। ਅਸਲ ਵਿਚ ਇਹ ਰੋਗ ਮਰਦਾਂ ਨੂੰ ਵੀ ਹੁੰਦਾ ਹੈ ਪਰ ਔਰਤ ਦੀ ਜ਼ਿੰਦਗੀ ਨੂੰ ਸਕੀਜ਼ੋਫਰੇਨਿਕ ਬਨਾਉਣ ਦਾ ਕੰਮ ਤਾਂ ਅਚੇਤੇ ਬਚਪਨ ਵਿਚ ਸ਼ੁਰੂ ਕਰ ਦਿੱਤਾ ਜਾਂਦਾ ਹੈ। ਜਦੋਂ ਉਸਨੂੰ 'ਅਗਲੇ ਘਰ' ਜਾਣ ਦਾ ਵਾਰ ਵਾਰ ਪਾਠ ਪੜ੍ਹਾਇਆ ਜਾਂਦਾ ਹੈ। ਉਸ ਲਈ ਇੱਕ ਪੇਕਿਆਂ ਦਾ ਯਥਾਰਥਕ ਘਰ ਹੁੰਦਾ ਹੈ, ਇਕ ਉਸਦੇ ਪਰਿਵਾਰ ਵਲੋਂ ਦੱਸਿਆ ਹੋਇਆ ਹਊਆ ਕਿਸਮ ਦਾ ਸਹੁਰਾ ਘਰ ਹੁੰਦਾ ਹੈ। ਇਕ ਘਰ ਉਹ ਵੀ ਹੁੰਦਾ ਹੈ , ਆਪਣੇ ਸੁਪਨਿਆਂ ਦਾ ਘਰ ਜੋ ਉਹ ਖੁਦ ਬੁਣਦੀ ਹੈ। ਇਸ ਪ੍ਰਕਾਰ ਉਹ ਆਪਣੇ ਵਿਆਹ ਹੋਣ ਤੱਕ ਪੇਕੇ ਘਰ ਨਾਲ ਯਥਾਰਥਕ ਪੱਧਰ ਤੇ ਤਾਂ ਜੁੜੀ ਹੁੰਦੀ ਹੈ ਪਰ ਮਾਨਸਿਕ ਪੱਧਰ ਤੇ ਮੁਟਿਆਰ ਹਰ ਸਮੇਂ ਆਪਣੇ ਭਵਿੱਖ ਬਾਰੇ ਜਾਣਨ ਲਈ ਤਰਲੋਮੱਛੀ ਹੋਈ ਹਰ ਜੋਤਿਸ਼ੀ ਅੱਗੇ ਹੱਥ ਦੀਆਂ ਲਕੀਰਾਂ ਪੜ੍ਹਾਉਣ ਬੈਠ ਜਾਂਦੀ ਹੈ। ਭਵਿੱਖ ਦੀ ਅਨਿਸ਼ਚਿਤਤਾ ਉਸ ਨੂੰ ਭਵਿੱਖ ਦੱਸਣ ਵਾਲਿਆਂ ਦੇ ਵਹਿਮੀ ਚੁੰਗਲ ਜਾਲ ਵਿਚ ਫਸਾ ਦਿੰਦੀ ਹੈ। ਭਵਿੱਖ ਬਾਰੇ ਚਿੰਤਾ ਵਿਚ ਗ੍ਰਸਤ, ਦੁਫਾੜ ਹੋਈ ਸਖਸ਼ੀਅਤ ਦਾ ਜਦੋਂ ਸੱਚਮੁੱਚ ਨਵੇਂ ਘਰ ਵਿਚ ਅਸਲੋਂ ਨਵੇਂ ਵਿਅਕਤੀ ਨਾਲ ਵਾਹ ਪੈਂਦਾ ਹੈ ਤਾਂ ਉਹ ਕਈ ਵਾਰ ਮਾਨਸਿਕ ਸੰਤੁਲਨ

ਵਿਗਾੜ ਬੈਠਦੀ ਹੈ। ਉਹ ਅਚੇਤੇ ਹੀ ਪੇਕਿਆਂ ਦੀ ਸਹੁਰੇ ਘਰ ਨਾਲ ਤੁਲਨਾ ਕਰਦੀ ਰਹਿੰਦੀ ਹੈ। ਨਵੇਂ ਮਾਹੌਲ ਵਿਚ ਸਮਾਯੋਜਨ ਲੱਭਦੀ ਹੈ। ਥੋੜ੍ਹੀ ਜਿੰਨੀ ਥਿੜਕਣ ਵੀ ਉਸਨੂੰ ਸਹਿਜ ਮਾਨਸਿਕ ਪੱਧਰ ਤੋਂ ਥਿੜਕਾਉਣ ਲਈ ਕਾਫੀ ਹੁੰਦਾ ਹੈ। ਸੋ ਜਿੰਨੀ ਦੇਰ ਤੱਕ ਪਿਆਰ ਵਿਆਹ ਆਮ ਨਹੀਂ ਹੁੰਦੇ, ਉਤਨੀ ਦੇਰ ਤੱਕ ਸੁਭਾਅ ਦਾ ਟਕਰਾਅ ਹੋਣ ਕਰਕੇ ਔਰਤ ਦੇ ਮਾਨਸਿਕ ਰੋਗੀ ਬਣ ਜਾਣ ਦੀਆਂ ਸੰਭਾਵਨਾਵਾਂ ਕਾਇਮ ਰਹਿਣਗੀਆਂ।

ਵਿਆਹ ਮਗਰੋਂ ਨਵੇਂ ਪਰਿਵਾਰ ਵਿਚ ਰਚਣ ਮਿਚਣ ਸਮੇਂ ਦਾਜ ਵੀ ਇਕ ਅਹਿਮ ਸਮੱਸਿਆ ਬਣ ਜਾਂਦਾ ਹੈ। ਇਸ ਦਾਜ ਪਿੱਛੇ ਤਾਅਨੇ-ਮਿਹਨੇ ਦੇਣੇ, ਬਹਾਨੇ ਨਾਲ ਕੰਮ ਵਿਚ ਨੁਕਸ ਕੱਢਣੇ, ਹੋਰਨਾਂ ਘਰਾਂ ਵਿਚ ਆਏ, ਨਾ ਆਏ ਦਾਜ ਦੀਆਂ ਸੁਣਾ ਸੁਣਾ ਕੇ ਗੱਲਾਂ ਕਰਨੀਆਂ, ਧਮਕੀਆਂ ਦੇਣੀਆਂ, ਰੁੱਖਾ ਵਰਤਾਓ ਕਰਨਾ ਆਦਿ ਸਭ ਮਿਲ ਕੇ ਕਈ ਵਾਰ ਔਰਤ ਨੂੰ ਡੂੰਘੀ ਚਿੰਤਾ ਅਤੇ ਉਦਾਸੀ ਵਿਚ ਸੁੱਟ ਦਿੰਦਾ ਹੈ ਅਤੇ ਕਈ ਵਾਰ ਅਜਿਹੀ ਸਥਿਤੀ ਵਿਚ ਕੁੜੀ ਘੋਰ ਉਦਾਸੀ ਵਿਚ ਆਤਮਘਾਤ ਕਰ ਬੈਠਦੀ ਹੈ। ਇਸ ਸਥਿਤੀ ਦੇ ਬਚਾਓ ਲਈ ਲੜਕੀ ਨੂੰ ਆਰੰਭ ਤੋਂ ਸਵੈਮਾਣ ਨਾਲ ਆਪਣੇ ਪੈਰਾਂ ਸਿਰ ਖੜੀ ਹੋਣ ਲਈ ਸਿਖਿਅਤ ਕਰਨਾ ਬਹੁਤ ਜ਼ਰੂਰੀ ਹੈ। ਇਸ ਦੇ ਨਾਲ ਹੀ ਉਸ ਨੂੰ ਲੋੜ ਅਨੁਸਾਰ ਓਪਰੇ ਘਰ ਵਿਚ ਰਚਣ ਮਿਚਣ ਅਤੇ ਯੋਗ ਵਰਤਾਓ ਕਰਨ ਦੀ ਅਭਿਆਸੀ ਬਨਾਉਣਾ ਵੀ ਜ਼ਰੂਰੀ ਹੈ।ਅਜਿਹਾ ਅਭਿਆਸ ਵਿਆਹ ਪੂਰਵਲੀ ਜ਼ਿੰਦਗੀ ਵਿਚ ਸਮਾਜਿਕ ਸਰਗਰਮੀ ਵਾਲੇ ਕੰਮ ਕਰਦਿਆਂ ਹੀ ਹਾਸਲ ਕੀਤਾ ਜਾ ਸਕਦਾ ਹੈ। ਸੋ ਜੇ ਮਾਪੇ ਲੜਕੀ ਦਾ ਭਲਾ ਚਾਹੁੰਦੇ ਹਨ ਤਾਂ ਲੜਕੀ ਨੂੰ ਘਰ ਦੀ ਵਲਗਣ ਵਿਚ ਕੈਦ ਰੱਖਣ ਦੀ ਥਾਂ ਸਮਾਜਕ ਵਰਤੋਂ ਵਿਹਾਰ ਸਿੱਖਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਇਕ ਹੋਰ ਬਹੁਤ ਮਹੱਤਵਪੂਰਨ ਗੱਲ ਹੈ ਕਿ ਔਰਤਾਂ ਜਦੋਂ ਮਾਨਸਿਕ ਰੋਗੀ ਬਣਦੀਆਂ ਹਨ ਤਾਂ ਸ਼ੁਰੂ ਵਿਚ ਥੋੜ੍ਹੀਆਂ ਰੋਗੀ ਹੁੰਦੀਆਂ ਹਨ ਪਰ ਡੇਰਿਆਂ, ਬਾਬਿਆਂ, ਸਾਧਾਂ ਦੇ ਕੋਲ ਜਾ ਕੇ ਵੱਧ ਰੋਗੀ ਬਣ ਜਾਂਦੀਆਂ ਹਨ। ਇਸ ਦੇ ਮਨੋਵਿਗਿਆਨਕ ਕਾਰਨ ਹਨ। ਸਭ ਤੋਂ ਪਹਿਲੀ ਗੱਲ ਜਿਸ ਔਰਤ ਨੇ ਕਦੇ ਕੋਈ ਮਾਨਸਿਕ ਰੋਗੀ ਖੇਡਦਾ ਨਹੀਂ ਦੇਖਿਆ, ਉਤਨੀ ਦੇਰ ਤੱਕ ਉਸ ਨੂੰ ਹਿਸਟੀਰੀਏ ਦਾ ਗੁੰਮ-ਸੁੰਮ ਦੌਰਾ ਤਾਂ ਪੈ ਸਕਦਾ ਹੈ ਪਰ ਉਸਦੇ ਖੇਡਣ ਦੇ ਚਾਂਸ ਬਹੁਤ ਘੱਟ ਹੁੰਦੇ ਹਨ ਪਰ ਜਦੋਂ ਉਹ ਕਿਸੇ ਸਾਧ ਦੇ ਡੇਰੇ ਤੇ ਇਕ ਵਾਰ ਚੌਕੀ ਤੇ ਖੇਡਦੇ ਮਾਨਸਿਕ ਰੋਗੀ ਨੂੰ ਵੇਖ ਲੈਂਦੀ ਹੈ ਤਾਂ ਉਸਨੂੰ ਆਪਣਾ ਵਿਵਹਾਰ ਸ਼ਰਮਨਾਕ ਲੱਗਣ ਦੀ ਥਾਂ ਸਮਾਜਕ ਪੱਧਰ ਤੇ ਪ੍ਰਵਾਨ ਜਾਪਣ ਲੱਗ ਪੈਂਦਾ ਹੈ। ਇਸੇ ਪ੍ਰਕਾਰ ਕਈ ਵਾਰ ਚੇਲਿਆਂ ਸਾਧਾਂ ਦੇ ਡੇਰਿਆਂ ਤੇ ਸਮਾਜਿਕ ਓਹਲੇ ਅਧੀਨ ਕਾਮੁਕ ਸੋਸ਼ਣ ਕੀਤਾ ਜਾਂਦਾ ਹੈ, ਜਿਸ ਨਾਲ ਦੋਹਰੇ ਡਰ ਅਧੀਨ ਔਰਤਾਂ ਪੱਕੀਆਂ ਮਰੀਜ/ਮੁਰੀਦ ਬਣ ਜਾਂਦੀਆਂ ਹਨ। ਇਸੇ ਪ੍ਰਕਾਰ ਡੇਰਿਆਂ

ਵਿਚ ਹੁੰਦੇ ਕੁਕਰਮ ਦੇਖ ਕੇ ਉਹ ਖੁਦ ਮਾਨਸਿਕ ਰੋਗੀਆਂ ਦੇ ਨਾਲ ਨਾਲ ਸਮਾਜਿਕ ਅਪਰਾਧਣਾਂ ਵੀ ਬਣ ਜਾਂਦੀਆਂ ਹਨ। ਇਸੇ ਪ੍ਰਕਾਰ ਦਾ ਇਕ ਕੇਸ 'ਧੌਲੀਧਾਰ ਨੇ ਪਾਗਲ ਕੀਤੀ' ਜਿਸ ਵਿਚ ਇਕ ਸਾਧਾਰਨ ਮਾਨਸਿਕ ਰੋਗੀ ਔਰਤ ਨੂੰ ਧੌਲੀਧਾਰ ਹੇਠ ਨੰਗੀ ਨਹਾ ਕੇ ਗੰਭੀਰ ਮਾਨਸਿਕ ਰੋਗਣ ਵਿਚ ਬਦਲ ਦਿੱਤਾ। ਇਸ ਦਾ ਅਤਿ ਘਿਨਾਉਣਾ ਰੂਪ ਹੈ 'ਚੇਲਿਆ ਦੀਆਂ ਕਰਤੂਤਾਂ'। ਇਕ ਨਾਬਾਲਗ ਲੜਕੀ ਦਾ ਕਾਮੁਕ ਸੋਸ਼ਣ ਜਿਸ ਨੇ ਉਸ ਨੂੰ ਗੰਭੀਰ ਮਾਨਸਿਕ ਤੇ ਸਰੀਰਕ ਰੋਗੀ ਬਣਾ ਦਿੱਤਾ। ਸੋ ਸਾਡੇ ਸਮਾਜ ਵਿਚ ਇਹ ਇਕ ਵੱਡੀ ਸਮੱਸਿਆ ਹੈ ਕਿ ਔਰਤ ਨੂੰ ਮਾਨਸਿਕ ਰੋਗੀ ਬਣਾਉਣ ਵਿਚ ਇਹ ਪਰੰਪਰਿਕ ਸਾਧਾਂ-ਚੇਲਿਆਂ ਦੀ ਸੰਸਥਾ ਅਹਿਮ ਰੋਲ ਅਦਾ ਕਰਦੀ ਹੈ। ਸੋ ਮਾਨਸਿਕ ਰੋਗੀ ਨੂੰ ਕਿਸੇ ਵੀ ਹਾਲਤ ਵਿਚ ਸਾਧਾਂ-ਚੇਲਿਆਂ ਦੇ ਚੱਕਰ ਵਿਚ ਜਾਣ ਤੋਂ ਰੋਕਣਾ ਚਾਹੀਦਾ ਹੈ ਕਿਉਂਕਿ ਅਜਿਹਾ ਕਰਨ ਨਾਲ ਸਧਾਰਨ ਠੀਕ ਹੋ ਜਾਣ ਵਾਲੇ ਮਾਨਸਿਕ ਰੋਗ, ਗੰਭੀਰ ਲਾ-ਇਲਾਜ ਰੋਗਾਂ ਵਿਚ ਬਦਲ ਜਾਂਦੇ ਹਨ।

ਸਰੀਰਕ ਰੋਗ

ਔਰਤਾਂ ਵਿਚ ਹੋਣ ਵਾਲੇ ਮਾਨਸਿਕ ਰੋਗਾਂ ਦਾ ਅਸਲ ਕਾਰਨ ਸਰੀਰਕ ਰੋਗਾਂ ਵਿਚ ਛੁਪਿਆ ਹੋਇਆ ਵੀ ਹੋ ਸਕਦਾ ਹੈ। ਆਮ ਕਰਕੇ ਔਰਤਾਂ ਦੀ ਖਾਧ-ਖੁਰਾਕ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ। ਇਸੇ ਕਰਕੇ ਉਨ੍ਹਾਂ ਦੀ ਆਮ ਸਿਹਤ ਮਰਦ ਦੇ ਮੁਕਾਬਲੇ ਕਮਜ਼ੋਰ ਰਹਿੰਦੀ ਹੈ। ਬਹੁਤੀ ਵਾਰੀ ਔਰਤ ਦੀਆਂ ਸਰੀਰਕ ਬਿਮਾਰੀਆਂ ਸਬੰਧੀ ਨਾ ਤਾਂ ਉਹ ਖੁਦ ਚੇਤਨ ਹੁੰਦੀ ਹੈ ਤੇ ਨਾ ਹੀ ਪਰਿਵਾਰ ਵੱਲੋਂ ਲੋੜੀਂਦਾ ਧਿਆਨ ਦਿੱਤਾ ਜਾਂਦਾ ਹੈ। ਸੋਸਾਇਟੀ ਵੱਲੋਂ ਕੇਸ ਹੱਲ ਕਰਦਿਆਂ ਵੇਖਿਆ ਗਿਆ ਕਿ ਅੱਧੇ-ਵੱਧ ਮਾਨਸਿਕ ਰੋਗੀ ਔਰਤਾਂ ਅਨੀਮੀਏ (ਖੂਨ ਦੀ ਕਮੀ) ਦੀ ਬਿਮਾਰੀ ਦਾ ਸ਼ਿਕਾਰ ਸਨ। ਮਾਨਸਿਕ ਰੋਗਾਂ ਦੇ ਮਾਹਰ ਡਾਕਟਰਾਂ ਨਾਲ ਸਲਾਹ ਕਰਨ ਤੇ ਪਤਾ ਲੱਗਿਆ ਕਿ ਅਨੀਮੀਏ ਕਾਰਨ ਵੀ ਦੌਰੇ ਅਤੇ ਮਾਨਸਿਕ ਭਰਮ ਪੈਦਾ ਹੋ ਸਕਦੇ ਹਨ। ਅਨੀਮੀਏ ਤੋਂ ਬਾਅਦ ਦੂਜੀ ਵੱਡੀ ਬਿਮਾਰੀ ਮਿਹਦੇ ਦਾ ਤੇਜ਼ਾਬੀਪਣ ਹੈ ਜਿਸ ਨੂੰ ਅਕਸਰ ਔਰਤਾਂ 'ਅੰਦਰੋਂ ਕੋਈ ਚੀਜ' ਖਾਂਦੀ ਰਹਿੰਦੀ ਹੈ ਆਖਦੀਆਂ ਹਨ। ਇਸੇ ਪ੍ਰਕਾਰ ਹੋਰ ਬਹੁਤ ਸਾਰੀਆਂ ਸਰੀਰਕ ਬਿਮਾਰੀਆਂ, ਮਾਨਸਿਕ ਬਿਮਾਰੀਆਂ ਲਈ ਆਧਾਰ ਜੁਟਾਉਂਦੀਆਂ ਹਨ। ਸੋ ਜ਼ਰੂਰਤ ਹੈ, ਔਰਤਾਂ ਦੀ ਆਮ ਸਿਹਤ ਸੁਧਾਰਨ ਲਈ ਚੰਗੀ ਖੁਰਾਕ ਵੱਲ ਧਿਆਨ ਦਿੱਤਾ ਜਾਵੇ।

ਅਸਲ ਵਿਚ ਇਸ ਪੁਸਤਕ ਵਿਚ ਦਰਜ ਕੇਸਾਂ ਨੂੰ ਹੱਲ ਕਰਨ ਅਤੇ ਔਰਤਾਂ ਬਾਰੇ ਹੋਰ ਅਧਿਐਨ ਕਰਨ ਉਪਰੰਤ ਔਰਤ ਦੇ ਮਾਨਸਿਕ ਰੋਗਾਂ ਬਾਰੇ ਇਹ ਪੱਕੀ ਧਾਰਨਾ ਬਣ ਰਹੀ ਹੈ ਕਿ ਔਰਤਾਂ ਦੇ ਮਾਨਸਿਕ ਰੋਗਾਂ ਪਿੱਛੇ ਇਕੱਲੀ ਇਕਹਿਰੀ ਔਰਤ ਜਾਂ ਪਰਿਵਾਰ ਜ਼ਿੰਮੇਵਾਰ ਹੋਣ ਦੀ ਥਾਂ ਸਾਰਾ ਸਮਾਜ ਜ਼ਿੰਮੇਵਾਰ ਹੈ। ਸੋ ਇਲਾਜ ਸਮੁੱਚੇ ਸਮਾਜ ਦਾ ਕਰਨਾ ਚਾਹੀਦਾ ਹੈ। ਤਤਕਾਲੀ ਰਾਹਤ ਪਹੁੰਚਾਉਣ ਲਈ ਲੱਛਣਾਂ ਨੂੰ

ਪੈਦਾ ਕਰਨ ਵਾਲੇ ਤਤਕਾਲੀ ਕਾਰਨ ਦੂਰ ਕੀਤੇ ਜਾ ਸਕਦੇ ਹਨ ਪਰ ਇਹ ਸਦੀਵੀ ਹੱਲ ਨਹੀਂ ਹੈ। ਜਿੰਨੀ ਦੇਰ ਲਿੰਗ-ਵਿਤਕਰਾ ਮੌਜੂਦ ਹੈ ਕੁੜੀਆਂ ਦੇ ਬਾਲ ਮਨ ਤੋਂ ਹੀ ਗੁੰਝਲਾਂ ਪੈਣੀਆਂ ਰੋਕੀਆਂ ਨਹੀਂ ਜਾ ਸਕਦੀਆਂ। ਜਿੰਨਾ ਚਿਰ ਮੁੰਡੇ ਕੁੜੀ ਨੂੰ ਸਮਾਨ ਆਜ਼ਾਦੀ ਨਹੀਂ ਦਿੱਤੀ ਜਾਂਦੀ ਓਨੀ ਦੇਰ ਲੜਕੀਆਂ ਆਪਣੇ ਮਨ ਦੀ ਗੱਲ ਨੂੰ ਮਨ ਅੰਦਰ ਦਬਾ ਕੇ ਮਾਨਸਿਕ ਰੋਗੀ ਬਣਦੀਆਂ ਰਹਿਣਗੀਆਂ। ਜਿੰਨੀ ਦੇਰ ਸਾਡੇ ਪਰਿਵਾਰ ਦਾ ਮੌਜੂਦਾ ਮਰਦ ਪ੍ਰਧਾਨ ਪ੍ਰਬੰਧ ਚਲਦਾ ਰਹੇਗਾ, ਉਤਨੀ ਦੇਰ ਘਰੋਂ ਅਲੱਗ ਹੋਣ ਦੀ ਸਮੱਸਿਆ ਬਰਕਰਾਰ ਰਹੇਗੀ।

ਸੋ ਇਸ ਪ੍ਰਕਾਰ ਸਪਸ਼ਟ ਹੋ ਜਾਂਦਾ ਹੈ ਕਿ ਔਰਤਾਂ ਦੇ ਮਾਨਸਿਕ ਰੋਗਾਂ ਦਾ ਸਦੀਵੀ ਹੱਲ ਤਾਂ ਔਰਤਾਂ ਦੀਆਂ ਸਮੱਸਿਆਵਾਂ ਹੱਲ ਕਰਨ ਨਾਲ ਜੁੜਿਆ ਹੋਇਆ ਹੈ। ਸੋ ਆਓ ਆਪਾਂ ਇਕ ਆਰਥਿਕ ਬਰਾਬਰੀ ਵਾਲੇ ਸਮਾਜ ਦੇ ਨਾਲ ਲਿੰਗ ਬਰਾਬਰਤਾ ਦੇ ਆਧਾਰ ਤੇ ਵੀ ਸਾਵਾਂ ਅਗਾਂਹਵਧੂ ਸਿਹਤਮੰਦ ਸਮਾਜ ਸਿਰਜਣ ਲਈ ਅੱਗੇ ਵਧੀਏ।

***

ਸੁਝਾਅ

ਔਰਤਾਂ ਦੀਆਂ ਮਾਨਸਿਕ ਸਮੱਸਿਆਵਾਂ ਅਤੇ ਸਮੁੱਚੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਹੇਠ ਲਿਖੇ ਅਨੁਸਾਰ ਕੁਝ ਸੁਝਾਅ ਦਿੱਤੇ ਜਾ ਰਹੇ ਹਨ :

1. ਔਰਤਾਂ ਦੀਆਂ ਮਾਨਸਿਕ ਸਮੱਸਿਆਵਾਂ ਅਸਲ ਵਿਚ ਔਰਤਾਂ ਦੀਆਂ ਸਮੁੱਚੀਆਂ ਸਮੱਸਿਆਵਾਂ ਨਾਲ ਜੁੜੀਆਂ ਹੋਈਆਂ ਹਨ ਅਤੇ ਜਿੰਨਾਂ ਚਿਰ ਔਰਤ ਦੀ ਸਮੁੱਚੀ ਦੂਜੈਲੀ ਸਥਿਤੀ ਖਤਮ ਨਹੀਂ ਹੁੰਦੀ ਓਨੀ ਦੇਰ ਤੱਕ ਔਰਤਾਂ ਦੀਆਂ ਮਾਨਸਿਕ ਸਮੱਸਿਆਵਾਂ ਵੀ ਪੂਰੀ ਤਰ੍ਹਾਂ ਹੱਲ ਨਹੀਂ ਹੋ ਸਕਦੀਆਂ। ਇਸ ਲਈ ਸਮੁੱਚੇ ਰੂਪ ਵਿਚ ਇਕ ਅਜਿਹਾ ਸਮਾਜ ਸਿਰਜਣ ਦੀ ਜ਼ਰੂਰਤ ਹੈ ਜਿਸ ਵਿਚ ਔਰਤ-ਮਰਦ ਦੋਵੇਂ ਬਗੈਰ ਕਿਸੇ ਵਿਤਕਰੇ ਅਤੇ ਦਬਾਅ ਤੋਂ ਮਾਨਵੀ ਆਣ-ਸ਼ਾਨ ਨੂੰ ਕਾਇਮ ਰਖ ਕੇ ਗੌਰਵਮਈ ਜ਼ਿੰਦਗੀ ਜਿਉਂ ਸਕਣ।
2. ਔਰਤਾਂ ਦੀਆਂ ਸਮੱਸਿਆਵਾਂ ਦਾ ਸਿੱਧਾ ਸਬੰਧ ਔਰਤਾਂ ਨਾਲ ਹੋਣ ਕਰਕੇ, ਇਨ੍ਹਾਂ ਨੂੰ ਨਜਿੱਠਣ ਦੇ ਖੇਤਰ ਵਿਚ ਪਹਿਲਕਦਮੀ ਵੀ ਔਰਤਾਂ ਨੂੰ ਹੀ ਕਰਨੀ ਚਾਹੀਦੀ ਹੈ ਅਤੇ ਕਰਨੀ ਪੈਣੀ ਵੀ ਹੈ ਪਰ ਇਹ ਸਮੱਸਿਆਵਾਂ ਸਮੁੱਚੇ ਸਮਾਜ ਨਾਲ ਜੁੜੀਆਂ ਹੋਣ ਕਰਕੇ ਅਤੇ ਸੂਝਵਾਨ, ਸੰਵੇਦਨਸ਼ੀਲ ਮਰਦਾਂ ਦੇ ਨਾਲ ਸਾਂਝਾ ਸਰੋਕਾਰ ਰਖਦੀਆਂ ਹੋਣ ਕਰਕੇ, ਉਨ੍ਹਾਂ ਦੇ ਸਰਗਰਮ ਸਹਿਯੋਗ ਨਾਲ ਹੀ ਹੱਲ ਕੀਤੀਆਂ ਜਾ ਸਕਦੀਆਂ ਹਨ।
3. ਔਰਤਾਂ ਨੂੰ ਵਿਦਿਅਕ ਯੋਗਤਾ ਪ੍ਰਾਪਤ ਕਰਨ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਸਿੱਖਿਆ ਨਾਲ ਰੋਜ਼ਗਾਰ ਮਿਲਣ ਕਰਕੇ ਆਰਥਿਕ ਆਜ਼ਾਦੀ ਹੀ ਨਹੀ ਮਿਲਦੀ ਸਗੋਂ ਇਸ ਨਾਲ ਔਰਤ ਵਿਚ ਸਵੈਮਾਣ ਵੀ ਪੈਦਾ ਹੁੰਦਾ ਹੈ। ਉਸ ਦੀ ਆਮ ਸੂਝ ਦਾ ਵਿਕਾਸ ਵੀ ਹੁੰਦਾ ਹੈ।
4. ਔਰਤ ਦੀ ਮੁਕਤੀ ਸਬੰਧੀ ਵਿਗਿਆਨਕ ਤਕਨੀਕ ਨੇ ਸਭ ਤੋਂ ਅਹਿਮ ਰੋਲ ਅਦਾ ਕੀਤਾ ਹੈ। ਮਸ਼ੀਨ ਦੀ ਵਰਤੋਂ ਨੇ ਔਰਤ ਲਈ ਸਮਾਜਿਕ ਉਤਪਾਦਨ ਦੇ ਕੰਮਾਂ ਵਿਚ ਹਿੱਸਾ ਲੈਣਾ ਸੰਭਵ ਬਣਾਇਆ ਹੈ ਅਤੇ ਸੰਤਾਨ ਸੰਜਮ ਦੇ ਸਾਧਨਾਂ ਨੇ ਉਸਨੂੰ ਜੀਵ-ਵਿਗਿਆਨਕ ਪੱਧਰ ਤੇ ਬੇਲੋੜੇ ਕੁਦਰਤੀ ਬੋਝ ਤੋਂ ਨਿਜਾਤ ਦਿਵਾਈ ਹੈ। ਇਸ ਕਾਰਨ ਕਰਕੇ ਔਰਤ ਨੂੰ ਵਿਗਿਆਨਕ ਨਜ਼ਰੀਆ ਹੀ ਨਹੀਂ

ਅਪਨਾਉਣਾ ਚਾਹੀਦਾ ਸਗੋਂ ਵਿਗਿਆਨ ਨੂੰ ਮੁਕਤੀਦਾਤੇ ਵਜੋਂ ਅਗਾਂਹਵਧੂ ਹੋ ਕੇ ਅਪਨਾਉਣਾ ਚਾਹੀਦਾ ਹੈ।

5. ਔਰਤ ਨੂੰ ਸਾਰੇ ਧਰਮਾਂ ਨੇ ਥੋੜ੍ਹੇ ਬਹੁਤੇ ਸਮੇਂ ਸਥਾਨ ਦੇ ਫਰਕ ਨਾਲ ਦਬਾਅ ਕੇ ਰੱਖਿਆ ਹੈ ਅਤੇ ਉਸ ਦੀ ਮੌਜੂਦਾ ਸਥਿਤੀ ਨੂੰ ਰੱਬ ਦੀ ਇੱਛਾ ਬਣਾ ਕੇ ਪੇਸ਼ ਕੀਤਾ ਹੈ। ਉਨ੍ਹਾਂ ਸਭ ਧਾਰਮਿਕ ਰੀਤੀ ਰਿਵਾਜਾਂ, ਗ੍ਰੰਥਾਂ, ਪੀਰਾਂ-ਪੈਗੰਬਰਾਂ ਦਾ ਹਰ ਪੱਧਰ ਤੇ ਵਿਰੋਧ ਕਰਨਾ ਬਣਦਾ ਹੈ ਜੋ 'ਮਨੁੱਖੀ ਜਾਤੀ ਦੇ ਅੱਧ' ਨੂੰ ਛੁਟਿਆ ਕੇ ਚਲਦੇ ਹਨ। ਨਾਸਤਿਕਤਾ ਔਰਤ ਦੇ ਹੱਥ ਮਰਦ ਪ੍ਰਧਾਨ ਸਮਾਜ ਤੋਂ ਮੁਕਤੀ ਲਈ ਇਕ ਹਥਿਆਰ ਹੈ।
6. ਔਰਤ ਦੀ ਮੁਕਤੀ ਦਾ ਮਸਲਾ ਨਿੱਜੀ ਜਾਇਦਾਦ ਨਾਲ ਵੀ ਜੁੜਿਆ ਹੋਇਆ ਹੈ। ਜਿੰਨੀ ਦੇਰ ਤੱਕ ਜਾਇਦਾਦ ਅਧਾਰਤ ਸਮਾਜ ਦਾ ਖਾਤਮਾ ਨਹੀਂ ਹੋ ਜਾਂਦਾ ਓਨੀ ਦੇਰ ਤੱਕ ਘੱਟੋ ਘੱਟ ਔਰਤ ਨੂੰ ਵੀ ਮਰਦਾਂ ਵਾਂਗ ਹੀ ਪਿਤਾ ਪੁਰਖੀ ਜਾਇਦਾਦ ਵਿਚੋਂ ਹਿੱਸਾ ਮਿਲਣਾ ਚਾਹੀਦਾ ਹੈ।
7. ਸਮੁੱਚੇ ਸਮਾਜ ਨੂੰ ਖਾਸ ਕਰਕੇ ਔਰਤਾਂ ਨੂੰ ਆਪਣੀ ਕਾਮੁਕ ਪ੍ਰਵਿਰਤੀ ਨੂੰ ਸਮਾਜਕ ਦਬਾਅ ਅਧੀਨ ਗੁਨਾਹ ਵਾਂਗ ਲੈਣ ਦੀ ਥਾਂ ਤੇ ਇਕ ਕੁਦਰਤੀ ਪ੍ਰਵਿਰਤੀ ਵਜੋਂ ਲੈਣਾ ਚਾਹੀਦਾ ਹੈ ਅਤੇ ਸਮਾਜ ਵਿਚ ਔਰਤ ਤੇ ਮਰਦ ਦੋਹਾਂ ਦੇ ਕਾਮ-ਅਧਿਕਾਰਾਂ ਨੂੰ ਬਰਾਬਰਤਾ ਵਜੋਂ ਮਾਨਤਾ ਦਿਵਾਉਣ ਦੀ ਜ਼ਰੂਰਤ ਹੈ ਕਿ ਔਰਤ ਵਿਚ ਵੀ ਕਾਮ-ਭੁੱਖ ਉਸੇ ਤਰ੍ਹਾਂ ਹੁੰਦੀ ਜਿਵੇਂ ਕਿ ਮਰਦ ਵਿਚ।
8. ਆਧੁਨਿਕ ਸਮਾਜ ਦੇ ਵਿਚ ਹਰ ਮਨੁੱਖ ਦੇ ਜੀਵਨ ਨੂੰ ਵੋਟਾਂ ਪ੍ਰਭਾਵਿਤ ਕਰਦੀਆਂ ਹਨ। ਭਾਰਤ ਵਿਚ ਔਰਤਾਂ ਨੂੰ ਵੋਟ ਦਾ ਅਧਿਕਾਰ ਪ੍ਰਾਪਤ ਹੈ ਪਰ ਅਜੇ ਤੱਕ ਔਰਤਾਂ ਨੂੰ ਇਹ ਅਧਿਕਾਰ ਸੁਤੰਤਰ ਰੂਪ ਵਿਚ ਵਰਤਣ ਦੀ ਜਾਚ ਨਹੀਂ। ਜਿੱਥੇ ਔਰਤਾਂ ਨੂੰ ਆਪਣੇ ਇਸ ਹੱਕ ਨੂੰ ਸੋਚ-ਸਮਝ ਕੇ ਕੇਵਲ ਆਪਣੀ ਸੂਝ ਨਾਲ ਵਰਤਣ ਦੀ ਜ਼ਰੂਰਤ ਹੈ ਉਥੇ ਆਬਾਦੀ ਦੇ ਅਨੁਪਾਤ ਅਨੁਸਾਰ ਹਰ ਪੱਧਰ ਤੇ 50% ਸੀਟਾਂ ਔਰਤਾਂ ਲਈ ਸੁਰੱਖਿਅਤ ਕਰਨ ਲਈ ਦਬਾਅ ਪਾਉਣਾ ਚਾਹੀਦਾ ਹੈ।
9. ਔਰਤਾਂ ਦੀ ਆਮ ਸਿਹਤ ਬਹੁਤ ਜ਼ਿਆਦਾ ਮਾੜੀ ਹੁੰਦੀ ਹੈ। ਇਸ ਦਾ ਕਾਰਨ ਬਚਪਨ ਵਿਚ ਖਾਧ-ਖੁਰਾਕ ਵੱਲ ਮਾਪਿਆਂ ਵੱਲੋਂ ਵਿਤਕਰਾ ਕਰਨਾ ਅਤੇ ਸੰਤਾਨ ਉਤਪਤੀ ਦਾ ਭਾਰ ਔਰਤ ਸਿਰ ਹੋਣ ਕਾਰਨ ਹਰ ਮਹੀਨੇ ਸਰੀਰਕ ਤਕਲੀਫ ਉਠਾਉਣੀ ਹੈ। ਭਾਰਤ ਦੀਆਂ ਅੱਧੋ ਵੱਧ ਔਰਤਾਂ ਖ਼ੂਨ ਦੀ ਕਮੀ ਦਾ ਸ਼ਿਕਾਰ ਹਨ। ਔਰਤਾਂ ਦੀ ਸਿਹਤ ਬਾਰੇ ਖਿਆਲ ਰੱਖਣਾ ਸਮਾਜਕ ਜ਼ਿੰਮੇਵਾਰੀ ਹੈ ਕਿਉਂਕਿ ਤਾਕਤਵਾਰ ਔਰਤਾਂ ਹੀ ਤਾਕਤਵਾਰ ਕੌਮ ਨੂੰ ਜਨਮ ਦੇ ਸਕਣਗੀਆਂ।

10. ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਜੀਵ-ਵਿਗਿਆਨਕ ਪੱਖ ਤੋਂ ਔਰਤ ਅਤੇ ਮਰਦ ਸੰਤਾਨ ਉਤਪਤੀ ਲਈ ਇਕੋ ਨਸਲ ਦੇ ਦੋ ਵੱਖਰੇ ਵੱਖਰੇ ਜੀਵ ਹਨ। ਔਰਤ ਦੀ ਸਰੀਰਕ ਬਣਤਰ ਅਤੇ ਜ਼ਿੰਦਗੀ ਦਾ ਬਹੁਤਾ ਸਮਾਂ ਬੱਚੇ ਪੈਦਾ ਕਰਨ ਅਤੇ ਸਾਂਭਣ ਵਿਚ ਲਗਦਾ ਹੈ। ਪਰ ਉਸੇ ਦੇ ਇਸ ਕੰਮ ਨੂੰ ਸਮਾਜ ਦੇ ਇਕ ਅਹਿਮ ਕਾਰਜ ਵਜੋਂ ਮਾਨਤਾ ਦਿਵਾਉਣ ਦੀ ਲੋੜ ਹੈ ਕਿਉਂਕਿ ਮਰਦ ਜਿੱਥੇ ਆਪਣੇ ਲਈ ਜ਼ਿੰਦਗੀ ਜਿਉਂਦਾ ਹੈ ਉਤੇ ਔਰਤ ਆਪਣੇ ਨਿੱਜ ਦੀ ਥਾਂ ਸਮੁੱਚੀ ਮਨੁੱਖੀ ਨਸਲ ਨੂੰ ਤੋਰਨ ਲਈ ਆਪਣੀ ਜ਼ਿੰਦਗੀ ਦਾ ਵੱਧ ਸਮਾਂ ਅਤੇ ਸਰੀਰਕ ਸ਼ਕਤੀ ਲਗਾਉਂਦੀ ਹੈ।

ਮੰਗ

ਸਮੁੱਚੇ ਰੂਪ ਵਿਚ ਹਰ ਪ੍ਰੱਧਰ ਤੇ ਔਰਤ-ਮਰਦ ਦਰਮਿਆਨ ਵਿਤਕਰਾ ਖਤਮ ਕਰਨ ਦੀ ਜ਼ਰੂਰਤ ਹੈ। ਉਪਰੋਕਤ ਉਠਾਏ ਨੁਕਤਿਆਂ ਦੀ ਰੋਸ਼ਨੀ ਵਿਚ ਸਮਾਜ, ਸਰਕਾਰ ਅਤੇ ਪਰਿਵਾਰ ਤੋਂ ਕੁਝ ਮੰਗਾਂ ਕਰਨੀਆਂ ਬਣਦੀਆਂ ਹਨ ਕਿ

1. ਹਰ ਪੱਧਰ ਤੇ ਔਰਤ ਨਾਲ ਕੀਤਾ ਜਾਂਦਾ ਵਿਤਕਰਾ ਤੁਰੰਤ ਬੰਦ ਹੋਣਾ ਚਾਹੀਦਾ ਹੈ।
2. ਕਾਨੂੰਨੀ ਪੱਧਰ ਤੇ ਔਰਤ ਨੂੰ ਮਿਲੇ ਹੱਕਾਂ ਨੂੰ ਸਮਾਜਿਕ ਤੌਰ ਤੇ ਮਾਨਤਾ ਮਿਲਣੀ ਚਾਹੀਦੀ ਹੈ ਤੇ ਸਭਿਆਚਾਰਕ ਤੌਰ ਤੇ ਔਰਤਾਂ ਬਾਰੇ ਨਾਂਹ ਪੱਖੀ ਰਵੱਈਏ ਨੂੰ ਛੱਡਣਾ ਚਾਹੀਦਾ ਹੈ।
3. ਸਰਕਾਰ ਤੋਂ ਮੰਗ ਕੀਤੀ ਜਾਂਦੀ ਹੈ ਕਿ ਉਹ ਕੇਵਲ ਕਾਨੂੰਨ ਬਣਾ ਕੇ ਹੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਸਕਦੀ ਸਗੋਂ ਲਾਗੂ ਕਰਾਉਣਾ ਵੀ ਉਸ ਦੀ ਜ਼ਿੰਮੇਵਾਰੀ ਹੈ।

***

ਪੀਪਲਜ਼ ਫ਼ੋਰਮ ਦੇ ਉਦੇਸ਼

1. ਸਿਹਤ, ਸਿੱਖਿਆ, ਸਭਿਆਚਾਰ ਅਤੇ ਵਾਤਾਵਰਣ ਪ੍ਰਤੀ ਸੰਵਾਦ ਅਤੇ ਜਾਗਰੂਕਤਾ ਲਈ ਯਤਨਸ਼ੀਲ।
   Working towards creating awareness and constuctive dialogue in the fields of education, health, culture and environment.
2. ਉਸਾਰੂ ਸਮਾਜਿਕ ਕਦਰਾਂ-ਕੀਮਤਾਂ ਸਿਰਜਣ ਹਿੱਤ ਧਰਮ, ਨਸਲ, ਲਿੰਗ, ਜਾਤਪਾਤ ਅਤੇ ਊਚ ਨੀਚ ਅਧਾਰਿਤ ਵਖਰੇਵਿਆਂ ਦੇ ਖਾਤਮੇ ਅਤੇ ਸਭਨਾਂ ਲਈ ਸਮਾਨ ਮੌਕਿਆਂ ਵਾਸਤੇ ਯਤਨ।
   Working for equal opportunities for all irrespective of religion, race, gender and caste and fighting such discrimination for the creation of constructive social values.
3. ਵਰਤਮਾਨ ਸਮਾਜਿਕ ਸਰੋਕਾਰਾਂ ਪ੍ਰਤੀ ਲੋਕ ਰਾਇ ਦੀ ਉਸਾਰੀ ਕਰਨਾ।
   To create public opinion regarding current social concerns.
4. ਵਿਗਿਆਨਕ ਸੋਚ ਨੂੰ ਜਨ ਚੇਤਨਾ ਦਾ ਹਿੱਸਾ ਬਣਾਉਣਾ।
   To inculcate scientific temper among masses.
5. ਨੌਜਵਾਨ ਵਰਗ ਨੂੰ ਭਵਿੱਖਮਈ ਚੁਣੌਤੀਆਂ ਦੇ ਹਾਣੀ ਬਨਾਉਣਾ।
   To prepare young generation for dealing with challenges of future.
6. ਪੇਂਡੂ ਵਿਦਿਆਰਥੀ ਪ੍ਰਤਿਭਾ ਨੂੰ ਪੁੰਗਰਣ ਪਲ੍ਰਰਨ ਦੇ ਮੌਕੇ ਪ੍ਰਦਾਨ ਕਰਦਿਆਂ ਨਰੋਈ ਅਤੇ ਸਿਹਤਮੰਦ ਸੋਚ ਦੇ ਧਾਰਨੀ ਬਨਾਉਣਾ।
   To provide opportunities for development of talent and create healthy and progressive thinking among rural students.
7. ਸਾਹਿਤ ਨੂੰ ਲੋਕ ਚੇਤਨਾ ਦਾ ਅਹਿਮ ਹਿੱਸਾ ਸਮਝਦਿਆਂ ਪੁਸਤਕਾਂ, ਪੋਸਟਰਾਂ, ਕੈਲੰਡਰ ਅਤੇ ਸੀ. ਡੀਜ਼ ਦੇ ਪ੍ਰਕਾਸ਼ਨ ਸਮੇਤ ਵਿਭਿੰਨ ਸਰਗਰਮੀਆਂ ਰਾਹੀਂ ਸ਼ਬਦ ਸਭਿਆਚਾਰ ਲਈ ਯਤਨਸ਼ੀਲ।
   Publication of good books, posters, calenders & C.Ds. etc. to create literary environment as literature plays very important role in building social consciousness.
8. ਵਿਭਿੰਨ ਲੋਕ ਕਲਾਵਾਂ ਦੇ ਵਿਕਾਸ ਅਤੇ ਪਾਸਾਰ ਲਈ ਯਤਨ।
   To make efforts for development and expansion of different forms of folk arts.
9. ਮਨੁੱਖੀ ਹੋਂਦ ਨੂੰ ਦਰਪੇਸ਼ ਗੰਭੀਰ ਆਲਮੀ ਖਤਰਿਆਂ ਪ੍ਰਤੀ ਜਾਗਰੂਕਤਾ ਅਤੇ ਸਮੂਹਿਕ ਜ਼ਿੰਮੇਵਾਰੀ ਪੈਦਾ ਕਰਨ ਦੀਆਂ ਕੋਸ਼ਿਸ਼ਾਂ।
   To create awareness and sense of collective responsibility for serious global challenges confronting human existence.
10. ਲੋਕ ਚੇਤਨਾ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਸਿੱਖਿਆ, ਸਾਹਿਤ, ਕਲਾ, ਸੰਗੀਤ ਅਤੇ ਵਿਗਿਆਨ ਆਦਿ ਖੇਤਰਾਂ ਦੇ ਵਧੇਰੇ ਵਿਕਾਸ ਉਤੇ ਜ਼ੋਰ।
    Making efforts to enhance peoples consciousness through education, literature, art, music and science.

ਸੰਪਰਕ ਪਤਾ : **ਪੀਪਲਜ਼ ਫ਼ੋਰਮ (ਰਜਿ:)**
ਬਰਗਾੜੀ, ਫਰੀਦਕੋਟ - 151208 (ਪੰਜਾਬ), ਫੋਨ : 01635-244053, 98729-89313

ਪੀਪਲਜ਼ ਫ਼ੋਰਮ, ਬਰਗਾੜੀ ਦੇ ਪ੍ਰਕਾਸ਼ਨ

1.	ਬਿੱਲੀ ਮਾਸੀ ਸ਼ੇਰ ਦੀ (ਬਾਲ ਕਾਵਿ ਸੰਗ੍ਰਹਿ)	30/-
2.	ਭਗਤ ਸਿੰਘ ਅਤੇ ਸਾਥੀ ਜੇਲ੍ਹਾਂ ਵਿੱਚ	25/-
3.	ਸ਼ਹੀਦ ਸੁਖਦੇਵ, ਕ੍ਰਾਂਤੀਕਾਰੀ ਸੰਘਰਸ਼ ਦਾ ਸੂਤਰਧਾਰ	50/-
4.	ਬਚਪਨ ਵੱਲ ਖੁੱਲ੍ਹਦੀ ਖਿੜਕੀ (ਜੀਵਨ ਯਾਦਾਂ)	40/-
5.	ਸਕੂਲ ਵੱਲ ਜਾਂਦੀਆਂ ਪੈੜਾਂ (ਜੀਵਨ ਯਾਦਾਂ)	40/-
6.	ਚਾਰਲਸ ਡਾਰਵਿਨ (ਜੀਵਨ ਕਥਾ)	25/-
7.	ਐਲਫਰੈੱਡ ਨੋਬੈਲ (ਜੀਵਨ ਕਥਾ)	25/-
8.	ਪਰਵਾਜ਼ ਦੀਆਂ ਪੈੜਾਂ (ਲੇਖਕਾਂ ਦੀਆਂ ਜੀਵਨ ਯਾਦਾਂ)	50/-
9.	ਸ੍ਰੀ ਰੁਚੀ ਰਾਮ ਸਾਹਨੀ (ਸਵੈ ਜੀਵਨੀ)	50/-
10.	ਜਦੋਂ ਡੈਡੀ ਛੋਟੇ ਹੁੰਦੇ ਸੀ	40/-
11.	ਪਹਿਲਾ ਅਧਿਆਪਕ	30/-
12.	ਭਗਤ ਸਿੰਘ ਹੋਣ ਦਾ ਅਰਥ	40/-
13.	ਖਿਡੌਣਿਆਂ ਦਾ ਬਸਤਾ	40/-
14.	ਕੈਰੀਅਰ ਚੋਣ ਕਿਵੇਂ ਕਰੀਏ	80/-
15.	ਫਲਾਇੰਗ ਸਿੱਖ ਮਿਲਖਾ ਸਿੰਘ	70/-
16.	ਵਿਸ਼ਵ ਪ੍ਰਸਿੱਧ ਕਥਨ	50/-
17.	ਸੂਰਜ ਦਾ ਸਫਰ-ਭਗਤ ਸਿੰਘ	50/-
18.	ਮਨੁੱਖ ਮਾਊਂਟ ਐਵਰੈਸਟ ਤੇ ਕਿਵੇਂ ਚੜ੍ਹਿਆ	25/-
19.	ਖਗੋਲ ਵਿਗਿਆਨ ਦਾ ਸਫਰ	20/-
20.	ਸਾਨੂੰ ਧਰਤੀ ਦੀ ਸ਼ਕਲ ਦਾ ਪਤਾ ਕਿਵੇਂ ਲੱਗਿਆ	25/-
21.	ਗਿਆਨ ਗੰਗਾ	70/-
22.	ਆਈਨਸਟਾਈਨ ਦੇ ਸਮਾਜਿਕ ਸਰੋਕਾਰ	30/-
23.	ਮਨੁੱਖ ਮਨੁੱਖ ਕਿਵੇਂ ਬਣਿਆ	25/-
24.	ਅਸਮਾਨ ਨੀਲਾ ਕਿਉਂ ਹੁੰਦਾ ਹੈ	20/-
25.	ਵਿਗਿਆਨ ਸਮਾਜਿਕ ਨਜ਼ਰੀਆ ਕਿਉਂ ਨਹੀਂ ਬਣਿਆ	25/-
26.	ਨਿੱਕੀਆਂ ਗੱਲਾਂ ਵੱਡੀਆਂ ਖੋਜਾਂ	25/-
27.	ਸਿੱਖਿਆ ਦਾ ਅਧਿਕਾਰ ਕਾਨੂੰਨ	25/-
28.	ਇਹੋ ਜਿਹੇ ਸਨ ਸਾਡੇ ਬਚਪਨ ਦੇ ਦਿਨ (ਜੀਵਨ ਯਾਦਾਂ)	70/-
29.	ਵਿਗਿਆਨੀ ਜਿੰਨਾਂ ਦੁਨੀਆਂ ਬਦਲ ਦਿੱਤੀ ਭਾਗ-1	40/-
30.	ਵਿਗਿਆਨੀ ਜਿੰਨਾਂ ਦੁਨੀਆਂ ਬਦਲ ਦਿੱਤੀ ਭਾਗ-2	40/-
31.	ਫ਼ਰੀਦਕੋਟ ਰਿਆਸਤ ਦਾ ਇਤਿਹਾਸ	50/-

32. ਕਦੇ ਨਾ ਬੁਝਣ ਵਾਲਾ ਦੀਵਾ (ਬਾਲ ਕਹਾਣੀਆਂ) 40/-
33. ਭੂਤਾਂ ਵਾਲਾ ਖੂਹ (ਮਹਿਮਾਨ ਬਾਲ ਕਹਾਣੀਆਂ) 25/-
34. ਇਕ ਸਮੁੰਦਰ ਪਾਰ (ਪਾਕਿਸਤਾਨੀ ਪੰਜਾਬੀ ਨਾਵਲ) 50/-
35. ਦੌੜ (ਨਾਵਲ) ਮਮਤਾ ਕਾਲੀਆ 40/-
36. ਚਾਰਲਸ ਡਾਰਵਿਨ (ਸਵੈ ਜੀਵਨੀ) 50/-
37. ਖਪਤਵਾਦ, ਪੂੰਜੀਵਾਦ ਅਤੇ ਵਾਤਾਵਰਣ 30/-
38. ਆਪਣੀ ਹੀ ਮੌਤ ਨੂੰ 'ਵਾਜ਼ਾਂ ਮਾਰ ਰਿਹਾ ਹੈ ਮਨੁੱਖ 80/-
39. ਔਰਤ-ਦਸ਼ਾ ਅਤੇ ਦਿਸ਼ਾ 50/-
40. ਬਾਲ ਮਨੋ ਵਿਗਿਆਨ ਕਿਵੇਂ ਸਮਝੀਏ? 60/-

ਸੰਪਰਕ ਪਤਾ : **ਪੀਪਲਜ਼ ਫ਼ੋਰਮ (ਰਜਿ:)**
ਬਰਗਾੜੀ, ਫਰੀਦਕੋਟ - 151208 (ਪੰਜਾਬ)
ਫੋਨ : 01635-244053, 98729-89313



ਚਰਨਜੀਤ ਕੌਰ (ਡਾ.)

ਨੌਕਰੀ ਪੇਸ਼ਾ ਔਰਤ ਦੋ ਪੁੜਾਂ ਵਿਚਕਾਰ ਪਿਸ ਰਹੀ ਹੈ। ਦਫ਼ਤਰ, ਬਾਜ਼ਾਰ ਜਾਂ ਕਾਰਖਾਨੇ ਵਿਚ ਮਰਦ ਦੇ ਬਰਾਬਰ ਕੰਮ ਕਰਕੇ ਘਰ ਦੇ ਸਾਰੇ ਕੰਮ ਬੋਝ ਨੂੰ ਉਠਾਉਣਾ ਬਹੁਤ ਸਾਰੇ ਮਾਨਸਿਕ ਰੋਗਾਂ ਦੀ ਜੜ੍ਹ ਹੈ। ਮਰਦਾਂ ਵੱਲੋਂ ਇਕ ਪਾਸੇ ਨੌਕਰੀ ਦੀ ਆਗਿਆ ਦੇਣੀ, ਦੂਜੇ ਪਾਸੇ ਹਰ ਸਮੇਂ ਸ਼ੱਕ ਦੀ ਨਜ਼ਰ ਰੱਖਣੀ, ਸੱਸ-ਸਹੁਰੇ ਵੱਲੋਂ ਇਕ ਪਾਸੇ ਚੜ੍ਹਦੇ ਮਹੀਨੇ ਤਨਖ਼ਾਹ ਫੜ੍ਹ ਲੈਣੀ, ਦੂਜੇ ਪਾਸੇ 'ਸੇਵਾ ਕਰਵਾਉਣ' ਦੀ ਆਸ ਰੱਖਣੀ, ਪਤੀ ਵੱਲੋਂ ਇਕ ਪਾਸੇ ਘਰ ਦੀ ਚਾਰ-ਦੀਵਾਰੀ ਵਿਚ ਕੈਦ ਰੱਖਣਾ, ਦੂਜੇ ਪਾਸੇ ਹਰ ਸਮੇਂ ਸਜੀ-ਸੰਵਰੀ ਆਧੁਨਿਕ ਔਰਤ ਦਾ ਸਾਥ ਚਾਹੁਣਾ ਆਦਿ ਅਜਿਹੀਆਂ ਗੁੰਝਲਾਂ ਹਨ ਜੋ ਅਜੀਬੋ-ਗਰੀਬ ਮਾਨਸਿਕ ਸਮੱਸਿਆਵਾਂ ਨੂੰ ਜਨਮ ਦਿੰਦੀਆਂ ਹਨ।

PEOPLE'S FORUM
Bargari, Punjab
NGO Estd. 2000
ਪੀਪਲਜ਼ ਫ਼ੋਰਮ
ਬਰਗਾੜੀ, ਪੰਜਾਬ
www.peoplesforumpunjab.com

978-81-910581-3-1
₹ 50/-